# ਵਰਿਆਮ

ਨਵੰਬਰ-ਦਸੰਬਰ ੧੯੯੪

ਦਮ ਦਿੱਤਿਆਂ ਬਾਝ ਨਹੀਂ ਦਮ ਮਿਲਦਾ
ਬਿਨਾਂ ਦਮ ਦੇ ਢੋਏ ਨਹੀਂ ਢੋਏ ਜਾਂਦੇ

ਬਾਝ ਖ਼ੁਸ਼ੀ ਦੇ ਹੱਸਿਆ ਨਹੀਂ ਜਾਂਦਾ
ਰੋਣੇ ਗ਼ਮਾਂ ਦੇ ਬਾਝ ਨਹੀਂ ਰੋਏ ਜਾਂਦੇ

ਦਰਦ ਬਾਝ ਨਹੀਂ ਸੀਨੇ ਵਿਚ ਛੇਕ ਪੈਂਦੇ
ਛੇਕਾਂ ਬਾਝ ਨਹੀਂ ਮੋਤੀ ਪਰੋਏ ਜਾਂਦੇ

'ਸ਼ਰਫ਼' ਦਾਗ਼ ਗੁਲਾਮੀ ਦੇ ਦੇਸ਼ ਉਤੋਂ
ਕੌਮੀ ਅਣਖ ਦੇ ਬਾਝ ਨਹੀਂ ਧੋਏ ਜਾਂਦੇ

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)




Sri Satguru Jagjit Singh Ji eLibrary NamdhariElibrary@gmail.com

**HIGH CLASS GUN MANUFACTURERS**

**(SINGLE & DOUBLE BARRELS) 12-BORE GUNS**

**ALSO SALE & PURCHASES OF**

**IND1AN & IMPORTED (12-Bore Guns, Revolvers/Pistols N. P· Bore) Guns**

**Also Repairers of all Types of Guns**



# Once Purchased Ever Purchased

**Best Quality of The Day is Our Motto**

**Contact Us With Full Confidence :**

**Hello : 533810**

# Free India Gun Manufatcurers

**Prop : S. KARTAR SINGH (JAMMU-WALE)**
**6 Industrial Estate, Ashok Nagar,**
**Jammu Cantt.-3**

**Sister Concern :**

**M/s KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari


Phone : 61040
Code : 01824

**For Fitting Diesel Engines in Foreign**

**&**

**Indian Car Bodies**



Specialists in :

**Mercedes Benz Car Repairing**

# Amarjit Motor Garage

**G. T. ROAD, Opp. JALANDHAR OCTROI POST,**

**PHAGWARA**




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥


# AMAN HANDLOOMS

Deals in :

* Curtain Cloth,
* Bed Sheets,
* Bed Covers,
* Towel Lungis etc.

**S.C.O. 847-48, Basement (New Cloth Market)**
**Sector 22-A, Chandigarh—160022**

**Phones** :—Shop 27940, Resi. 20953 (Pawittar Singh) ; Resi. 21848 (Surinderpal Singh)




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਨਵੰਬਰ-ਦਸੰਬਰ-੧੯੯੪ ਜਿਲਦ-੨੦ ਅੰਕ—੧-੨

## ਤਤਕਰਾ


| | |
|---|---|
| ਗਿਆਨੀ ਜ਼ੈਲ ਸਿੰਘ ਜੀ ਯਾਦਾਂ ਦੇ ਝਰੋਖੇ ਚੋਂ ਹ. ਸ. ਹੰਸਪਾਲ | ੫ |
| ਸਮ ਭੁੱਲੇ ਸੋ ਸੰਤ-ਗੁਰਬਚਨ ਸਿੰਘ ਨਾਮਧਾਰੀ | ੯ |
| ਮਹਿੰਦਰ ਸਿੰਘ ਸਰਨਾ-ਵਰਿਆਮ ਸਿੰਘ ਸੰਧੂ | ੧੩ |
| ਲਧੇਵਾਲਾ ਵੜੈਚ (ਕਹਾਣੀ) ਮਹਿੰਦਰ ਸਿੰਘ ਸਰਨਾ | ੧੫ |
| ਸ਼ਰਾਬ-ਸੁਰਜੀਤ ਖੁਰਸ਼ੀਦੀ | ੨੧ |
| ਨੇਕੀ ਬਦੀ ਦੀ ਵਾਰ-ਜਸਵੰਤ ਸਿੰਘ ਰਾਹੀ | ੨੨ |
| ਗ਼ਜ਼ਲ-ਕਰਤਾਰ ਸਿੰਘ ਪੰਛੀ | ੨੩ |
| ਰਾਏਕੋਟ ਲੁਧਿਆਣਾ ਦਾ ਸ਼ਹੀਦੀ ਸਾਕਾ -ਨਾਹਰ ਸਿੰਘ | ੨੪ |
| ਭਾਰਤੀ ਚਿੰਤਨ 'ਚ ਪ੍ਰਤੀਕਵਾਦ-ਤਰਲੋਕ ਮਨਸੂਰ | ੩੪ |
| ਛੱਵੀਆਂ ਦੀ ਰੁੱਤ-ਜਗਦੀਸ਼ ਸਿੰਘ | ੩੯ |
| ਆਤਮਾ ਦਾ ਬੋਝ-ਪ੍ਰੀਤਮ ਸਿੰਘ ਪੰਛੀ | ੩੯ |
| ਸ਼ਹਿਨਾਈ ਸਮਰਾਟ ਉਸਤਾਦ ਬਿਸਮ ਅੱਲ੍ਹਾ ਖਾਂ -ਰਾਮਾਸ਼ੀਸ਼ ਵਿਸ਼ਵਨਾਥ | ੪੧ |
| ਖਬਰਨਾਮਾ | ੪੫ |
| ਪ੍ਰਤਿਕ੍ਰਿਆ | ੫੦ |



### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

### ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ,, |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੩੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ ,, |


# ਗਿਆਨੀ ਜ਼ੈਲ ਸਿੰਘ ਜੀ

ਗਿਆਨੀ ਜ਼ੈਲ ਸਿੰਘ ਜੀ ਦੇ ਸੰਸਾਰ ਰੰਗ ਮੰਚ ਤੋਂ ਵਿਦਾਅ ਲੈਣ ਨਾਲ ਇਤਿਹਾਸ ਦਾ ਇਕ ਅਧਿਆਏ ਸਮਾਪਤ ਹੋ ਗਿਆ ਹੈ।

ਇਤਿਹਾਸ ਤੇ ਮੋੜਵੀਂ ਝਾਤ ਮਾਰੀਏ ਤਾਂ ਸਦੀਆਂ ਤਕ ਕੋਈ ਵੀ ਪੰਜਾਬੀ ਦਿੱਲੀ ਦੇ ਤਖਤ ਤੇ ਬਿਰਾਜਮਾਨ ਹੋਇਆ ਨਹੀਂ ਦਿਸਦਾ। ਸਿੱਖ ਸਮਾਜ ਵਿਚ ਵੀ ਬੜੇ ਰਾਜੇ-ਮਹਾਰਾਜੇ ਉੱਭਰੇ। ਸੂਰਬੀਰ ਜੋਧੇ ਜਰਨੈਲ ਵੀ ਹੋਏ, ਜਿਨ੍ਹਾਂ ਕਾਬਲ ਕਸ਼ਮੀਰ ਲੱਦਾਖ ਤਕ ਮੱਲਾਂ ਮਾਰੀਆਂ। 'ਰਾਜ ਕਰੇਗਾ ਖਾਲਸਾ' ਦੇ ਨਾਅਰੇ ਗੂੰਜਦੇ ਰਹੇ, ਪਰ ਕੁਦਰਤ ਦਾ ਕ੍ਰਿਸ਼ਮਾ ਵੇਖੋ ਜਦੋਂ ਦਿੱਲੀ ਦੇ ਸਿੰਘਾਸਨ ਤੇ ਕਿਸੇ ਵੀ ਸਿੱਖ ਦੇ ਬੈਠਣ ਦੀ ਵਾਰੀ ਆਈ ਤਾਂ ਉਹ ਕੋਈ ਰਈਸ ਰਾਜਾ ਮਹਾਰਾਜਾ ਨਹੀਂ ਸੀ, ਸਗੋਂ ਮਹਾਰਾਜਿਆਂ ਦੇ ਖਿਲਾਫ਼ ਸੰਘਰਸ਼ ਕਰਨ ਵਾਲਾ ਕਿਰਤੀ ਕਿਸਾਨ ਅਤੇ ਆਮ ਲੋਕਾਂ ਵਿਚ ਬੈਠਣ ਉਠਣ ਵਾਲਾ ਅਮਲੀ ਸੰਘਰਸ਼ 'ਚੋਂ ਨਿਕਲਿਆ ਬੰਦਾ ਗਿਆਨੀ ਜ਼ੈਲ ਸਿੰਘ ਸੀ। ਗਿਆਨੀ ਜੀ ਦੀ ਤੀਸਰੀ ਅੱਖ ਬੜੀ ਤੇਜ਼ ਸੀ। ਕਿਹਾ ਜਾਂਦਾ ਹੈ ਕਿ ਉਹ ਸਾਧਾਰਨ ਪੜ੍ਹੇ ਹੋਏ ਵਿਅਕਤੀ ਸਨ। ਪਰ ਜਿਸ ਨੇ ਗੁਰਬਾਣੀ ਦਾ ਗੂੜ੍ਹ ਅਧਿਐਨ ਕੀਤਾ ਹੋਵੇ ਉਹ ਸਾਧਾਰਨ ਪੜ੍ਹਿਆ ਨਹੀ ਰਹਿ ਜਾਂਦਾ।

ਸਿਆਸੀ ਉਤਾਰ ਚੜ੍ਹਾਅ ਸਭ ਤੇ ਆਉਂਦੇ ਹਨ ਅਤੇ ਗਿਆਨੀ ਜੀ ਤੇ ਵੀ ਆਏ ਪਰ ਉਹ ਸਦਾ ਮਜ਼ਬੂਤ ਪੈਰਾਂ ਤੇ ਹੀ ਰਹੇ। ਮੰਤਰੀ, ਪ੍ਰਧਾਨ ਜਾਂ ਪੰਜਾਬ ਦੇ ਮੁਖ ਮੰਤਰੀ ਹੁੰਦਿਆਂ ਉਹਨਾਂ ਸਿਆਸੀ ਸਰਗਰਮੀ ਦੀ ਪਹਿਲ ਸਦਾ ਆਪਣੇ ਹੱਥ ਹੀ ਰੱਖੀ। ਆਪਣੀ ਪਾਰੀ ਉਹਨਾਂ ਨਿਰਵਿਘਨ ਪੂਰੀ ਕੀਤੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਵਜੋਂ ਵੀ ਉਹਨਾਂ ਆਪਣੇ ਕੰਮ ਦੀ ਗੂਹੜੀ ਛਾਪ ਛੱਡੀ। ਉਹ ਸਭ ਤੋਂ ਵਧ ਸਰਗਰਮ ਅਤੇ ਅੰਤ ਤਕ ਖਬਰਾਂ ਵਿਚ ਜੀਵਤ ਰਾਸ਼ਟਰਪਤੀ ਰਹੇ। ਇਹ ਭਵਿਖ ਦੀ ਕੁੱਖ ਵਿਚ ਛਿਪਿਆ ਇਤਿਹਾਸ ਹੀ ਦਸੇਗਾ ਕਿ ਕੋਈ ਹੋਰ ਪੰਜਾਬੀ ਏਡੀ ਉੱਚੀ ਪਦਵੀ ਤੇ ਕਦੀ ਪਹੁੰਚਦਾ ਹੈ ਜਾਂ ਨਹੀਂ।

ਇਹ ਅੰਕ ਤਕਰੀਬਨ ਸਾਰਾ ਛਪ ਚੁਕਾ ਸੀ ਜਦੋਂ ਉਹਨਾਂ ਸਵਾਸ ਤਿਆਗੇ। ਇਸ ਵਾਸਤੇ ਵੱਡੇ ਮਨੁੱਖ ਨੂੰ ਥੋਹੜੇ ਸ਼ਬਦਾਂ ਵਿਚ ਹੀ ਸ਼ਰਧਾ ਪੁਸ਼ਪ ਭੇਟ ਕਰ ਰਹੇ ਹਾਂ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਗਿਆਨੀ ਜ਼ੈਲ ਸਿੰਘ ਜੀ
# ਯਾਦਾਂ ਦੇ ਝਰੋਖੇ ਚੋਂ

—ਹਰਵਿੰਦਰ ਸਿੰਘ ਹੰਸਪਾਲ

ਸਾਬਕ ਮੈਂਬਰ ਰਾਜ ਸਭਾ

ਭਾਰਤ ਦੇ ਸੱਤਵੇਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ੨੫ ਦਸੰਬਰ ੧੯੯੪ ਸਵੇਰੇ ਸੱਤ ਵਜ ਕੇ ਚਾਲੀ ਮਿੰਟਾਂ ਤੇ ਚੰਡੀਗੜ੍ਹ ਦੇ ਪੀ. ਜੀ. ਆਈ. ਹਸਪਤਾਲ ਵਿਖੇ ਪੰਜ ਭੂਤਕ ਸਰੀਰ ਤਿਆਗ ਕੇ ਹਮੇਸ਼ਾਂ ਵਾਸਤੇ ਇਸ ਸੰਸਾਰ ਤੋਂ ਪਿਆਨਾ ਕਰ ਗਏ। ਗਿਆਨੀ ਜੀ ਦੀ ਅਤਿਅੰਤ ਮਹੱਤਵਪੂਰਨ ਯਾਤਰਾ ਦਾ ਵੀ ਅੰਤ ਆਖ਼ਿਰ ਹੋਣਾ ਸੀ, ਇਹ ਕਿਸੇ ਦੇ ਵੱਸ ਤੋਂ ਬਾਹਰਲੀ ਗਲ ਹੈ।

ਬਾਦਿਸ਼ਾਹ ਸਾਹ ਉਮਰਾਵ ਖਾਨ, ਢਾਹਿ ਡੇਰੇ ਜਾਸੀ ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ।

ਗਿਆਨੀ ਜੀ ਦੀ ਗਾਥਾ ਨਿਰੰਤਰ ਸੰਘਰਸ਼ ਦੀ ਬੜੀ ਰੌਸ਼ਨੀ ਵਾਲੀ ਜੀਵਨ ਗਾਥਾ ਹੈ। ਪੰਜਾਬ ਦੇ ਇਕ ਸਾਧਾਰਨ ਪਿੰਡ ਵਿਚ ਇਕ ਸਾਧਾਰਨ ਪਰਵਾਰ ਵਿਚ, ਸਾਧਾਰਨ ਪਿਛੋਕੜ ਚੋਂ ਨਿਕਲ ਕੇ ਅਤੀ ਸਾਧਾਰਨ ਵਿਦਿਆ ਪ੍ਰਾਪਤ ਕਰਕੇ ਅਤੇ ਸਾਧਾਰਨ ਸਾਧਨਾਂ ਦੇ ਬਾਵਜੂਦ ਅਕਾਲ ਪੁਰਖ ਨੇ ਉਹਨਾਂ ਨੂੰ ਐਸੀ ਸੂਝ ਸਮਝ ਬਖਸ਼ੀ ਸੀ, ਜਿਸ ਨਾਲ ਗਿਆਨੀ ਜੀ ਨੂੰ ਭਾਰਤ ਦੀ ਸਰਵੋਚ ਅਤੇ ਸਰਵ ਉਤਮ ਪਦਵੀ ਪ੍ਰਾਪਤ ਹੋਈ। ਉਹ ਅਕਸਰ ਆਖਦੇ ਸੀ ਇਸ ਸੰਸਾਰ ਦੀ ਭੀੜ ਚੋਂ ਅੱਗੇ ਲੰਘਣ ਵਾਸਤੇ ਸੰਘਰਸ਼ ਤੇ ਕਰਨਾ ਹੀ ਪੈਂਦਾ ਹੈ, ਮੋਢੇ ਮਾਰ ਕੇ ਹੀ ਅੱਗੇ ਲੰਘਿਆ ਜਾ ਸਕਦਾ ਹੈ, ਮਾੜੇ ਨੂੰ ਤੇ ਲੋਕ ਲਤਾੜ ਕੇ ਸੁਟ ਦੇਂਦੇ ਹਨ।

ਚਾਰ ਸਰਕੂਲਰ ਰੋਡ, ਨਵੀਂ ਦਿੱਲੀ, ਗਿਆਨੀ ਜੀ ਦੀ ਰਾਸ਼ਟਰਪਤੀ ਪੱਦ ਤੋਂ ਰਿਟਾਇਰ ਹੋਣ ਉਪਰੰਤ, ਸਰਕਾਰੀ ਰਿਹਾਇਸ਼ਗਾਹ ਸੀ। ਦੋਸਤਾਂ ਮਿੱਤਰਾਂ, ਹਰ ਪੱਖ ਦੇ ਰਾਜਸੀ ਆਗੂਆਂ ਤੇ ਸਾਧਾਰਨ ਵਰਕਰਾਂ ਵਾਸਤੇ ਇਸ ਘਰ ਦੇ ਦਰਵਾਜ਼ੇ ਸਦਾ ਖੁਲ੍ਹੇ ਰਹਿੰਦੇ ਸੀ। ਜੋ ਭੀ ਉਹਨਾਂ ਪਾਸ ਜਾਂਦਾ, ਖਿੜੇ ਮੱਥੇ ਸਭ ਦੀ ਗਲ ਸੁਣਦੇ। ਸਹੀ ਸਲਾਹ ਦੇਂਦੇ ਅਤੇ ਹਰ ਇਨਸਾਨ ਇਹ ਮਹਿਸੂਸ ਕਰਦਾ ਗਿਆਨੀ ਜੀ ਮੇਰੇ ਆਪਣੇ ਹੀ ਹਨ। ਉਹ ਆਮ ਕਰਕੇ ਜੇਠੇ ਸਿਆਸਤਦਾਨ ਦੇ ਤੌਰ ਤੇ ਸਤਿਕਾਰੇ ਜਾਂਦੇ ਰਹੇ।

ਆਪਣੀ ਜ਼ਬਰਦਸਤ ਸੂਝ ਬੂਝ ਕਰਕੇ ਹੀ ਉਹ ਪੈਪਸੂ ਦੀ ਸਿਆਸਤ ਉਪਰੰਤ ਪੰਜਾਬ ਕਾਂਗਰਸ ਦੇ ਪ੍ਰਧਾਨ ਫਿਰ ਪੰਜਾਬ ਦੇ ਸਫਲ ਮੁਖ ਮੰਤਰੀ, ੧੯੮੦ ਵਿਚ ਭਾਰਤ ਦੇ ਗ੍ਰਹਿ ਮੰਤਰੀ ਅਤੇ ੧੯੮੨ ਵਿਚ ਭਾਰਤ ਦੇ ਰਾਸ਼ਟਰਪਤੀ ਬਣੇ।

ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਤੇ ੧੯੫੯ ਤੋਂ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਪ੍ਰਤੀ ਗਿਆਨੀ ਜੀ ਦੀ ਸ਼ਰਧਾ ਅਗਾਧ ਰਹੀ ਹੈ। ਉਹ ਅਕਸਰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਵਾਸਤੇ ਆਪੇ ਹੀ ਪਹੁੰਚ ਜਾਂਦੇ। ਉਹਨਾਂ ਬਗੈਰ ਦਸਿਆਂ ਕਈ ਵਾਰੀ ਲੰਗਰ ਵਿਚੋਂ ਪ੍ਰਸ਼ਾਦਾ ਛਕਣਾ, ਜਦੋਂ ਪਤਾ ਲਗਣਾ ਕਿ ਸਤਿਗੁਰੂ ਜੀ ਬਾਹਰ ਦੌਰੇ ਤੇ ਹਨ, ਤਾਂ ਪਰਤ ਜਾਣਾ। ਮਲੇਰਕੋਟਲੇ ੧੭, ੧੮ ਜਨਵਰੀ ਨੂੰ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਮੇਲਾ ਹੁੰਦਾ ਹੈ, ਉਥੇ ਅਕਸਰ ਪਹੁੰਚ ਕੇ ਸ਼ਹੀਦਾਂ ਪ੍ਰਤੀ ਅਕੀਦਤ ਪੇਸ਼ ਕਰਦੇ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸ਼ਰਧਾ ਦੇ ਨਾਲ ਨਾਲ ਉਹਨਾਂ ਦੇ ਮਿਤਰਾਂ ਵਾਲੇ ਸੰਬੰਧ ਰਹੇ ਹਨ। ਕਈ ਵਾਰੀ ਅਰਜ਼ ਕਰ ਦੇਣੀ, ਅਜ ਮੈਂ ਆ ਤੇ ਗਿਆ ਹਾਂ, ਜਾਣ ਵਾਸਤੇ ਗੱਡੀ ਵਿਚ ਪੈਟਰੋਲ ਪੁਆ ਦਿਓ। ਸਤਿਗੁਰੂ ਜੀ ਹੁਕਮ ਕਰਨਾ ਤੁਸੀਂ ਤੁਰਨ ਲਗਿਆਂ ਦਸਿਆ ਹੈ, ਆਉਂਦਿਆਂ ਹੀ ਇਸ਼ਾਰਾ ਕਰ ਦੇਂਦੇ। ਗਿਆਨੀ ਜੀ ਤੁਸੀਂ ਸਾਡੇ ਨਾਲ ਸੰਕੋਚ ਬਿਲਕੁਲ ਹੀ ਨਾ ਕਰਿਆ ਕਰੋ।

ਜਦੋਂ ਗਿਆਨੀ ਜੀ ਪੈਪਸੂ ਦੇ ਵਜ਼ੀਰ ਬਣੇ। ਸਤਿਗੁਰੂ ਜਗਜੀਤ ਸਿੰਘ ਜੀ (ਉਦੋਂ ਬਾਬਾ ਜੀ) ਇਲਾਕਾ ਬੀੜ ਦੇ ਕਿਸੇ ਕੰਮ ਵਾਸਤੇ ਗਿਆਨੀ ਜੀ ਪਾਸ ਗਏ। ਗਿਆਨੀ ਜੀ ਨੂੰ ਕੰਮ ਦਾ ਵੇਰਵਾ ਦਸਣ ਲਗੇ। ਗਿਆਨੀ ਜੀ ਤੁਰੰਤ ਆਖਿਆ ਬਾਬਾ ਜੀ ਮੈਨੂੰ ਕਾਹਨੂੰ ਇਹ ਸਭ ਕੁਝ ਦਸਦੇ ਹੋ, ਤੁਸੀਂ ਜੋ ਚਾਹੁੰਦੇ ਹੋ ਇਕ ਕਾਗਜ਼ ਤੇ ਟਾਈਪ ਕਰਵਾ ਲਉ, ਮੈਂ ਉਸ ਤੇ ਦਸਤਖਤ ਕਰ ਦਿਆਂਗਾ। ਤੁਹਾਡਾ ਹੁਕਮ ਤੇ ਮੇਰੀ ਕਲਮ, ਦੱਸਣ ਪੁਛਣ ਦੀ ਗਲ ਕੋਈ ਨਹੀਂ।

ਮਲੇਰ ਕੋਟਲੇ ਸਮਾਰਕ ਉਸਾਰਨ ਵਾਸਤੇ ਸਭ ਤੋਂ ਪਹਿਲੋਂ ਟਰੱਸਟ ਗਿਆਨੀ ਜ਼ੈਲ ਸਿੰਘ ਹੁਰਾਂ ਮੰਤਰੀ ਹੁੰਦਿਆਂ ਹੀ ਬਨਾਇਆ ਸੀ। ਉਹਨਾਂ ਦੀ ਬੜੀ ਰੀਝ ਸੀ ਸ਼ਹੀਦਾਂ ਦੀ ਵਧੀਆ ਯਾਦਗਾਰ ਬਣੇ ਜੋ ਹੁਣ ਉਸਰ ਰਹੀ ਹੈ। ਮਲੇਰ-ਕੋਟਲਾ ਮੈਦਾਨ ਵਿਚ ਹੀ ਗਿਆਨੀ ਜੀ ਨੇ ਬੜਾ ਵਡਾ



Sri Satguru Jagjit Singh Ji eLibrary NamdhariElibrary@gmail.com

ਇਕੱਠ ਕਰਵਾ ਕੇ ਮੈਡਮ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਜੀ ਨੂੰ ਬੁਲਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਸੀ।

ਗਿਆਨੀ ਜੀ ਭਾਰਤ ਦੇ ਗ੍ਰਹਿ ਮੰਤਰੀ ਬਣੇ। ਸੰਜੇ ਗਾਂਧੀ ਦੀ ਹਵਾਈ ਹਾਦਸੇ ਵਿਚ ਮੌਤ ਹੋ ਗਈ। ਕੁਝ ਸਮੇਂ ਬਾਦ ਮੈਡਮ ਇੰਦਰਾ ਗਾਂਧੀ ਤੇ ਬਹੁਤ ਜ਼ੋਰ ਪਾਇਆ ਗਿਆ ਅਤੇ ਉਹਨਾਂ ਰਾਜੀਵ ਗਾਂਧੀ ਨੂੰ ਪਾਇਲਟ ਦੀ ਨੌਕਰੀ ਤੋਂ ਹਟਾ ਕੇ ਸਿਆਸਤ ਵਿਚ ਆਪਣਾ ਸਹਿਯੋਗੀ ਬਣਾਇਆ। ਮੈਡਮ ਗਾਂਧੀ ਨੇ ਰਾਜੀਵ ਜੀ ਨੂੰ ਆਖਿਆ, "ਆਪ ਗਿਆਨੀ ਜੀ ਸੇ ਸਿਆਸਤ ਕੀ ਬਾਰੀਕੀਓਂ ਕੋ ਸਿਖੀਏ, ਵੋਹ ਬੜੇ ਤੀਖੇ ਸੂਝਵਾਨ ਸਿਆਸਤਦਾਨ ਹੈਂ।" ਰਾਜੀਵ ਜੀ ਅਕਸਰ ਆਖਦੇ ਸਨ, "ਗਿਆਨੀ ਜੀ ਬੜੇ ਮਾਹਿਰ ਸਿਆਸੀ ਖਿਲਾੜੀ ਹੈਂ, ਉਨ ਕੋ ਪਤਾ ਹੋਤਾ ਹੈ ਕੌਨ ਸਾ ਬਟਨ ਦਬਾਨੇ ਸੇ ਕੌਨ ਸੀ ਸਿਆਸੀ ਬੱਤੀ ਜਗੇਗੀ।" ਜਦੋਂ ੧੯੮੨ ਵਿਚ ਸੰਜੀਵਾ ਰੈਡੀ ਤੋਂ ਬਾਦ ਭਾਰਤ ਦੇ ਸੱਤਵੇਂ ਰਾਸ਼ਟਰਪਤੀ ਬਣਾਉਣ ਬਾਰੇ ਮੈਡਮ ਗਾਂਧੀ ਵਿਚਾਰ-ਵਟਾਂਦਰਾ ਕਰ ਰਹੇ ਸੀ, ਸਲਾਹ-ਮਸ਼ਵਰਾ ਚੱਲ ਰਿਹਾ ਸੀ, ਰਾਜੀਵ ਜੀ ਦਾ ਇਸ ਫੈਸਲੇ ਵਿਚ ਬੜਾ ਅਹਿਮ ਹਿੱਸਾ ਸੀ। ਉਹਨਾਂ ਮੈਨੂੰ ਬੁਲਾ ਕੇ ਮੇਰੀ ਰਾਏ ਪੁਛੀ। ਮੈਂ ਆਖਿਆ ਸਤਿਗੁਰੂ ਜੀ ਦਾ ਹੁਕਮ ਗਿਆਨੀ ਜੀ ਵਾਸਤੇ ਹੈ। ਰਾਜੀਵ ਜੀ ਆਖਿਆ "ਠੀਕ ਹੈ"।

ਸਤਿਗੁਰੂ ਜਗਜੀਤ ਸਿੰਘ ਜੀ ਦੇ ਮੈਡਮ ਗਾਂਧੀ ਨਾਲ ਮਧੁਰ ਸੰਬੰਧ ਸਨ। ਉਹਨਾਂ ਨੇ ਮੈਡਮ ਗਾਂਧੀ ਨੂੰ ਸਿਧੀ ਚਿੱਠੀ ਵੀ ਲਿਖੀ ਕਿ ਇਸ ਸਮੇਂ ਦੇਸ਼ ਦਾ ਰਾਸ਼ਟਰਪਤੀ ਕੈਸਾ ਹੋਣਾ ਚਾਹੀਦਾ ਹੈ ਅਤੇ ਯੋਗ ਹੋਵੇਗਾ ਜੇ ਤੁਸੀਂ ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਣਾਓ। ਇਸ ਚਿੱਠੀ ਦੇ ਉੱਤਰ ਵਿਚ ਜਿਹੜੀ ਚਿੱਠੀ ਮੈਡਮ ਗਾਂਧੀ ਨੇ ਲਿਖੀ ਉਸ ਵਿਚ ਇਹ ਸ਼ਬਦ ਸਨ, "ਜਦੋਂ ਤਕ ਮੇਰੀ ਚਿੱਠੀ ਆਪ ਕੋਲ ਪੁੱਜੇਗੀ, ਤੁਸੀਂ ਰੇਡੀਓ ਅਖਬਾਰਾਂ ਵਿਚ ਸੁਣ ਵੇਖ ਲਵੋਗੇ, ਤੁਹਾਡੀ ਆਗਿਆ ਅਨੁਸਾਰ ਗਿਆਨੀ ਜੀ ਨੂੰ ਹੀ ਅਸੀਂ ਰਾਸ਼ਟਰਪਤੀ ਪਦ ਦਾ ਉਮੀਦਵਾਰ ਬਣਾਇਆ ਹੈ।" ਇਸ ਐਲਾਨ ਤੋਂ ਪਹਿਲੋਂ ਜਦੋਂ ਸਤਿਗੁਰੂ ਜੀ ਦੀ ਚਿੱਠੀ ਦੀ ਕਾਪੀ ਗਿਆਨੀ ਜੀ ਨੂੰ ਦਿਤੀ, ਪੜ੍ਹ ਕੇ ਗਿਆਨੀ ਜੀ ਨੇ ਤੁਰੰਤ ਆਖਿਆ, "ਸਤਿਗੁਰੂ ਜੀ ਨੇ ਮੇਰੇ ਵਾਸਤੇ ਬੜੀ ਸੁੰਦਰ ਚਿੱਠੀ ਲਿਖੀ ਹੈ। ਮੈਂ ਉਹਨਾਂ ਦਾ ਅਤੀ ਆਭਾਰੀ ਹਾਂ, ਮੇਰੀ ਸ਼ਰਧਾ ਉਹਨਾਂ ਪ੍ਰਤੀ ਅੱਗੇ ਹੀ ਬਹੁਤ ਹੈ, ਹੁਣ ਮੈਂ ਉਹਨਾਂ ਦਾ ਇਹ ਰਿਣ ਉਮਰ ਭਰ ਉਤਾਰ ਨਹੀਂ ਸਕਾਂਗਾ। ਮੈਡਮ ਗਾਂਧੀ ਤੇ ਇਸ ਚਿੱਠੀ ਦਾ ਬਹੁਤ ਪ੍ਰਭਾਵ ਪਵੇਗਾ। ਸਤਿਗੁਰੂ ਜੀ ਨੇ ਮੈਨੂੰ ਰਾਸ਼ਟਰਪਤੀ ਭਵਨ ਪੁਚਾ ਹੀ ਦੇਣਾ ਹੈ।" ਚੁਨਾਵ ਹੋਇਆ। ਬੜੀ ਵਡੀ ਗਿਣਤੀ ਨਾਲ ਗਿਆਨੀ ਜੀ ਭਾਰਤ ਦੇ ਰਾਸ਼ਟਰਪਤੀ ਚੁਣੇ ਗਏ।

ਸਮੇਂ ਦੀ ਖੇਡ ਮੈਡਮ ਗਾਂਧੀ ਨਹੀਂ ਰਹੇ। ਗਿਆਨੀ ਜ਼ੈਲ ਸਿੰਘ ਜੀ ਨੇ ੩੧ ਅਕਤੂਬਰ ੧੯੮੪ ਸ਼ਾਮ ਨੂੰ ਰਾਜੀਵ ਗਾਂਧੀ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੀ ਪਦਵੀ ਦੀ ਸੌਂਹ ਚੁਕਾ ਦਿਤੀ। ਹਾਲਾਤ ਹਮੇਸ਼ਾ ਇਕਸਾਰ ਨਹੀਂ ਰਹਿੰਦੇ। ਕੁਝ ਸਿਆਸਤਦਾਨਾਂ ਨੇ ਨਿਜੀ ਲਾਭਾਂ ਵਾਸਤੇ ਰਾਜੀਵ ਗਾਂਧੀ ਅਤੇ ਗਿਆਨੀ ਜੀ ਵਿਚਕਾਰ ਐਸੀਆਂ ਖਾਈਆਂ ਪੁਟ ਦਿਤੀਆਂ ਕਿ ਭਾਰਤ ਦੇ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਸੰਬੰਧਾਂ ਬਾਰੇ ਰੋਜ਼ ਨਵੀਆਂ ਹੀ ਨਵੀਆਂ ਕਹਾਣੀਆਂ ਪੜ੍ਹਨ ਸੁਣਨ ਨੂੰ ਮਿਲਣੀਆਂ ਸ਼ੁਰੂ ਹੋ ਗਈਆਂ। ਲੋਕਾਂ ਦੀ ਦਿਲਚਸਪੀ ਇਸ ਪਾਸੇ ਸੁਭਾਵਕ ਵਧਦੀ ਗਈ। ਛੋਟੀਆਂ ਗੱਲਾਂ ਦੀ ਸ਼ੁਰੂਆਤ ਹੀ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨੀਂ ਦਿਨੀਂ ਇੰਗਲੈਂਡ ਦੇ ਦੌਰੇ ਤੇ ਜਾਣਾ ਸੀ ਉਹ ਮਹਿਸੂਸ ਕਰਦੇ ਸਨ ਗਿਆਨੀ ਜੀ ਤੇ ਰਾਜੀਵ ਜੀ ਦੇ ਅਣਸੁਖਾਵੇਂ ਰਿਸ਼ਤੇ ਕਾਰਨ ਦੇਸ਼ ਦਾ ਭਾਰੀ ਨੁਕਸਾਨ ਹੋ ਸਕਦਾ ਹੈ। ਮੈਨੂੰ ਹੁਕਮ ਹੋਇਆ ਇੰਗਲੈਂਡ ਜਾਣ ਤੋਂ ਪਹਿਲੋਂ ਰਾਜੀਵ ਜੀ ਨੂੰ ਮਿਲ ਕੇ ਜਾਣਾ ਹੈ। ਮੀਟਿੰਗ ਫਿਕਸ ਕਰੋ। ਮੈਂ ਰਾਜੀਵ ਜੀ ਨੂੰ ਦੱਸਿਆ। ਰਾਜੀਵ ਜੀ ਨੇ ਫੌਰਨ ਟਾਈਮ ਦੇ ਦਿਤਾ। ਸਤਿਗੁਰੂ ਜੀ ਨਾਲ ਬਹੁਤ ਖੁਲ੍ਹ ਕੇ ਰਾਜੀਵ ਜੀ ਨੇ ਦਿਲ ਦੀਆਂ ਸਾਰੀਆਂ ਗੱਲਾਂ ਕੀਤੀਆਂ। ਸਤਿਗੁਰੂ ਜੀ ਫੁਰਮਾਇਆ, "ਮੈਂ ਗਿਆਨੀ ਜੀ ਨੂੰ ਮਿਲ ਲਵਾਂ ਫਿਰ ਦੱਸਦਾ ਹਾਂ।" ਰਾਜੀਵ ਜੀ ਆਖਿਆ "ਆਪ ਵਿਦੇਸ਼ ਜਾਨਾ ਦੋ ਚਾਰ ਦਿਨ ਲੇਟ ਕਰ ਲੀਜੀਏ, ਗਿਆਨੀ ਜੀ ਕੋ ਸਮਝਾਈਏ, ਮੁਝੇ ਜੈਸੇ ਕਹੇਂਗੇ ਮੈਂ ਕਰ ਲੂੰਗਾ।"

ਸਤਿਗੁਰੂ ਜੀ ਜਦੋਂ ਗਿਆਨੀ ਜੀ ਨੂੰ ਮਿਲਣ ਗਏ, ਗਿਆਨੀ ਜੀ ਸਤਿਗੁਰੂ ਜੀ ਨੂੰ ਉਪਰ ਰਾਸ਼ਟਰਪਤੀ ਭਵਨ ਦੇ ਪ੍ਰਾਈਵੇਟ ਰਿਹਾਇਸ਼ੀ ਹਿੱਸੇ ਵਿਚ ਲੈ ਗਏ ਅਤੇ ਆਖਣ ਲਗੇ, ਏਥੇ ਕੋਈ ਬੇਆਰਾਮ ਨਹੀਂ ਕਰੇਗਾ। ਕਰੀਬ ਡੇਢ ਘੰਟਾ ਉਹਨਾਂ ਸਾਰਾ ਬਿਰਤਾਂਤ ਸੁਣਾਇਆ ਅਤੇ ਆਖਿਆ, "ਤੁਸੀਂ ਮੇਰੇ ਪਾਸ ਆ ਕੇ ਮੇਰੇ ਤੇ ਬੜਾ ਭਾਰ ਚਾੜ੍ਹਿਆ ਹੈ, ਚਾਹੀਦਾ ਸੀ ਮੈਂ ਆਪ ਪਾਸ ਆਉਂਦਾ। ਮੈਨੂੰ ਜਿਵੇਂ



Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਖਬਿਉਂ ਮਹਾਰਾਜ ਬੀਰ ਸਿੰਘ ਜੀ, ਸ. ਦਰਬਾਰਾ ਸਿੰਘ ਤਦਵਕਤੀ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਤਦੋਂ ਕੇਂਦਰੀ ਗ੍ਰਹਿ ਮੰਤਰੀ ਸ. ਹ. ਸ. ਹੰਸਪਾਲ ਐਮ. ਪੀ. ਮਾਸਟਰ ਨਿਹਾਲ ਸਿੰਘ ਜੀ ਅਤੇ ਹੋਰ

ਆਖੋਗੇ ਕਰ ਲਵਾਂਗਾ। ਜ਼ੈਲ ਸਿੰਘ ਦੀ ਗੱਲ ਕੋਈ ਨਹੀਂ, ਪਰ ਜਿਸ ਕੁਰਸੀ ਤੇ ਤੁਸੀਂ ਮੈਨੂੰ ਸੁਸ਼ੋਭਿਤ ਕੀਤਾ ਹੈ ਉਸ ਦੀ ਮਾਣ ਮਰਿਆਦਾ ਰਖਣਾ ਤੇ ਮੇਰਾ ਫਰਜ਼ ਹੈ।"

ਵਿਦੇਸ਼ ਜਾਣਾ ਦੋ ਦਿਨ ਮੁਲਤਵੀ ਕੀਤਾ ਗਿਆ। ਰਾਜੀਵ ਜੀ ਨਾਲ ਮੁਲਾਕਾਤ ਦੁਬਾਰਾ ਹੋਈ ਅਤੇ ਫਿਰ ਗਿਆਨੀ ਜੀ ਨਾਲ। ਗਿਆਨੀ ਜੀ ਆਖਿਆ ਰਾਜੀਵ ਜੀ ਨਾਲੋਂ ਮੈਨੂੰ ਹੋਰ ਕਿਹੜਾ ਪਿਆਰਾ ਹੋ ਸਕਦਾ ਹੈ, ਪਰ ਉਹ ਤੇ ਮੈਨੂੰ ਮਿਲਦੇ ਹੀ ਨਹੀਂ। ਆਖੋ ਤੇ ਮੈਂ ਉਹਨਾਂ ਪਾਸ ਚਲਾ ਜਾਂਦਾ ਹਾਂ। ਸਤਿਗੁਰੂ ਜੀ ਫੁਰਮਾਇਆ "ਗੱਲ ਹੋ ਗਈ ਹੈ ਰਾਜੀਵ ਜੀ ਇਕ ਦੋ ਦਿਨਾਂ ਤਕ ਤੁਹਾਡੇ ਪਾਸ ਰਾਸ਼ਟਰਪਤੀ ਭਵਨ ਆਉਣਗੇ।" ਐਸਾ ਹੀ ਹੋਇਆ। ਇਕ ਲੰਬੀ ਮੁਲਾਕਾਤ ਵਿਚ ਰਾਜੀਵ ਜੀ ਤੇ ਗਿਆਨੀ ਜੀ ਦੀਆਂ ਬੜੀਆਂ ਦਿਲ ਖੋਲ੍ਹ ਕੇ ਗੱਲਾਂ ਹੋਈਆਂ। ਸਤਿਗੁਰੂ ਜੀ ਦੀ ਵਿਦੇਸ਼ ਯਾਤਰਾ ਬਰਤਾਨੀਆ, ਅਮਰੀਕਾ, ਕੈਨੇਡਾ ਤੇ ਹੋਰ ਯੂਰਪੀ ਦੇਸ਼ਾਂ ਵਿਚ ਜਾਣ ਕਾਰਨ ਢਾਈ ਤਿੰਨ ਮਹੀਨੇ ਦੀ ਸੀ।

ਬਾਦ ਵਿਚ ਜੋ ਕੁਝ ਹੋਇਆ ਉਹ ਹੁਣ ਇਤਿਹਾਸ ਦੇ ਪੰਨਿਆਂ ਵਿਚ ਲਿਖਿਆ ਗਿਆ ਹੈ। ਗਿਆਨੀ ਜੀ ੧੯੮੭ ਵਿਚ ਰਿਟਾਇਰ ਹੋ ਕੇ ੪, ਸਰਕੂਲਰ ਰੋਡ ਤੇ ਸਰਕਾਰੀ ਮਕਾਨ ਵਿਚ ਦਿਲਚਸਪ ਯਾਦਾਂ ਨਾਲ ਬੜਾ ਦਿਲਚਸਪ ਜੀਵਨ ਬਤੀਤ ਕਰਨ ਲਗ ਪਏ। ਹਰ ਵਰਗ ਦੇ ਵੱਡੇ ਛੋਟੇ ਲੋਕਾਂ ਦਾ ਹਮੇਸ਼ਾ ਤਾਂਤਾ ਲਗਾ ਰਹਿੰਦਾ ਸੀ। ਦਿੱਲੀ ਦੀ ਯਾਤਰਾ ਜਿਵੇਂ ਕਿਸੇ ਦੀ ਸਫਲ ਤਦ ਹੀ ਹੁੰਦੀ, ਜੇ ਉਹ ਦਿੱਲੀ ਵਿਚ ਗਿਆਨੀ ਜੀ ਨੂੰ ਮਿਲ ਕੇ ਜਾਵੇ।

ਗਿਆਨੀ ਜੀ ਦੇ ਜੀਵਨ ਵਿਚ ਕੁਝ ਘਟਨਾਵਾਂ ਐਸੀਆਂ ਸਨ ਜਿਸ ਬਾਰੇ ਉਹ ਜ਼ਿਕਰ ਬਹੁਤ ਘੱਟ ਕਰਦੇ ਸਨ, ਪ੍ਰੰਤੂ ਪ੍ਰਭਾਵ ਉਹਨਾਂ ਦੇ ਮਨ ਤੇ ਬਹੁਤ ਸੀ। ਵਡੱਪਣ ਇਹ ਸੀ ਕਿ ਆਮ ਕਰਕੇ ਕਿਸੇ ਨੂੰ ਪਤਾ ਨਹੀਂ ਸਨ ਲੱਗਣ ਦੇਂਦੇ। ਤੁਰਸ਼ੀ ਨਰਮੀ ਜੀਵਨ ਦਾ ਅਨਿਖੜਵਾਂ ਅੰਗ ਹੈ। ਐਸੇ ਹੀ ਇਕ ਮਸਲੇ ਦਾ ਹੱਲ ਗਰੀਬ-ਨਿਵਾਜ਼ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰਕੇ ਕੀਤਾ। ਜਦੋਂ ਮੈਂ ਗਿਆਨੀ ਜੀ ਨੂੰ



Sri Satguru Jagjit Singh Ji eLibrary NamdhariElibrary@gmail.com

ਦੱਸਿਆ ਕਿ ਸਤਿਗੁਰੂ ਜੀ ਨੇ ਐਸਾ ਕਰ ਦਿਤਾ ਹੈ। ਗਿਆਨੀ ਜੀ ਆਖਿਆ ਮੇਰੇ ਤੇ ਬਹੁਤ ਵਡਾ ਅਹਿਸਾਨ ਉਹਨਾਂ ਕੀਤਾ ਹੈ, ਮੇਰੀ ਜ਼ਿੰਦਗੀ ਦਾ ਆਖਰੀ ਵੱਡਾ ਭਾਰ ਸੀ ਜੋ ਉਹਨਾਂ ਇਹ ਕੰਮ ਕਰਕੇ ਹੌਲਾ ਕੀਤਾ ਹੈ। ਉਹਨਾਂ ਦਿੱਲੀ ਕਦੋਂ ਆਉਣਾ ਹੈ ਮੈਂ ਜਾਕੇ ਉਹਨਾਂ ਦਾ ਅਹਿਸਾਨ ਤੇ ਨਹੀਂ ਚੁਕਾ ਸਕਦਾ ਪਰ ਹਾਜ਼ਰ ਹੋ ਕੇ ਧੰਨਵਾਦ ਤੇ ਕਰਾਂ।

ਸਤਿਗੁਰੂ ਜੀ ਦਿੱਲੀ ਪਧਾਰੇ ਮੈਂ ਸਾਰੀ ਅਰਜ਼ ਕੀਤੀ ਕਿ ਗਿਆਨੀ ਜੀ ਆਉਣਾ ਚਾਹੁੰਦੇ ਹਨ, ਹੁਕਮ ਹੋਇਆ ਧੰਨਵਾਦ ਵਾਸਤੇ ਆਉਣ ਦੀ ਲੋੜ ਨਹੀਂ ਇਹ ਸਾਡਾ ਅਪਣਾ ਕੰਮ ਸੀ। ਮੈਂ ਅਰਜ਼ ਕੀਤੀ ਗ਼ਰੀਬ ਨਿਵਾਜ਼ ਉਹਨਾਂ ਮੈਨੂੰ ਪੱਕੀ ਕੀਤੀ ਸੀ ਗਿਆਨੀ ਜੀ ਨੇ ਮੰਨਣਾ ਨਹੀਂ। ਫਿਰ ਹੁਕਮ ਹੋਇਆ "ਚੰਗਾ ਉਹਨਾਂ ਨੂੰ ਖੇਚਲ ਨਹੀਂ ਦੇਣੀ ਆਪਾਂ ਉਹਨਾਂ ਪਾਸ ਚਲੇ ਚਲਾਂਗੇ।" ਗਿਆਨੀ ਜੀ ਨੂੰ ਜਦੋਂ ਫੋਨ ਤੇ ਮੈਂ ਸਾਰੀ ਗਲ ਦੱਸੀ ਤਾਂ ਆਖਣ ਲਗੇ, "ਨਹੀਂ ਅਰਜ਼ ਕਰ ਦਿਓ ਇਹ ਮੇਰਾ ਫਰਜ਼ ਹੈ ਮੈਂ ਹੀ ਆਵਾਂਗਾ।"

ਉਧਰ ਗਿਆਨੀ ਜੀ ਤੇ ਏਧਰ ਸਤਿਗੁਰੂ ਜੀ, ਮੈਨੂੰ ਸਮਝ ਨਾ ਆਵੇ ਕਿਸ ਤਰ੍ਹਾਂ ਫੈਸਲਾ ਹੋਵੇ। ਮੈਂ ਗਰੀਬ ਨਿਵਾਜ਼ ਜੀ ਨੂੰ ਅਰਜ਼ ਕੀਤੀ ਗਿਆਨੀ ਜੀ ਫੋਨ ਤੇ ਹਨ ਤੇ ਆਉਣਾ ਹੀ ਚਾਹੁੰਦੇ ਹਨ। ਹੁਕਮ ਹੋਇਆ ਫੋਨ ਮੈਨੂੰ ਦਿਓ। ਗਿਆਨੀ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕਰਕੇ ਉਸੇ ਦਿਨ ਚਾਰ ਵਜੇ ਸ਼ਾਮ ਪਹੁੰਚ ਕੇ ਬੜੀ ਨਿਮਰਤਾ ਨਾਲ ਅਪਣੇ ਮਨ ਦੇ ਭਾਵ ਭਾਵੁਕ ਹੋ ਕੇ ਵਿਅਕਤ ਕੀਤੇ। ਉਹ ਅਰਜ਼ ਕਰ ਰਹੇ ਸੀ ਕਿ ਉਹ ਕਿਤਨਾ ਹੌਲਾ ਤੇ ਸੌਖਾ ਮਹਿਸੂਸ ਕਰ ਰਹੇ ਹਨ।

੨੯ ਨਵੰਬਰ ਦੇ ਹਾਦਸੇ ਉਪਚੰਤ ਗਿਆਨੀ ਜੀ ਦੀ ਦੇਹ ਅਰੋਗਤਾ ਤੇ ਉਹਨਾਂ ਦੇ ਕਸ਼ਟ ਦੀ ਨਵਿਰਤੀ ਨਮਿਤ ਸ੍ਰੀ ਭੈਣੀ ਸਾਹਿਬ ਸ੍ਰੀ ਅਖੰਡ ਪਾਠ ਦੀ ਲੜੀ ਚਲਦੀ ਰਹੀ।

---


*ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਵਲੋਂ*

## ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ

**ਦੀ ਪਾਵਨ ਛਤਰ-ਛਾਇਆ ਹੇਠ ਮਹਾਨ ਸੰਗੀਤਕਾਰ**

## ਉਸਤਾਦ ਊਧੋ ਖ਼ਾਂ ਸਾਹਿਬ ਅਤੇ ਉਸਤਾਦ ਭਾਈ ਹਰਨਾਮ ਸਿੰਘ ਜੀ

**ਨੂੰ ਸਮਰਪਿਤ ਦੋ ਦਿਵਸੀ**

## ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ

**ਮਿਤੀ 28 ਜਨਵਰੀ, ਸ਼ਨਿਚਰਵਾਰ ਸ਼ਾਮ ਪੰਜ ਵਜੇ ਅਤੇ 29 ਜਨਵਰੀ ਐਤਵਾਰ ਸ਼ਾਮ ਚਾਰ ਵਜੇ**

### ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਹੋ ਰਿਹਾ ਹੈ।

**ਇਸ ਸੰਮੇਲਨ ਵਿਚ**

- ☐ ਪੰਡਿਤ ਰਾਜਨ-ਸਾਜਨ ਮਿਸ਼ਰਾ ਗਾਇਕ
- ☐ ਸ੍ਰੀ ਗੁਰਦੇਵ ਸਿੰਘ ਨਾਮਧਾਰੀ ਸਰੋਦਵਾਦਕ
- ☐ ਸ੍ਰੀ ਮੋਹਨ ਸਿੰਘ ਸੁਖਦੇਵ ਸਿੰਘ ਨਾਮਧਾਰੀ ਗਾਇਕ
- ☐ ਸ੍ਰੀ ਵੀਰੇਂਦਰ ਕੁਮਾਰ ਸਿਤਾਰਵਾਦਕ
- ☐ ਸ੍ਰੀ ਕਿਰਨਪਾਲ ਸਿੰਘ ਸੰਤੂਰਵਾਦਕ
- ☐ ਸ੍ਰੀ ਸੁਰਜੀਤ ਸਿੰਘ ਸਾਰੰਗੀਵਾਦਕ
- ☐ ਸ੍ਰੀ ਸੁਜਾਤ ਹੁਸੈਨ ਖਾਂ ਸਿਤਾਰਵਾਦਕ
- ☐ ਸ੍ਰੀ ਮਧੁਪ ਮੋਦਗਿਲ ਗਾਇਕ
- ☐ ਸ੍ਰੀ ਸੁਖਦੇਵ ਸਿੰਘ ਜਤਿੰਦਰ ਸਿੰਘ ਪਖਾਵਜ-ਮਿਰਦੰਗ ਯੁਗਲਬੰਦੀ
- ☐ ਵਿਦਿਆਰਥੀ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ

☐ ਪੰਡਿਤ ਰਮਾ ਕਾਂਤ ☐ ਸ੍ਰੀ ਕਾਲੇ ਰਾਮ ☐ ਪ੍ਰੋ: ਕਿਰਪਾਲ ਸਿੰਘ ☐ ਸ੍ਰੀ ਹਰਪਾਲ ਸਿੰਘ ਕਲ੍ਹਾ
☐ ਸ੍ਰੀ ਰਾਜੇਸ਼ ਮਾਲਵੀਆ ☐ ਸ੍ਰੀ ਸੁਖਦੇਵ ਸਿੰਘ ☐ ਸ੍ਰੀ ਹਰਪ੍ਰੀਤ ਸਿੰਘ ☐ ਸ੍ਰੀ ਕੁਲਦੀਪ ਸਿੰਘ

**ਆਦਿ ਸ਼ਾਸਤਰੀ ਸੰਗੀਤ ਦੇ ਪ੍ਰਸਿਧ ਕਲਾਕਾਰ ਭਾਗ ਲੈ ਰਹੇ**





Sri Satguru Jagjit Singh Ji eLibrary NamdhariElibrary@gmail.com

# ਸਮ ਤੋਲੇ, ਸੋ ਸੰਤ

*ਗੁਰਬਚਨ ਸਿੰਘ ਨਾਮਧਾਰੀ

ਪਦਾਰਥ ਚਾਰ ਹਨ—ਧਰਮ, ਅਰਥ, ਕਾਮ ਅਤੇ ਮੋਖ। ਮਨੁੱਖ ਦੇ ਅੰਗ ਭੀ ਚਾਰ ਦੱਸੇ ਗਏ ਹਨ—ਸਰੀਰ, ਬੁੱਧੀ, ਮਨ ਅਤੇ ਆਤਮਾ।

"ਆਤਮੰਨ ਰਥਿਨਮ ਵਿਧਿ ਸ਼ਰੀਰ ਰਥਮੇਵ ਤੂ
ਬੁੱਧੀਮ ਤੂ ਸਾਰਥੀ ਮਨਹ ਪ੍ਰਗਹਮੇਵ ਚ
—ਭਗਵਾਨ ਕ੍ਰਿਸ਼ਨ

ਅਰਥਾਤ, ਸਰੀਰ ਇਕ ਰਥ ਹੈ, ਬੁੱਧੀ ਸਾਰਥੀ, ਮਨ ਲਗਾਮ ਅਤੇ ਆਤਮਾ ਇਸ ਰਥ ਦਾ ਸੁਆਮੀ "ਰਥੀ" ਹੈ। ਚਾਰ ਪਦਾਰਥਾਂ ਦੀ ਮੰਗ ਭੀ ਮਨੁਖੀ ਚਾਰ ਅੰਗ, ਆਪਣੇ ਆਪਣੇ ਸੁਭਾਅ ਅਨੁਸਾਰ ਕਰਦੇ ਹਨ। ਕਾਮ ਦੀ ਮੰਗ ਦੇਹ ਨੂੰ, ਧਨ (ਭੌਤਿਕ ਪਦਾਰਥਾਂ) ਦੀ ਮੰਗ ਮਨ ਨੂੰ ਰਹਿੰਦੀ ਹੈ। ਲੋਕ ਸੁਖ ਦੇ ਨਾਲ ਨਾਲ ਪ੍ਰਲੋਕ ਸੁਖ ਦੀ ਵਿਉਂਤ ਬਣਾਉਂਦੀ ਹੋਈ ਬੁਧੀ ਨੂੰ ਧਰਮ-ਕਰਮ ਅਤੇ ਹਰ ਕਾਮਨਾ ਤੋਂ ਮੁਕਤ ਹੋਣ ਦੀ ਅਕੁਲਾਹਟ, ਆਤਮਾ ਦੀ ਮੰਗ ਹੈ। ਇਨ੍ਹਾਂ ਚਾਰ ਅੰਗਾਂ ਦਾ ਸੁਮੇਲ ਹੀ ਮਨੁਖੀ ਜੀਵਨ ਨੂੰ ਸੰਪੂਰਣਤਾ ਦਿੰਦਾ ਹੈ। ਪ੍ਰਸਿਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਲਿਖਿਆ ਹੈ—"ਹਰ ਇਨਸਾਨ ਦਾ ਪੂਰਾ ਜਨਮ ਚਾਰ ਕੁੱਖਾਂ ਵਿਚੋਂ ਹੁੰਦਾ ਹੈ। ਕਾਇਆ ਦਾ ਜਨਮ ਮਾਂ ਦੀ ਕੁੱਖੋਂ, ਮਨ ਦਾ ਜਨਮ ਨਫਸੀ ਕੁੱਖ ਵਿਚੋਂ, ਮਸਤਕ ਦਾ ਜਨਮ ਇਲਮੀ ਕੁੱਖੋਂ ਤੇ ਆਤਮਾ ਦਾ ਜਨਮ ਰੂਹਾਨੀ ਕੁੱਖ ਵਿਚੋਂ ਹੁੰਦਾ ਹੈ। ਜਿਸ ਤਰ੍ਹਾਂ ਮਨੁਖੀ ਜੀਵਨ ਦੀ ਸੰਪੂਰਣਤਾ ਲਈ ਚਾਰ ਅੰਗਾਂ ਦਾ ਸੰਤੁਲਨ ਜ਼ਰੂਰੀ ਹੈ, ਉਸੇ ਤਰ੍ਹਾਂ ਮਹਾਂਪੁਰਸ਼ਾਂ ਨੇ ਚਾਰ ਪਦਾਰਥਾਂ ਦਾ ਸੰਤੁਲਨ ਭੀ ਜੀਵਾਤਮਾ ਲਈ ਜ਼ਰੂਰੀ ਦੱਸਿਆ ਹੈ। ਜਿਤਨਾ ਧਨ ਵਧੇ, ਉਤਨਾ ਹੀ ਧਰਮ ਵਧੇ। ਜਿਸ ਅਨੁਪਾਤ ਵਿਚ ਸੁਖ ਦੀ ਕਾਮਨਾ ਵਧੇ, ਉਸੇ ਅਨੁਪਾਤ ਵਿਚ ਮੁਕਤੀ ਦੀ ਭਾਵਨਾ ਭੀ ਵਧੇ। ਇਨ੍ਹਾਂ ਚਾਰ ਪਦਾਰਥਾਂ ਦੇ ਤੋਲ ਨੂੰ ਪੂਰਾ ਕਰ ਲੈਣ ਵਾਲੇ ਦਾ ਨਾਂ, ਸ਼ਾਸਤਰਾਂ ਨੇ ਦਿਤਾ—"ਸੰਤ"। ਤੁਲਸੀ ਦਾਸ ਨੇ ਰਾਮਾਇਣ ਸ਼ੁਰੂ ਕਰਨ ਤੋਂ ਪਹਿਲਾਂ ਬੰਦਨਾ ਕੀਤੀ ਹੈ, ਐਸੇ ਸੰਤ ਦੀ—

"ਬੰਦਉ ਸੰਤ ਸਮਾਨਚਿਤ,
ਹਿਤ ਅਣਹਿਤ ਨਹੀਂ ਕੋਉ॥
ਅੰਜਲੀ ਗਤਿ ਸੁਭ ਸੁਮਨ ਜਿਮੀ,
ਸਮ ਸੁਗੰਧ ਕਰਿ ਦੋਉ॥"

ਅਰਥਾਤ, ਬੰਦਨਾ ਹੈ ਮੇਰੀ ਉਸ ਸੰਤ ਨੂੰ, ਜੋ ਸਮਾਨ ਚਿਤ ਹੈ। ਕੋਈ ਆਪਣਾ ਨਹੀਂ, ਕੋਈ ਬੇਗਾਨਾ ਨਹੀਂ। ਬੰਦਨਾ ਹੈ ਮੇਰੀ ਫੁੱਲ ਦੇ ਸੁਭਾਅ ਵਾਲੇ ਸੰਤ ਨੂੰ, ਜੋ ਉਚ-ਨੀਚ, ਮੰਦੇ ਚੰਗੇ ਕਿਸੇ ਭੀ ਹੱਥ ਜਾਏ, ਸੁਗੰਧ ਬਿਖੇਰਨਾ ਹੀ ਆਪਣਾ ਧਰਮ ਸਮਝਦਾ ਹੈ।

ਸੰਤ ਦਾ ਸ਼ਾਬਦਿਕ ਅਰਥ ਹੈ, ਸਮ+ਤ=ਸੰਤ।

ਸਮ—ਅਰਥਾਤ ਬਰਾਬਰ ਅਤੇ ਤ—ਅਰਥਾਤ ਤੋਲ। ਜਿਸ ਨੇ ਚਾਰ ਅੰਗਾਂ ਅਤੇ ਚਾਰ ਮੰਗਾਂ ਦਾ ਤੋਲ ਸੰਤੁਲਿਤ ਕਰ ਲਿਆ ਉਹ ਸੰਤ ਹੈ। ਕਿਸੇ ਤਰ੍ਹਾਂ ਦੀ ਜਾਤੀ ਜਾਂ ਵਰਣ ਭੇਦ ਤੋਂ ਬਿਨਾਂ ਜੁਲਾਹੇ, ਛੀਂਬੇ ਜਾਂ ਚਮਾਰ ਜਿਹੇ ਸਮਾਜ ਤੋਂ ਤਿਰਸਕ੍ਰਿਤ-ਵਰਗ ਦੇ ਸੰਤਾਂ ਦੀ ਬਾਣੀ ਨੂੰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਮਾਨ ਦਰਜਾ ਦੇਣਾ, ਇਹ ਪ੍ਰਤੀਕ ਹੈ ਕਿ ਗੁਰੂ ਮਹਾਰਾਜ ਨੇ ਭੀ ਦੁਖ-ਸੁਖ, ਹਰਖ-ਸੋਗ ਦੇ ਪ੍ਰਤੀ ਸਮਾਨਤਾ ਦੇ ਭਾਵ ਨੂੰ ਹੀ "ਸੰਤਤਵ" ਦਾ ਆਧਾਰ-ਗੁਣ ਮੰਨਿਆ ਹੈ। ਇਤਿਹਾਸ ਗਵਾਹ ਹੈ ਜਦੋਂ ਤਕ ਸੰਤ ਸੁਭਾਅ ਦਾ ਪ੍ਰਾਕ੍ਰਿਤਕ ਸੰਤੁਲਨ ਕਾਇਮ ਰਿਹਾ, ਉਦੋਂ ਤਕ ਸਮਾਜ ਵਿਚ ਸੁਖ ਸ਼ਾਂਤੀ ਅਤੇ ਆਰਥਕ, ਸਾਂਸਕ੍ਰਿਤਕ ਸਮ੍ਰਿਧੀ ਦੇ ਨਵੇਂ ਮਾਰਗ ਖੁਲ੍ਹੇ ਹਨ—ਅਤੇ ਜਦੋਂ ਭੀ ਕਿਸੇ ਨੇ ਲੋਭ-ਵਸ ਇਸ ਪ੍ਰਾਕ੍ਰਿਤਕ ਸੰਤੁਲਨ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ, ਓਦੋਂ ਓਦੋਂ ਮਨੁਖੀ ਰਿਸ਼ਤਿਆਂ ਦੇ ਨਿਰਮਲ ਆਕਾਸ਼ ਤੇ ਵੈਰ, ਵਿਰੋਧ, ਵੈਮਨਸਯ, ਅਸਮਾਨਤਾ ਅਤੇ ਸ਼ੰਕਾਵਾਂ ਦੀ ਜ਼ਹਿਰੀਲੀ ਬਦਲੀ ਮੰਡਰਾਈ ਹੈ।

ਰਾਮਾਇਣ ਦੇ ੪ ਮੁਖ ਪਾਤਰ ਹਨ—ਭਰਤ (ਧਰਮ), ਸ਼ਤਰੂਘਨ (ਅਰਥ), ਲਛਮਣ (ਕਾਮ) ਅਤੇ ਰਾਮ (ਮੋਖ)। ਜਦੋਂ ਤਕ ਇਨ੍ਹਾਂ ਚਾਰ ਭਰਾਵਾਂ ਦਾ ਸੰਤੁਲਨ ਹੈ, ਓਦੋਂ ਤਕ ਸਤ (ਦਸ਼ਰਥ) ਕਾਇਮ ਹੈ। ਰਾਜ ਵਿਚ ਸੁਖ ਹੈ, ਸ਼ਾਂਤੀ ਹੈ। ਅਯੁਧਿਆ ਵਿਚ ਆਪਸੀ ਭਾਈਚਾਰੇ ਅਤੇ ਸੁਨੇਹ ਦੀ ਸਰਿਤਾ ਪ੍ਰਵਾਹਿਤ ਹੁੰਦੀ ਰਹੀ। ਮੋਖ (ਰਾਮ) ਮੁਖੀ ਹੈ, ਬਾਕੀ ਦੇ ਤਿੰਨ ਭਰਾ ਤਿੰਨ ਪਦਾਰਥਾਂ ਵਾਂਗ ਅਨੁਗਾਮੀ ਹਨ। ਰਾਮ ਦੇ ਰਾਜ-ਤਿਲਕ ਦੀ ਘੋਸ਼ਨਾ ਹੋ ਗਈ। ਸਵੇਰੇ ਹੀ ਭਗਵਾਨ ਸੂਰਯ ਦੀਆਂ ਪਹਿਲੀਆਂ ਕਿਰਨਾਂ ਦੇ ਨਾਲ ਹੀ "ਰਾਮਰਾਜ"


Sri Satguru Jagjit Singh Ji eLibrary NamdhariElibrary@gmail.com

ਦੀ ਕਲਪਨਾ ਸਾਕਾਰ ਹੋ ਉਠੇਗੀ। ਪਰ ਤਰੇਤਾ ਯੁਗ ਦੀ ਇਕ ਘਟਨਾ ਨੇ ਹਿੰਦੁਸਤਾਨ ਦਾ ਭਵਿਖ ਬਦਲ ਦਿਤਾ। ਚਾਰ ਪਦਾਰਥਾਂ ਦਾ ਤਾਲਮੇਲ ਇਕ ਲੋਭ (ਕੈਕਈ) ਨੇ ਵਿਗਾੜ ਦਿਤਾ। ਰਾਜਾ ਦਸ਼ਰਥ, ਸਤ ਵਾਂਗ ਨਿਰਵਿਕਾਰ ਹੈ, ਪਰ ਜੀਵਨ ਵਿਚ ਇਕ ਵਾਰ ਕੈਕਈ (ਲੋਭ) ਤੋਂ ਪ੍ਰਭਾਵਿਤ ਹੋ ਗਿਆ, "ਰਘੂ ਵੰਸ਼" ਦੀ ਭਾਗ-ਰੇਖਾ ਹੀ ਬਦਲ ਗਈ :

"ਤਾਪਸ ਵੇਸ਼ ਵਿਸ਼ੇਸ਼ ਉਦਾਸੀ,
ਚੌਦਹ ਵਰਸ਼ ਰਾਮ ਵਨਵਾਸੀ"

ਦਾ ਗ੍ਰਹਿਣ ਅਯੋਧਿਆ ਨੂੰ ਲਗ ਗਿਆ। ਰਾਜਸੀ ਵਸਤੂਾਂ ਦਾ ਤਿਆਗ ਕਰ, ਰਾਮ ਲਛਮਣ ਅਤੇ ਸੀਤਾ ਨੇ ਰਾਤ ਦੇ ਹਨੇਰੇ ਵਿਚ, ਅਯੋਧਿਆ ਵਾਸੀਆਂ ਨੂੰ ਸੁਤਿਆਂ ਛੱਡ, ਤਮਸਾ ਨਦੀ ਨੂੰ ਲੰਘ, ਜੰਗਲਾਂ ਦੀ ਸ਼ਰਣ ਲੈ ਲਈ। ਭਰਤ ਨੇ ਰਾਮ ਦੀ ਖੜਾਉਂ ਨੂੰ ਆਪਣੇ ਹੰਝੂਆਂ ਨਾਲ ਧੋਂਦਿਆਂ ਜੁਆਨੀ ਦੇ ਕੀਮਤੀ ਚੌਦਹ ਸਾਲ ਗੁਜਾਰ ਦਿਤੇ ਅਤੇ ਚੌਥੇ ਭਰਾ ਸ਼ਤਰੂਘਨ ਨੂੰ ਰਾਮ ਬਨਵਾਸ ਦੀ ਖਬਰ ਨੇ ਐਸਾ ਸਦਮਾ ਦਿਤਾ ਕਿ ਇਕ ਵਾਰ ਜੋ ਮੋਨ ਧਾਰਿਆ ਤਾਂ ਫਿਰ ਨਾ ਕਿਸੇ ਅਜੋਧਿਆ ਵਾਸੀ ਨੇ ਤੇ ਨਾਂ ਹੀ ਤੁਲਸੀਦਾਸ ਨੇ ਸ਼ਤਰੂਘਨ ਦੀ ਆਵਾਜ਼ ਵਿਚ ਕਦੀ ਖੇੜਾ ਸੁਣਿਆ। ਇਕ ਵਾਰ ਚਿਤ (ਅਯੋਧਿਆ) ਤੇ ਲੋਭ (ਕੈਕਈ) ਕਾਬਜ ਹੋਇਆ ਤਾਂ ਪਹਿਲਾਂ ਸਤ (ਰਾਜਾ ਦਸਰਥ), ਸ਼ਰੀਰ ਛਡ ਗਿਆ, ਪਿਛੋਂ ਅਯੋਧਿਆ ਦੀ ਸੁਖ, ਸ਼ਾਂਤੀ, ਰਘੂਕੁਲ ਦੀ ਮਰਿਆਦਾ ਅਤੇ ਸੂਰਯਵੰਸ਼ੀ, ਰਿਸ਼ਤਿਆਂ ਦੀ ਮਹੀਨ ਤਾਰ ਭੀ ਟੁਟ ਗਈ। ਰਾਮ ਰੂਪੀ ਮੋਖ ਦੇ ਬਨਵਾਸ-ਪ੍ਰਸਥਾਨ ਕਰਦਿਆਂ ਹੀ ਪਿਤਾ ਦਸਰਥ ਦਾ ਸਵਰਗਵਾਸ ਹੋ ਗਿਆ। ਚੌਦਹ ਸਾਲਾਂ ਤਕ ਜੰਗਲਾਂ ਵਿਚ ਭਟਕਦਿਆਂ ਪਹਿਲਾਂ ਸੀਤਾ (ਰਘੂਕੁਲ ਦੀ ਮਰਿਆਦਾ) ਦਾ ਅਪਹਰਨ ਹੋ ਗਿਆ। ਵਿਕਟ ਜੰਗ ਤੋਂ ਬਾਦ, ਜਦੋਂ ਸੀਤਾ ਰਾਮ ਅਯੋਧਿਆ ਵਾਪਸ ਆਇ, ਤਾਂ ਆਪਣੀ ਹੀ ਪ੍ਰਜਾ (ਇਕ ਧੋਬੀ) ਨੇ ਭਾਰਤ ਦੇ ਸਰਵਸ੍ਰੇਸਠ ਕੁਲ ਦੀ ਮਰਿਆਦਾ (ਸੀਤਾ) ਤੇ ਹੀ ਲਾਂਛਣ ਲਾ ਦਿਤੀ। ਨਤੀਜਾ, ਰਾਮ ਦਾ ਸ਼ਾਸਤਰੀ (ਸ਼ਾਬਦਿਕ) ਮਰਿਆਦਾ ਦਾ ਪਾਲਨ ਕਰਦਿਆਂ ਹੋਇਆਂ, ਮਨੁਖੀ ਰਿਸ਼ਤਿਆਂ ਦੀ ਮਰਿਆਦਾ, ਆਪਣੀ ਹੀ ਅਰਧਾਂਗਿਣੀ ਸੀਤਾ ਦਾ ਪਰਿਤਿਆਗ ਕਰ ਦਿਤਾ। ਅੰਤ ਅੰਤ, ਸੀਤਾ ਨੂੰ ਪ੍ਰਿਥਵੀ ਦੇ ਗਰਭ ਵਿਚ ਸ਼ਰਣ ਲੈਣੀ ਪਈ। ਭਾਵ, ਸਭ-ਕੁਛ ਗੜਬੜ ਹੋ ਗਿਆ। ਪਦਾਰਥਾਂ ਦੇ ਅਸੰਤੁਲਨ (ਭਰਤ ਨੂੰ ਰਾਜਗੱਦੀ) ਦੀ ਮੰਗ ਕਰਨ ਵਾਲੀ, ਕੈਕਈ ਦੇ ਸਾਮਣੇ (ਭਾਵੇਂ ਸਦਮੇ ਦੇ ਕਾਰਨ) ਚੁੱਪੀ ਧਾਰਣ ਵਾਲੇ ਰਾਜਾ ਦਸਰਥ ਦੀ ਤ੍ਰਾਸਦੀ ਸਾਰੇ ਯੁਗਾਂ ਵਿਚ ਗੂੰਜਦੀ ਰਹੀ।

ਮੋਖ ਦਾ ਅਰਥ ਹੈ, "ਮੁਕਤ" ਆਪਣੇ ਹੀ ਮਨ ਦੀਆਂ, ਵਾਸਨਾਵਾਂ ਤੋਂ ਮੁਕਤ ਹੋਣਾ ਹੀ ਪ੍ਰਤੀਕ ਹੈ, ਮੋਖ ਦਾ। ਦੂਨੀ ਚੰਦ ਦੇ ਪਿਤਾ ਕੋਲ ਅਪਾਰ ਸੰਪਤੀ ਸੀ। ਸਵਾ ਪੰਜ ਸੌ ਸਾਲ ਪਹਿਲਾਂ ਦੇ ਅੰਦਾਜ਼ੇ ਨਾਲ, ਸੱਤ ਕਰੋੜ। ਅਜ ਸੱਤ ਹਜ਼ਾਰ ਕਰੋੜ ਤੋਂ ਜ਼ਿਆਦਾ। ਆਪਣੇ ਕੁਲ ਗੁਰੂ (ਪੁਰੋਹਿਤ) ਦੇ ਮਤ-ਅਨੁਸਾਰ ਦਾਨ-ਪੁੰਨ ਭੀ ਕਰਦਾ ਰਿਹਾ, ਪਰ ਮੋਖ ਨੂੰ ਮੁਖ ਨਾ ਰਖ ਸਕਿਆ। ਦਾਨ ਦੇ ਬਦਲੇ ਧਨ ਦਾ ਵਾਧਾ ਅਤੇ ਧਾਰਮਕ ਕਰਮਕਾਂਡ ਦੇ ਬਦਲੇ ਲੋਕ-ਪਰਲੋਕ ਦੇ ਸੁਖ ਦੀ ਵਾਸਨਾ ਹੀ ਭਰਦਾ ਰਿਹਾ। ਨਤੀਜਾ, ਮਰਨ ਲਗਿਆਂ, ਮਾਸ ਖਾਣ ਦੀ ਇਕ ਵਾਸਨਾ ਨੇ ਬਘਿਆੜ ਦਾ ਜਨਮ ਦੇ ਦਿਤਾ। ਗੁਰੂ ਨਾਨਕ ਨੇ ਆ ਕੇ ਦੁਨੀਚੰਦ ਦਾ ਸੰਤੁਲਨ ਕਇਮ ਕਰ ਦਿਤਾ। "ਇਕ ਸੂਈ ਭੀ ਨਾਲ ਨਹੀਂ ਜਾ ਸਕਦੀ", ਦਾ ਛੋਟਾ ਜਿਹਾ ਸੂਤ੍ਰ ਦੁਨੀਚੰਦ ਨੂੰ ਧਨ ਦੀ ਵਾਸਨਾ ਤੋਂ ਮੁਕਤ ਕਰ ਗਿਆ। ਹੁਣ ਦਾਨ, ਧਨ ਦੇ ਹੋਰ ਵਾਧੇ ਦਾ ਵਸੀਲਾ ਨਾ ਰਿਹਾ, ਮਨੁਖ-ਮਾਤਰ ਦੀ ਸੇਵਾ ਦਾ ਸਹਾਰਾ ਬਣ ਗਿਆ। ਬੜਾ ਸੂਖਮ ਹੈ, ਗੁਰੂ ਨਾਨਕ ਦਾ ਇਹ ਸੂਤਰ। ਗੁਰੂ ਨਾਨਕ ਜਾਣਦੇ ਹਨ ਕਿ ਧਨ ਦੇ ਅਹੰਕਾਰ ਤੋਂ ਮੁਕਤ ਕਰਨਾ ਸਰਲ ਹੈ, ਪਰ ਦਾਨ ਦੇ ਅਹੰਕਾਰ ਤੋਂ ਮੁਕਤ ਕਰਨਾ ਬਹੁਤ ਅਉਖਾ ਹੋ ਜਾਇਗਾ। ਇਸ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਕ ਸ਼ਬਦ ਦਿਤਾ, "ਤਿਆਗ"।

"ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ॥
ਤਿਸਹਿ ਪਰਾਪਤਿ ਨਾਮੁ ਤੇਰਾ,
ਕਰਿ ਕ੍ਰਿਪਾ ਜਿਸੁ ਦੀਉ॥ ੧॥

ਮਾਰੂ ਮਹਲਾ ੫ (੧੦੦੭)

ਤਿਆਗ, ਉਸ ਵਸਤੂ ਦਾ ਹੁੰਦਾ ਹੈ, ਜੋ ਮੇਰੀ ਹੈ ਹੀ ਨਹੀਂ। ਪਰ ਦਾਨ ਤਾਂ ਉਸ ਪਦਾਰਥ ਦਾ ਕਰ ਸਕਦਾ ਹਾਂ, ਜੋ ਮੇਰਾ ਹੈ। "ਮੈਂ" ਦਾਨ ਦੇ ਕੇ "ਦਾਤਾ" ਬਣ ਗਿਆ। "ਦਾਨ ਕਰਤਾ" ਦਾ ਅਹੰਕਾਰ ਸਿਰ ਤੇ ਸਵਾਰ ਹੋ ਗਿਆ। ਪਹਿਲਾਂ ਧਨ ਦਾ ਤਾਪ ਕੱਡਣਾ ਸਰਲ ਸੀ, ਹੁਣ ਦਾਨ ਦਾ ਤਪੇਦਿਕ ਕੱਡਣਾ, ਦੁਸ਼ਕਰ ਹੋ ਗਿਆ।


Sri Satguru Jagjit Singh Ji eLibrary NamdhariElibrary@gmail.com

ਜੇ ਗੁਰੂ ਨਾਨਕ ਦਾ ਇਹ ਸੂਤ੍ਰ ਪਕੜ ਵਿਚ ਆ ਗਿਆ, ਤਾਂ ਜੀਵਨ ਇਕ ਨਾਟਕ ਹੋ ਗਿਆ। ਸਾਰੀ ਸ੍ਰਿਸ਼ਟੀ ਇਕ ਰੰਗਮੰਚ (ਸਟੇਜ), ਹਰ ਪ੍ਰਾਣੀ ਕਿਸੇ ਭੂਮਿਕਾ ਵਿਚ, ਕਿਸੇ ਕਿਰਦਾਰ ਨੂੰ ਜੀਂਵਦਾ ਹੋਇਆ ਪਾਤਰ ਅਤੇ ਪਰਮਾਤਮਾ ਕਿਸੇ ਕੁਸ਼ਲ ਨਿਰਦੇਸ਼ਕ ਵਾਂਗ, ਇਸ ਵਿਸ਼ਾਲ ਨਾਟਕ ਦਾ ਸੂਤਰਧਾਰ ਬਣ ਗਿਆ। ਹੁਣ ਭੂਮਿਕਾ ਕਿਸੇ ਗਰੀਬ ਦੀ ਮਿਲੇ ਜਾਂ ਅਮੀਰ ਦੀ, ਕੋਈ ਫਰਕ ਨਹੀਂ। ਰੋਲ ਕੁਲੀ ਦਾ ਹੈ, ਜਾਂ ਸ਼ਹਿਨਸ਼ਾਹ ਦਾ, ਕੋਈ ਅਰਥ ਨਹੀਂ ਰਖਦਾ। ਕਿਰਦਾਰ ਨੂੰ ਪੂਰਨ ਸਮਰਪਣ ਨਾਲ ਹੰਡਾਣਾ ਹੀ, ਪਾਤਰ ਦਾ ਧਰਮ ਬਣ ਗਿਆ। ਪਰ ਜਦੋਂ ਤਕ ਸ੍ਰਿਸ਼ਟੀ ਦਾ ਇਹ ਰੰਗਮੰਚੀ ਰਹਸਯ ਪਕੜ ਵਿਚ ਨਹੀਂ ਆਇਆ' ਉਦੋਂ ਤਕ ਨਾਟਕ ਭੀ ਸਤ ਹੀ ਭਾਸਦਾ ਹੈ। ਕਿਸੇ ਨਾਟਕ ਦੇ ਪਾਤ੍ਰ ਦੀ ਖੁਸ਼ੀ ਨਾਲ ਖੁਸ਼, ਅਤੇ ਪਾਤਰ ਦੇ ਦੁਖ ਵਿਚ ਰੋਂਦੇ ਹੋਇ ਕਈ ਦਰਸ਼ਕ ਇਸ ਨਾਟਕੀ ਸਤ ਦੇ ਗਵਾਹ ਹਨ। ਈਸ਼ਵਰ ਚੰਦਰ ਵਿਦਿਆ ਸਾਗਰ, ਕਲਕੱਤੇ ਵਿਚ ਇਕ ਨਾਟਕ ਦੇਖ ਰਹੇ ਸਨ। ਖਲਨਾਇਕ ਦਾ ਇਕ ਲੜਕੀ ਨਾਲ ਜ਼ੋਰ ਜ਼ਬਰਦਸਤੀ ਦਾ ਦ੍ਰਿਸ਼ ਸੀ। ਧੱਕਾ-ਮੁੱਕੀ, ਸ਼ੀਲਹਰਨ ਦੀ ਚੇਸ਼ਟਾ, ਅਬਲਾ ਦੀ ਚੀਖ-ਪੁਕਾਰ ਨੇ ਮਾਹੌਲ ਕੁਝ ਐਸਾ ਬਣਾਇਆ ਕਿ ਵਿਦਿਆ ਸਾਗਰ ਨਿਯੰਤ੍ਰਣ ਨਾ ਰਖ ਸਕੇ। ਅਚਾਨਕ, ਗਰਜ ਕੇ ਉਸ ਹਾਲ ਵਿਚ ਖੜੇ ਹੋ ਗਏ ਅਤੇ ਪੈਰੋਂ ਜੁੱਤੀ ਲਾਹ ਕੇ ਉਸ ਖਲਨਾਇਕ ਤੇ ਦੇ ਮਾਰੀ। ਕੁਝ ਅਣਹੋਣੀ ਜਾਨ ਹਾਲ ਵਿਚ ਬੈਠੇ ਦਰਸ਼ਕ ਖੜੇ ਹੋ ਗਏ। ਨਾਟਕ ਦੇ ਪਾਤਰ ਅਤੇ ਦਰਸ਼ਕ ਸਾਰੇ ਹੀ ਵਿਦਿਆ ਸਾਗਰ ਜੀ ਦਾ ਤਮਤਮਾਇਆ ਚੇਹਰਾ ਵੇਖ, ਹੈਰਾਨ ਸਨ। ਅਚਾਨਕ ਖਲਨਾਇਕ ਦੀ ਭੂਮਿਕਾ ਨਿਭਾ ਰਹੇ ਬੰਗਾਲੀ ਕਲਾਕਾਰ "ਤਪਨ ਬੈਨਰਜੀ" ਨੇ ਸਟੇਜ ਤੇ ਡਿੱਗੀ, ਉਸ ਜੁੱਤੀ ਨੂੰ ਚੁੱਕ ਲਿਆ। ਕਿਸੇ ਕੀਮਤੀ ਮੈਡਲ ਵਾਂਗ ਚੁਮ ਕੇ ਮੱਥੇ ਲਾਇਆ ਤੇ ਭਾਵ ਵਿਭੋਰ ਹੋ ਕੇ ਕਿਹਾ, "ਆਮਾਰ ਜੀਵਨਾਰ, ਸਭ ਥੇਕੇ ਬੜੋ ਪੁਰਸਕਾਰ।" ਅਰਥਾਤ, "ਮੇਰੇ ਜੀਵਨ ਦਾ ਸਭ ਤੋਂ ਵੱਡਾ ਇਨਾਮ।" ਉਸ ਕਲਾਕਾਰ ਦੀ ਖਲਨਾਇਕੀ ਭੂਮਿਕਾ ਇਤਨੀ ਜੀਵੰਤ ਲਗੀ ਕਿ ਪ੍ਰਮੁਖ ਬੁੱਧੀਜੀਵੀ ਈਸ਼ਵਰਚੰਦ ਵਿਦਿਆ ਸਾਗਰ ਭੀ, ਸਤ ਸਮਝ ਬੈਠਾ।

ਕਿਥੋਂ ਮਿਲੇ, ਇਹ "ਸ੍ਰਿਸ਼ਟੀ-ਸੂਤਰ ?" ਕਿਸ ਤਰ੍ਹਾਂ ਪ੍ਰਾਪਤ ਹੋਣ, ਐਸੇ ਪਾਰਦਰਸ਼ੀ-ਨੇਤ੍ਰ ? ਭਗਤ ਵਿੱਠਲਨਾਥ (ਗੁਜਰਾਤੀ ਵਿਚ) ਕਹਿੰਦੇ ਹਨ—

"ਦਰਦ ਮਾ ਗਾਇਆ ਭੀ ਨਾ, ਰੋਇਆ ਕਰੋ,
ਆਣਿ ਜੀਵਨ ਮਾ ਡੇਠਾਇ ਬਸ ਜੋਯਾ ਕਰੋ।"

ਅਰਥਾਤ, ਜੀਵਨ ਵਿਚ ਜਦੋਂ ਭੀ ਦੁਖ ਦੀ ਘੜੀ ਆਵੇ ਤਾਂ ਹੋਰ ਕਿਸੇ ਨੂੰ ਆਪਣੀ ਵਿਥਿਆ ਨਾ ਸੁਣਾਉ। ਕਿਸੇ ਏਕਾਂਤ ਵਿਚ, ਕਿਸੇ ਬੰਦ ਕਮਰੇ ਵਿਚ, ਜਾਂ ਕਿਸੇ ਸੰਤ" ਕੋਲ ਜਾ ਕੇ ਰੋ ਲਵੀਂ। ਕਿਉਂਕਿ, ਸੰਤ ਕੋਲ ਹੈ, ਤੇਰੇ ਦੁਖ ਨਿਵਾਰਣ ਦਾ ਮੰਤ੍ਰ। ਸੰਤ ਹੈ, ਮਨੁਖੀ-ਸਮਸਿਆ ਦਾ ਸਮਾਧਾਨ। ਅਗਰ ਜੀਵਨ ਵਿਚ ਕਦੀ ਦੁਖ ਸਹਿਆ ਨਾ ਜਾਏ, ਤਾਂ ਕਿਸੇ ਗੁਰੂ ਨਾਨਕ ਦੇ ਚਰਣਾਂ ਤੇ ਸਿਰ ਰਖ ਕੇ ਰੋ ਲਵੀਂ। ਉਹ ਦੇਵੇਗਾ ਵਾਸਨਾ ਤੋਂ ਮੁਕਤ ਹੋਣ ਦਾ ਮੰਤ੍ਰ। ਦੁਖ ਨਿਵਰਤੀ ਦੇ ਇਸੇ ਸੂਤ੍ਰ ਨੂੰ ਜਨ-ਸਾਧਾਰਨ ਤਕ ਪਹੁੰਚਾਣ ਲਈ ਅਨੇਕਾਂ ਤੱਤ ਗਿਆਨੀ, ਰਿਸ਼ੀਆਂ, ਮੁਨੀਆਂ ਨੇ ਆਸ਼ਰਮ ਦੇ ਦਵਾਰ ਖੋਲੇ। ਅਨੇਕਾਂ "ਗੁਰੁਕੁਲ" (ਆਧਿਆਤਮਕ ਵਿਦਿਆ ਦੇ ਕੇਂਦਰ) ਖੁਲੇ।

ਇਕ ਦਿਨ, ਰਾਜਾ ਪਰੀਛਿਤ, ਸ਼ਿਕਾਰ ਖੇਡਦੇ ਹੋਏ ਘਨੇ ਜੰਗਲ ਵਿਚ ਚਲੇ ਗਏ। ਹੋਣੀ ਪ੍ਰਬਲ ਹੋ ਗਈ। ਤਪਸਿਆ ਕਰ ਰਹੇ ਇਕ ਸਾਧੂ ਦੇ ਗਲੇ ਵਿਚ ਮਰਿਆ ਸੱਪ ਪਾ ਦਿਤਾ। ਸਾਧੂ ਦੇ ਪੁੱਤਰ ਨੇ ਕਰੋਧ ਵਿਚ ਸਰਾਪ ਦੇ ਦਿਤਾ, "ਜਾ ਹੰਕਾਰੀ ਰਾਜਾ ! ਜਿਸ ਸੱਪ ਨੂੰ ਤੂੰ ਹੰਕਾਰਵਸ਼ ਮੇਰੇ ਸਮਾਧੀਸਥਿਤ ਪਿਤਾ ਦੇ ਗਲ ਵਿਚ ਪਾਇਆ ਹੈ, ਉਹੀ ਤੱਛਕ ਅਜ ਤੋਂ ਅਠਵੇਂ ਦਿਨ, ਤੇਰੀ ਮੌਤ ਦਾ ਕਾਰਨ ਬਣੇਗਾ।' ਪੁਤਰ ਦੀ ਸਰਾਪ ਗਰਜਣਾ ਤੋਂ, ਸਾਧੂ ਦੀ ਸਮਾਧੀ ਖੁਲ ਗਈ। ਹੋਣੀ ਤੋਂ ਪ੍ਰੇਰਿਤ ਰਾਜਾ ਪਰੀਛਿਤ ਦੀ ਭੁਲ ਅਤੇ ਤਪਸਵੀ, ਪਿਤ੍ਰੀਭਗਤ ਪੁਤਰ ਦੇ ਸ੍ਰਾਪ ਦੀ ਜਾਣਕਾਰੀ ਹੋਈ। ਪਰਜਾ ਪਾਲਕ ਰਾਜਾ ਪਰੀਛਿਤ ਦੇ ਪ੍ਰਤੀ ਸਾਧੂ ਦੇ ਦਿਲ ਵਿਚ ਕਰੁਣਾ ਜਾਗ ਗਈ। ਗੁਰਦੁਆਰੇ ਦੇ ਰਾਹ ਪਾ ਦਿਤਾ। ਕਿਹਾ-"ਰਾਜਨ ! ਇਕ ਤਪਸਵੀ ਦਾ ਸਰਾਪ ਤਾਂ ਅਮਿਟ ਹੁੰਦਾ ਹੈ, ਪਰ ਇਥੋਂ ਥੋਹੜੀ ਦੂਰ, ਗੰਗਾ ਦੇ ਕਿਨਾਰੇ ਮਹਾਤਮਾ ਸੁਕਦੇਵ ਦੀ ਕੁਟੀਆ ਹੈ। ਜੇ ਤੂੰ ਉਨ੍ਹਾਂ ਨੂੰ ਗੁਰੂ ਧਾਰ ਲੈ, ਤਾਂ ਕੋਈ ਨਾ ਕੋਈ ਜੁਗਤ ਉਥੋਂ ਮਿਲ ਜਾਏਗੀ।" ਮੌਤ ਤੋਂ ਡਰਿਆ ਹੋਇਆ ਰਾਜਾ ਪਰੀਛਿਤ ਪੂਰਨ ਗੁਰੂਦੇਵ ਦੀ ਸ਼ਰਣ ਵਿਚ ਗਿਆ। ਪਹਿਲੇ ਸਾਖਿਆਤ-ਕਾਰ ਵਿਚ ਹੀ ਦ੍ਰਿਸ਼ਟੀ ਮਿਲ ਗਈ। ਦੁਖ ਔਰ ਸੁਖ ਦੀ ਪਰੀਭਾਸ਼ਾ ਬਦਲ ਗਈ। ਮੌਤ, ਹੁਣ ਜੀਵਨ ਦਾ ਅੰਤ ਨਹੀਂ, ਨਵਜੀਵਨ ਦਾ ਪ੍ਰਾਰੰਭ ਬਣ ਗਿਆ। ਦੁਖ-ਸੁਖ,



Sri Satguru Jagjit Singh Ji eLibrary NamdhariElibrary@gmail.com

ਰਾਤ ਔਰ ਦਿਨ, ਪ੍ਰਕ੍ਰਿਤੀ ਦੇ ਪਰਿਵਰਤਨਸ਼ੀਲ ਚੱਕਰ ਦੇ ਹਿੱਸੇ ਬਣ ਗਏ। ਹਰਖ-ਸੋਗ ਅਰਥ ਹੀਣ ਹੋ ਗਏ। ਗੁਰੂ ਦੇ ਪਹਿਲੇ ਚਰਣ ਸਪਰਸ਼ ਦੇ ਨਾਲ ਹੀ ਪਰੀਛੀਤ ਨੇ ਗਰਵ ਨਾਲ ਕਿਹਾ, "ਮਨੁੱਖੀ ਦੇਹ ਤਾਂ ਮਰਨ-ਧਰਮਾ ਹੈ। ਇਕ ਖਿਣ ਦਾ ਭੀ ਭਰੋਸਾ ਨਹੀਂ। ਮੈਂ ਕਿਤਨਾ ਭਾਗਸ਼ਾਲੀ ਹਾਂ, ਮੈਨੂੰ ਤਾਂ ਪੂਰੇ ਅੱਠ ਦਿਨ ਦਾ ਸਮਾਂ ਮਿਲ ਗਿਆ।" ਪੂਰਨ ਗੁਰੂ ਮਿਲ ਗਿਆ। ਰਾਤ ਦਾ ਅੰਧਿਆਰਾ ਹੁਣ ਡਰਾਵਣਾ ਨਹੀਂ, ਦਿਨ ਦੀ ਸਾਰੀ ਥਕਾਨ ਲਾਹੁਣ ਲਈ ਵਿਸ਼ਰਾਮ ਦਾ ਵਰਦਾਨ ਬਣ ਗਿਆ। ਬ੍ਰਹਮ-ਖੋਜ ਦੇ ਯਾਤਰੂ ਜੀਵ ਲਈ, ਮੌਤ, ਇਕ ਪੜਾਅ ਸਮਾਨ ਸੁਖਦਾਈ "ਰੈਣ-ਬਸੇਰਾ" ਹੋ ਗਈ। ਕੁਝ ਸਮਾਂ ਪਹਿਲਾਂ ਤਕ ਮੌਤ ਤੋਂ ਭੈ-ਭੀਤ ਰਾਜਾ ਪਰੀਛਿਤ ਦਾ ਚੇਹਰਾ ਹੁਣ, ਪੂਰੇ ਗੁਰੂ ਨਾਲ ਮਿਲਕੇ, ਗਿਆਨ ਦੀ ਆਭ੍ਹਾ ਨਾਲ ਚਮਕ ਉਠਿਆ ਸੀ।

ਕਹਿੰਦੇ ਹਨ, ਭੁੱਖ ਅਤੇ ਦੁੱਖ ਦਾ ਰਿਸ਼ਤਾ ਬੜਾ ਗਹਿਰਾ ਹੈ—ਜਿਥੇ ਭੁਖ ਹੈ, ਉਥੇ ਦੁਖ ਹੈ। ਜੀਊਣ ਦੀ ਭੁਖ ਹੈ ਤਾਂ ਮੌਤ ਦਾ ਦੁਖ ਜ਼ਰੂਰ ਹੋਵੇਗਾ। ਪੁੱਤਰ ਜਾਂ ਧਨ ਦੀ ਭੁਖ ਹੈ, ਨਾ ਹੋਣ ਦਾ ਦੁਖ ਹੈ। ਬੜਾ ਸੂਖਮ ਹੈ, ਇਹ ਸੰਬੰਧ! ਪਦਾਰਥਾਂ ਦੀ ਭੁਖ ਵਿਚ ਵਾਧਾ ਕਰ, ਦੁਖ ਘਟਾਉਣ ਦੀ ਮ੍ਰਿਗ-ਤ੍ਰਿਸ਼ਨਾ ਪਾਲਣ ਵਾਲਿਆਂ ਨੂੰ ਗੁਰੂ ਨਾਨਕ ਨੇ ਸੂਖਮ ਦ੍ਰਿਸ਼ਟੀ ਦਿਤੀ:

"ਦੁਖੁ ਦਾਰੂ, ਸੁਖ ਰੋਗ ਭਇਆ"

ਭੌਤਿਕ ਸੁਖ-ਸਾਧਨਾਂ ਨੂੰ ਮਾਨਸਿਕ ਰੋਗ (ਵਿਕ੍ਰਿਤੀ) ਅਤੇ ਦੁਖ ਨੂੰ ਦਵਾ-ਪ੍ਰਾਪਤੀ ਸਮਝ ਅਕਾਲ-ਪੁਰਖ ਦਾ ਸ਼ੁਕਰਾਨਾ, ਗੁਰੂ ਨਾਨਕ ਜਿਹੇ ਪੂਰਨ ਗੁਰੂ ਦੀ ਨਿਰਾਲੀ ਵਿਧੀ ਹੈ। ੮੦ ਸਾਲ ਦੀ ਉਮਰ ਵਿਚ, ਵਾਸਨਾ ਤੋਂ ਪੀੜਤ, ਮਛੰਦਰ ਨਾਥ ਦਾ ਵਿਆਹ ਕਰਵਾਉਣਾ, ਗਵਾਹ ਹੈ ਕਿ "ਤੰਤਰ ਸ਼ਕਤੀ ਨਾਲ ਲੋਗਾਂ ਦੀਆਂ ਭੌਤਿਕ ਜ਼ਰੂਰਤਾਂ ਪੂਰੀਆਂ ਕਰਦਾ ਹੋਇਆ, ਯੋਗੀ ਮਛੰਦਰ ਨਾਥ ਆਪਣੇ ਅੰਦਰ ਭੀ ਵਾਸਨਾ ਦਾ ਢੇਰ ਇਕੱਠਾ ਕਰਦਾ ਰਿਹਾ, ਪਦਾਰਥਾਂ ਦਾ ਸੰਤੁਲਨ ਨਾ ਰੱਖ ਸਕਿਆ।

ਪ੍ਰਾਣੀ ਸਮਾਜ ਲਈ, ਵਿਸ਼ੇਸ਼ ਕਰ, ਹਰ ਧਾਰਮਕ ਸੰਸਥਾ ਲਈ ਬਹੁਤ ਜ਼ਰੂਰੀ ਹੈ "ਆਤਮ ਵਿਸ਼ਲੇਸ਼ਨ"! ਕਿਤੇ ਅਨਜਾਣੇ ਵਿਚ ਹੀ, ਧਰਮ ਦੀ ਓਟ ਵਿਚ, ਧਨ-ਵਧਾਊ ਵਾਸਨਾ ਦੀ ਅੱਗ ਨੂੰ ਤਾਂ ਹਵਾ ਨਹੀਂ ਦੇ ਰਹੇ? ਕਿਤੇ ਗੁਰੂ ਕੋਲ ਬੈਠ ਕੇ ਭੀ ਇਕ ਦੂਸਰੇ ਤੇ ਹਾਵੀ ਹੋਣ ਦੀ ਸ਼ਤਰੰਜੀ ਚਾਲ ਤਾਂ ਨਹੀਂ ਚਲ ਰਹੇ? ਕਿਤੇ ਗੁਰੂ ਨਾਨਕ ਦੀ ਹਜ਼ੂਰੀ ਵਿਚ ਨਮਾਜ਼ ਅਦਾ ਕਰ ਰਹੇ ਮੌਲਵੀ ਵਾਂਗ, ਘਰ ਦੇ ਵੇਹੜੇ ਵਿਚ ਵਛੇੜੇ ਦੀ ਸੰਭਾਲ ਜਾਂ ਨਵਾਬ ਵਾਂਗ ਘੋੜਿਆਂ ਦੀ ਖਰੀਦ-ਫਰੋਖਤ ਕਰਨ ਕਾਬਲ ਤਾਂ ਨਹੀਂ ਪਹੁੰਚ ਗਏ? ਧਨ ਨੂੰ ਧਰਮ ਤੇ, ਜਾਂ ਕਾਮ ਨੂੰ ਮੋਖ ਤੇ ਸਵਾਰ ਕਰਨ ਦੀ ਮਨਸ਼ਾ, ਕਾਲਾਂਤਰ ਵਿਚ ਚਾਰ ਪਦਾਰਥਾਂ ਦੇ ਸੰਤੁਲਨ ਨੂੰ ਵਿਗਾੜਨ ਵਾਲੀ, ਖਤਰਨਾਕ ਪਰੰਪਰਾ ਸਾਬਤ ਹੋ ਸਕਦੀ ਹੈ। ਸਮਾਧਾਨ ਹਿਤ ਤਤ-ਦਰਸ਼ੀ ਨੌਵੇਂ ਪਾਤਸ਼ਾਹ ਸੂਤਰ ਦਿੰਦੇ ਹਨ—

"ਜਿਹਿ ਪ੍ਰਾਨੀ ਹਉਮੈ ਤਜੀ, ਕਰਤਾ ਰਾਮ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ, ਇਹ ਮਨ ਸਾਚੀ ਮਾਨੁ ॥
(ਮਹਲਾ ੯, ਸਲੋਕ ੧੯)

ਪਹਿਲਾ "ਮੈਂ" ਦਾ ਤਿਆਗ ਅਤੇ ਦੂਸਰਾ ਸ੍ਰਿਸ਼ਟੀ ਕਰਤਾ ਦੇ ਰੂਪ ਵਿਚ "ਰਾਮ" ਦੀ ਪ੍ਰਤੀਤੀ! ਜਦੋਂ ਤਕ ਮੈਂ ਹਾਂ, ਮੇਰਾ ਅਹੰਕਾਰ ਹੈ। ਅਹੰਕਾਰ ਦਾ ਅਰਥ ਹੈ—ਅਹਮ+ਕਾਰ। ਅਹਮ=ਮੈਂ। ਕਾਰ=ਕਰਤਾ। ਅਰਥਾਤ ਮੈਂ ਹਾਂ ਕਰਤਾ। ਮੇਰਾ ਜੋ ਕੁਛ ਹੈ, ਉਹ ਮੈਂ ਬਣਾਇਆ ਹੈ। ਇਸ ਵਿਚ ਹੋਰ ਵਾਧਾ ਕਰਨ ਦਾ ਉਪਰਾਲਾ ਭੀ ਮੇਰਾ ਹੀ ਹੋਇਆ। ਜਦੋਂ ਹਉਮੈ ਤਿਆਗੀ, ਮੈਂ ਕਰਤਾ ਨਾ ਰਿਹਾ, ਉਪਕਰਣ ਬਣ ਗਿਆ। ਅਹੰਕਾਰ ਮਿਟ ਗਿਆ, ਸਮਰਪਣ ਦਾ ਭਾਵ ਆ ਗਿਆ। ਮੇਰਾ ਧਨ, ਮੇਰਾ ਧਰਮ, ਮੇਰਾ ਕਾਮ ਅਤੇ ਮੇਰਾ ਮੋਖ ਸਭ ਕੁਝ ਪ੍ਰਮੇਸ਼ਰ ਨੂੰ ਸਮਰਪਿਤ ਹੋ ਗਿਆ। ਚਾਰ ਪਦਾਰਥ ਸੰਤੁਲਿਤ ਹੋ ਗਏ। ਪ੍ਰਾਣੀ ਪੂਰਨ ਹੋ ਗਿਆ। ਸਾਧਕ, 'ਸੰਤ' ਬਣ ਗਿਆ।


JANTA
HYDRAULIC PRESSES

JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574
MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING





Sri Satguru Jagjit Singh Ji eLibrary NamdhariElibrary@gmail.com

## ਕਰਤਾਰੀ ਪ੍ਰਤਿਭਾ ਦਾ ਜਲੌਅ

# ਮਹਿੰਦਰ ਸਿੰਘ ਸਰਨਾ

✲ ਵਰਿਆਮ ਸਿੰਘ ਸੰਧੂ

ਨਾਵੀਂ-ਦਸਵੀਂ ਵਿਚ ਪੜ੍ਹਦਾ ਸਾਂ ਜਦੋਂ ਸਿਲੇਬਸ ਵਿਚ ਲੱਗੀ ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਤ੍ਰਿਕਾਲਾਂ' ਪੜ੍ਹੀ। ਉਸ ਕਹਾਣੀ ਦਾ ਸ਼ਾਮ ਨੂੰ ਡੰਗਰ ਚਾਰ ਕੇ ਘਰ ਮੁੜਨ ਵਾਲਾ, ਵੱਡੀ ਭੈਣ ਨਾਲ ਨਿੱਕੀਆਂ ਨਿੱਕੀਆਂ ਸ਼ਰਾਰਤਾਂ ਤੇ ਰੋਸੇ ਕਰਨ ਵਾਲਾ, ਖੰਡ-ਘਿਉ ਨਾਲ ਰੋਟੀ ਮੰਗਣ ਵਾਲਾ, ਚੁਲ੍ਹੇ ਅੱਗੇ ਬਹਿਕੇ ਚੁਆਤੀਆਂ ਛੇੜਨ ਵਾਲਾ ਪ੍ਰੀਤੂ ਮੈਂ ਹੀ ਤਾਂ ਸਾਂ। ਪ੍ਰੀਤੂ ਦੀ ਭੈਣ, ਉਹਦੇ ਮਾਂ-ਬਾਪ ਦਾ ਵਿਹਾਰ ਤੇ ਸੋਚ ਮੇਰੇ ਬੜੇ ਜਾਣੇ ਪਛਾਣੇ ਸਨ ਤੇ ਸਭ ਤੋਂ ਵੱਧ ਕੇ ਜਾਨਦਾਰ ਸੀ 'ਤ੍ਰਿਕਾਲਾਂ' ਦਾ ਉਹ ਚਿਤਰ ਜਦੋਂ ਵਾਗੀ ਡੰਗਰਾਂ ਸਮੇਤ ਘਰਾਂ ਨੂੰ ਮੁੜਦੇ ਸਨ, ਧਰਤੀ ਨੂੰ ਛੂੰਹਦੇ ਸੂਰਜ ਦੀ ਫਿੱਕੀ ਬਦਾਮੀ ਲੋਅ ਵਿਚ, ਉੱਡਦੀ ਧੂੜ ਵਿਚ, ਭੇਡਾਂ ਬੱਕਰੀਆਂ ਦੀ ਮੈਂ ਮੈਂ. ਤੇ ਬਾਂ ਬਾਂ ਵਿਚ...... ।

ਫਿਰ ਮੈਂ ਉਸ ਦੇ ਦੋ ਨਾਵਲ 'ਕਾਂਗਾਂ ਤੇ ਕੰਢੇ' ਤੇ 'ਪੀੜਾਂ ਮੱਲੇ ਰਾਹ' ਵੀ ਪੜ੍ਹੇ ਤੇ ਪਰਚਿਆਂ ਵਿਚ ਛਪਦੀਆਂ ਕਹਾਣੀਆਂ ਵੀ। ਬਤੌਰ ਗਲਪ ਲੇਖਕ ਉਹਨੇ ਮੇਰੇ ਮਨ ਨੂੰ ਕਾਇਲ ਕਰ ਲਿਆ ਸੀ। ਪਰ ਜਦੋਂ ਕੁਝ ਅਗਲੇ ਸਾਲਾਂ ਵਿਚ ਮੈਂ ਵੀ ਸਾਹਿਤ ਪੜ੍ਹਨ, ਸਮਝਣ ਤੇ ਕਹਾਣੀ ਨੂੰ ਮੂੰਹ ਮਾਰਨ ਲੱਗ ਪਿਆ ਤਾਂ ਮੈਂ ਵੇਖਿਆ ਸਰਨਾ ਦਾ ਪੰਜਾਬੀ ਕਹਾਣੀ ਦਾ ਓਨਾ ਜ਼ਿਕਰ ਨਹੀਂ ਸੀ ਜਿੰਨੇ ਦਾ ਉਹ ਹੱਕਦਾਰ ਸੀ। ਮੇਰਾ ਮਿੱਤਰ ਪੰਜਾਬੀ ਸ਼ਾਇਰ ਤੇ ਹੁਣ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਹਰਭਜਨ ਹਲਵਾਰਵੀ ਜਦੋਂ ਗੁਪਤਵਾਸ ਸਮੇਂ ਮੇਰੇ ਕੋਲ ਆਉਂਦਾ ਤਾਂ ਅਸੀਂ ਦੇਸੀ ਵਿਦੇਸ਼ੀ ਸਾਹਿਤ ਦੀਆਂ ਗੱਲਾਂ ਕਰਦੇ। ਹਲਵਾਰਵੀ ਨੇ ਬਹੁਤ ਸਾਰਾ ਵਿਦੇਸ਼ੀ ਗਲਪ ਸਾਹਿਤ ਪੜ੍ਹਿਆ ਹੋਇਆ ਹੈ ਤੇ ਉਹ ਉਸ ਬਾਰੇ ਬੜੇ ਅਧਿਕਾਰ ਨਾਲ ਗੱਲ ਕਰਦਾ। ਜਦੋਂ ਮੈਂ ਪੰਜਾਬੀ ਕਹਾਣੀ ਸੰਬੰਧੀ ਉਸ ਨਾਲ ਗੱਲ ਕੀਤੀ ਤਾਂ ਮੈਨੂੰ ਖੁਸ਼ੀ ਹੋਈ ਕਿ 'ਸਰਨਾ' ਬਾਰੇ ਉਸ ਦੀ ਤੇ ਮੇਰੀ ਰਾਇ ਸਾਂਝੀ ਸੀ। ਉਸ ਦੀਆਂ ਕਹਾਣੀਆਂ ਦੀ ਗੱਲ ਕਰਦਿਆਂ ਹਲਵਾਰਵੀ ਦੀਆਂ ਅੱਖਾਂ ਵਿਚ ਆਈ ਚਮਕ ਮੈਨੂੰ ਅਜੇ ਵੀ ਯਾਦ ਹੈ। ਪਰ ਜਦੋਂ ਕਿਤੇ ਸਾਹਿਤਕ ਸਮਾਗਮਾਂ ਵਿਚ ਕਹਾਣੀ ਦੀ ਗੱਲ ਛਿੜਦੀ ਤਾਂ ਪਹਿਲੀ ਦੂਜੀ ਪੀੜ੍ਹੀ ਵਿਚੋਂ ਵਿਸ਼ੇਸ਼ ਜ਼ਿਕਰ ਸੇਖੋਂ, ਸੁਜਾਨ ਸਿੰਘ, ਦੁੱਗਲ, ਵਿਰਕ, ਧੀਰ ਆਦਿ ਦਾ ਹੀ ਛਿੜਦਾ। ਚੰਗੇ ਕਹਾਣੀਕਾਰਾਂ ਦੀ ਸੂਚੀ ਵਿਚ ਤਾਂ ਸਰਨਾ ਵੀ ਸ਼ਾਮਲ ਹੁੰਦਾ ਸੀ, ਪਰ ਉਹਦਾ ਜ਼ਿਕਰ ਐਵੇਂ ਚਲਾਵਾਂ ਜਿਹਾ ਹੁੰਦਾ। ਉਹ ਤਾਂ ਮੇਰੇ ਲਈ ਵਿਸ਼ੇਸ਼ ਜ਼ਿਕਰ ਦਾ ਹੱਕਦਾਰ ਸੀ।

ਤੇ ਫਿਰ ਪਿਛਲੇ ਸਾਲ 'ਨਵਾਂ ਜ਼ਮਾਨਾ' ਦੇ ਮੁਖ ਸੰਪਾਦਕ ਜਗਜੀਤ ਸਿੰਘ ਆਨੰਦ ਤੇ ਉਰਮਿਲਾ ਆਨੰਦ ਨੇ ਬੜੇ ਮੋਹ ਨਾਲ ਸਰਨੇ ਦੀਆਂ ਸਾਰੀਆਂ ਚੋਣਵੀਆਂ ਕਹਾਣੀਆਂ' ਦਾ ਸੰਗ੍ਰਹਿ ਪੜ੍ਹਨ ਤੇ ਉਸ ਬਾਰੇ ਮੈਨੂੰ ਕੁਝ ਲਿਖਣ ਲਈ ਕਿਹਾ। ਮੈਂ ਅਖਬਾਰਾਂ ਲਈ ਨਹੀਂ ਲਿਖਦਾ। ਮੇਰੀ ਆਦਤ ਹੈ। ਪਰ ਮੈਂ ਸਰਨੇ ਦੀਆਂ ਕਹਾਣੀਆਂ ਇਕੱਠੀਆਂ ਪੜ੍ਹਨੀਆਂ ਚਾਹੁੰਦਾ ਸਾਂ ਤੇ ਪਿਛਲੇ ਸਿਆਲ ਦੀ ਧੁੱਪ ਵਿਚ ਮੈਂ ਇਹ ਕਹਾਣੀਆਂ ਰਸ ਲੈ ਲੈ ਕੇ ਪੜ੍ਹੀਆਂ। ਮੈਂ ਜੋ ਖ਼ੁਦ ਵੀ ਸਮੇਂ ਨਾਲ ਸ਼ਾਇਦ ਸਰਨੇ ਵਲੋਂ ਥੋੜ੍ਹੀ ਟੇਢ ਵੱਟ ਗਿਆ ਸਾਂ ਜਦੋਂ ਉਸਦੇ ਸਨਮੁੱਖ ਹੋਇਆ ਤਾਂ ਉਹਦੀ ਕਰਤਾਰੀ ਪ੍ਰਤਿਭਾ ਦੇ ਜਲੌਅ ਨਾਲ ਚੁੰਧਿਆ ਗਿਆ। ਮੈਂ ਉਸ ਦੀਆਂ ਕਹਾਣੀਆਂ ਬਾਰੇ ਇਕ ਲੰਮਾ ਲੇਖ ਲਿਖਦਿਆਂ ਹੋਇਆਂ ਇਹ ਲਿਖਿਆ ਸੀ ਕਿ ਸਰਨਾ ਕੁਲਵੰਤ ਸਿੰਘ ਵਿਰਕ ਦੇ ਪਾਏ ਦਾ ਕਹਾਣੀਕਾਰ ਹੈ। ਉਸ ਦੇ ਨਾਲ ਬਰਾਬਰ ਤੁਲਦਾ ਹੋਇਆ। ਇਹ ਵੱਖਰੀ ਗੱਲ ਹੈ ਕਿ ਉਸਨੂੰ ਵਿਰਕ ਵਾਂਗ ਗੌਲਿਆ ਤੇ ਵਡਿਆਇਆ ਨਹੀਂ ਗਿਆ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਸਰਨਾ ਨੇ ਆਲੋਚਕਾਂ ਤੱਕ 'ਪਹੁੰਚ' ਹੀ ਨਾ ਕੀਤੀ ਹੋਵੇ। ਹੋ ਸਕਦਾ ਹੈ ਆਲੋਚਕਾਂ ਨੇ ਸਰਨੇ ਨੂੰ 'ਨਿੱਠ' ਕੇ ਪੜ੍ਹਿਆ ਹੀ ਨਾ ਹੋਵੇ। ਕੁਝ ਵੀ ਹੋਵੇ, ਪਰ ਜਿਵੇਂ ਕੁਝ ਫੁੱਲ ਪਹਾੜਾਂ ਦੀ ਪਥਰੀਲੀ ਹਿੱਕ ਨੂੰ ਪਾੜ ਕੇ ਉੱਗ ਪੈਂਦੇ ਹਨ ਤੇ ਉਨ੍ਹਾਂ ਦਾ ਹਵਾ ਵਿਚ ਝੂਮਦਾ ਲਹਿਰਾਉਂਦਾ ਆਪਾ ਤੇ ਹਵਾ ਵਿਚ ਫੈਲੀ ਮਹਿਕ ਬੋਲ ਬੋਲ ਕੇ ਆਖਦੀ ਹੈ : "ਵੇਖੋ ਏਧਰ ! ਮੇਰੇ ਵੱਲ", ਇੰਞ ਹੀ ਸਰਨਾ ਦੀਆਂ ਕਹਾਣੀਆਂ ਬੋਲ ਬੋਲਕੇ ਆਖਦੀਆਂ ਹਨ—ਆਪਣੇ ਬਾਰੇ, ਸਾਡੇ ਤੁਹਾਡੇ ਤੇ ਆਸੇ-ਪਾਸੇ ਦੇ ਲੋਕਾਂ ਬਾਰੇ। ਉਹਦੀਆਂ ਕਹਾਣੀਆਂ ਦੇ ਜਾਦੂ ਦਾ ਕੀਲਿਆ ਹੋਇਆ ਮੈਂ ਉਹ ਲੇਖ ਲਿਖ ਗਿਆ। ਕੁਲਵੰਤ ਸਿੰਘ ਵਿਰਕ ਤੋਂ ਪਿਛੋਂ ਉਹ ਇਕੋ-ਇਕ ਕਹਾਣੀ-ਕਾਰ ਹੈ, ਜਿਸ ਬਾਰੇ ਮੈਂ ਕੁਝ ਲਿਖਿਆ ਹੈ। ਉਸ ਲੇਖ ਦੇ ਅਖੀਰ ਵਿਚ ਮੈਂ ਇਹ ਵੀ ਆਖਿਆ ਸੀ ਕਿ ਪਤਾ ਨਹੀਂ 'ਭਾਰਤੀ ਸਾਹਿਤ ਅਕਾਦਮੀ' ਨੂੰ ਅਜੇ ਤਕ ਸਰਨਾ ਕਿਉਂ ਨਹੀਂ ਦਿਸਿਆ। ਉਸ ਲੇਖ ਬਾਰੇ 'ਨਵਾਂ ਜ਼ਮਾਨਾ' ਵਿਚ ਵੀ ਚਿੱਠੀਆਂ ਛਪੀਆਂ ਸਨ, ਪਰ ਉਸੇ ਭਾਵ ਦੀ ਚਿੱਠੀ



Sri Satguru Jagjit Singh Ji eLibrary NamdhariElibrary@gmail.com

ਜਦੋਂ ਮੈਨੂੰ ਸਰਨਾ ਦੀ ਮਿਲੀ, ਜਿਸ ਵਿਚ ਉਸਨੇ ਮੈਨੂੰ ਆਖਿਆ ਸੀ ਕਿ ਜੇ ਮੇਰੇ ਵਰਗਾ ਕਹਾਣੀਕਾਰ ਉਸ ਬਾਰੇ ਅਜਿਹਾ ਸੋਚਦਾ ਤੇ ਲਿਖਦਾ ਹੈ ਤਾਂ ਇਹ ਉਹਦੇ ਲਈ 'ਸਾਹਿਤ ਅਕਾਦਮੀ' ਦੇ ਇਨਾਮ ਨਾਲੋਂ ਵੀ ਵੱਡੀ ਗੱਲ ਹੈ। ਇਹ ਕਹਿਣਾ ਸਰਨਾ ਦੀ ਤੇ ਮੇਰੇ ਪਾਠਕਾਂ ਦੀ ਵਡਿਆਈ ਸੀ। ਮੈਨੂੰ ਖੁਸ਼ੀ ਹੋਈ ਕਿ ਮੇਰਾ ਮਹਿਬੂਬ ਲੇਖਕ ਮੇਰੇ ਲਿਖੇ ਸ਼ਬਦਾਂ ਦਾ ਏਨਾ ਮਾਣ ਕਰਦਾ ਹੈ। ਮੈਂ ਇਹ ਤਾਂ ਨਹੀਂ ਸਮਝਦਾ ਤੇ ਨਾ ਮੈਨੂੰ ਕੋਈ ਭਰਮ ਹੈ ਕਿ ਸਾਹਿਤ ਅਕਾਦਮੀ ਨੇ ਐਤਕੀਂ ਮੇਰੇ ਲਿਖੇ ਸ਼ਬਦਾਂ ਦਾ ਮਾਣ ਕਰਕੇ ਹੀ ਸਰਨਾ ਨੂੰ ਅਕਾਦਮੀ ਇਨਾਮ ਦਿਤਾ ਹੈ, ਪਰ ਮੈਨੂੰ ਇਹ ਡਾਢੀ ਖੁਸ਼ੀ ਹੈ ਕਿ ਸਰਨੇ ਲਈ ਤਾਂ ਭਾਵੇਂ ਬਹੁਤ ਦੇਰ ਪਿਛੋਂ, ਪਰ ਮੇਰੇ ਆਖਣ ਪਿਛੋਂ ਉਸੇ ਸਾਲ ਹੀ ਉਸ ਨੂੰ ਅਕਾਦਮੀ ਦਾ ਇਨਾਮ ਮਿਲ ਗਿਆ ਹੈ।

ਪਿਛਲੇ ਸਾਲ ਪੰਜਾਬੀ ਕਹਾਣੀਕਾਰ ਪ੍ਰੇਮ ਪ੍ਰਕਾਸ਼, ਅਕਾਦਮੀ ਇਨਾਮ ਦਾ ਫੈਸਲਾ ਕਰਨ ਵਾਲੇ ਉਪਰਲੇ ਤਿੰਨ ਬੰਦਿਆਂ ਵਿਚੋਂ ਇਕ ਸੀ। ਮੇਰੇ ਨਾਲ ਗੱਲਬਾਤ ਕਰਦਿਆਂ ਉਸ ਨੇ ਦਸਿਆ ਕਿ ਕਰਤਾਰ ਸਿੰਘ ਦੁੱਗਲ ਨੇ ਉਸ ਨੂੰ ਆਖਿਆ : "ਫੈਸਲਾ ਤਾਂ ਤੁਸੀਂ ਜੋ ਚਾਹੋ ਕਰੋ, ਪਰ ਸਰਨੇ ਬਾਰੇ ਤੇਰਾ ਕੀ ਖਿਆਲ ਹੈ ?" ਤਾਂ ਪ੍ਰੇਮ ਨੇ ਅੱਗੋਂ ਆਖਿਆ, "ਸਰਨਾ ਅੱਜ ਤੋਂ ਤੀਹ ਸਾਲ ਪੁਰਾਣਾ ਹੈ"...

ਪ੍ਰੇਮ ਪ੍ਰਕਾਸ਼ ਦਾ ਇਹ ਜੁਆਬ ਸੁਣ ਕੇ ਮੈਨੂੰ ਨਿਰਾਸ਼ਾ ਹੋਈ। ਪ੍ਰੇਮ ਪ੍ਰਕਾਸ਼ ਵਾਂਗ ਮੈਂ ਵੀ ਇਹ ਮੰਨਦਾ ਹਾਂ ਤੀਜੀ ਪੀੜ੍ਹੀ ਦੀ ਕਹਾਣੀ ਪਹਿਲਾਂ ਨਾਲੋਂ ਵਧੇਰੇ ਬਹੁ-ਪਰਤੀ, ਬਹੁ-ਪਾਸਾਰੀ ਹੋ ਗਈ ਹੈ ਤੇ ਬ੍ਰਿਤਾਂਤ-ਦ੍ਰਿਸ਼ਟੀ ਦੇ ਪੱਖੋਂ ਵੀ ਇਸ ਵਿਚ ਬਹੁਤ ਸਾਰੇ ਨਵੇਂ ਪਸਾਰ ਜੁੜੇ ਹਨ। ਪਰ ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਇਸ ਨਾਲ ਦੂਜੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਨ ਵਾਲੀ ਪ੍ਰਮੁਖ ਕਹਾਣੀ ਪੁਰਾਣੀ ਹੋ ਗਈ ਹੈ ਅਤੇ ਆਪਣੀ ਤਾਜ਼ਗੀ ਗੁਆ ਬੈਠੀ ਹੈ। ਇਹੋ ਵਿਚਾਰ ਮੇਰਾ ਸਰਨਾ ਦੀਆਂ ਕਹਾਣੀਆਂ ਬਾਰੇ ਹੈ। ਇਸ ਵਿਚ ਸ਼ੱਕ ਨਹੀਂ ਕਿ ਉਸਦੀਆਂ ਕਹਾਣੀਆਂ ਇਕਹਿਰੀਆਂ ਹਨ, ਪਰ ਇਹ ਕਹਾਣੀਆਂ ਸਪਾਟ ਨਹੀਂ। ਇਹ ਇਕਹਿਰੀਆਂ ਹੋ ਕੇ ਵੀ ਡੂੰਘੀਆਂ ਹਨ। ਸਥਿਤੀ ਅਤੇ ਮਨ ਵਿਚ ਬਹੁਤ ਡੂੰਘਾ ਉਤਰ ਜਾਣ ਵਾਲੀਆਂ। ਅਤਿ ਦੀ ਸਰਦੀ ਵਿਚ ਕੋਸੀ ਕੋਸੀ ਧੁੱਪ ਵਾਂਗ ਨਿੱਘ ਦੇ ਕੇ ਨਾੜਾਂ ਵਿਚ ਜੰਮਿਆ ਲਹੂ ਤੋਰਨ ਵਾਂਗ ਰੂਹ ਨੂੰ ਪਿਘਲਾ ਦੇਣ ਵਾਲੀਆਂ, ਤਾਪ ਨਾਲ ਭਖਦੇ ਮੱਥੇ ਤੇ ਠੰਢੀ ਪੱਟੀ ਰੱਖਣ ਵਾਲੀਆਂ, ਨਿੱਕੇ ਨਿੱਕੇ ਅਣਗੌਲੇ ਪਹਿਲੂਆਂ ਨੂੰ ਰੇਤ ਵਿਚ ਰਲੇ ਸੋਨੇ ਦੇ ਕਣਾਂ ਵਾਂਗ ਧੁੱਪ ਵਿਚ ਚਮਕਾ ਦੇਣ ਵਾਲੀਆਂ, ਰੁੱਗ ਭਰ ਕੇ ਬੰਦੇ ਅੰਦਰਲੀ ਕੁੜੱਤਣ ਨੂੰ ਬਾਹਰ ਕੱਢ ਕੇ ਉਥੇ ਮਿੱਠੇ ਮੁਰੱਬੇ ਧਰ ਦੇਣ ਵਾਲੀਆਂ—ਇਹ ਕਹਾਣੀਆਂ ਪੜ੍ਹਨ ਤੋਂ ਪਿੱਛੋਂ ਬੰਦਾ ਉਹ ਨਹੀਂ ਰਹਿੰਦਾ ਜਿਵੇਂ ਉਹ ਕਹਾਣੀ ਪੜ੍ਹਨ ਤੋਂ ਪਹਿਲਾਂ ਸੀ। ਉਸ ਵਿਚ ਕੁਝ ਨਵਾਂ ਕੁਝ ਸੋਹਣਾ ਜੁੜ ਗਿਆ ਹੁੰਦਾ ਹੈ। ਬਿਲਕੁਲ ਇਸ ਤਰ੍ਹਾਂ—ਜਿਵੇਂ ਛੋਟੀ ਜਿਹੀ ਬੱਚੀ ਦੁਆਰਾ ਗੁਰਦੁਆਰੇ ਵਿਚੋਂ ਪ੍ਰਸ਼ਾਦ ਵਜੋਂ ਲਏ ਪਤਾਸੇ ਸਹਿਵਕ ਹੀ ਸ਼ਰਾਬ ਵਿਚ ਪਾ ਦਿਤੇ ਜਾਣ ਨਾਲ...ਕਿ ਇੰਝ ਇਹ ਕੌੜਾ ਸ਼ਰਬਤ ਮਿੱਠਾ ਹੋ ਜਾਵੇਗਾ। ਕਤਲ ਕਰਨ ਦੀ ਨੀਅਤ ਨਾਲ ਬੈਠੇ ਕਾਤਲਾਂ ਦੇ ਮਨ ਬਦਲ ਜਾਂਦੇ ਹਨ, ਉਹ ਫਿਰ ਮੋਹ ਵਿਚ ਵਗਦਾ ਦਰਿਆ ਬਣ ਜਾਂਦੇ ਹਨ—(ਇਕ ਬਾਲੜੀ ਦੋ ਪਤਾਸੇ)

ਉਹਦੀ ਤੀਖਣ ਬੁੱਧੀ, ਤੇਜ਼ ਵਾਰ ਵਰਗਾ ਕਟਾਖਸ਼ ਤਕ ਪਹੁੰਚਦਾ ਵਿਅੰਗ, ਨਿੱਕੇ ਤੋਂ ਨਿੱਕੇ ਬਿੰਦੂ ਨੂੰ ਫੈਲਾ ਕੇ ਵੇਖ ਸਕਣ ਦੀ ਕਲਾ, ਜ਼ਬਾਨ ਤੇ ਕਮਾਲ ਦਾ ਕਾਬੂ, ਵਿਰੋਧੀ ਘਟਨਾਵਾਂ, ਸਥਿਤੀਆਂ ਅਤੇ ਮਾਨਸਿਕਤਾ ਨੂੰ ਟਕਰਾ ਕੇ ਅਰਥਾਂ ਨੂੰ ਲਿਸ਼ਕਾਰਾ ਦੇਣ ਵਾਲੀ ਡੂੰਘੀ ਅੰਤਰ-ਦ੍ਰਿਸ਼ਟੀ ਉਹਦੀ ਕਹਾਣੀ ਦੇ ਮੀਰੀ ਗੁਣ ਹਨ। ਸਰਨਾ ਨੇ ਭਾਵੇਂ ਜੀਵਨ ਦੇ ਅਨੇਕ ਵਿਭਿੰਨ ਪਹਿਲੂਆਂ ਨੂੰ ਰਚਨਾ-ਵਸਤੂ ਬਣਾਇਆ ਹੈ, ਪਰ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਜਿਵੇਂ ਉਸ ਨੇ ਆਪਣੀਆਂ ਕਹਾਣੀਆਂ 'ਚ ਵੇਖਿਆ ਅਤੇ ਨਜਿੱਠਿਆ ਹੈ ਇਸ ਵਿਚ ਉਸਦਾ ਕੋਈ ਸਾਨੀ ਨਹੀਂ।

ਜਿਸ ਦਿਨ ਅਕਾਦਮੀ ਪੁਰਸਕਾਰਾਂ ਦਾ ਐਲਾਨ ਹੋਇਆ ਤਾਂ ਸੰਪਾਦਕ 'ਵਰਿਆਮ' ਸ. ਜਗਦੀਸ਼ ਸਿੰਘ ਨੇ ਉਚੇਚਾ ਟੈਲੀਫੋਨ ਤੇ ਮੈਨੂੰ ਇਸ ਗੱਲ ਦੀ ਵਧਾਈ ਦਿਤੀ। ਸੱਚੀਂ ਉਸ ਪਲ ਮੈਨੂੰ ਲਗਾ ਜਿਵੇਂ ਇਹ ਇਨਾਮ ਮੇਰੀ ਚੋਣ ਨੂੰ ਹੀ ਨਹੀਂ ਸਗੋਂ ਮੈਨੂੰ ਮਿਲ ਗਿਆ ਹੈ। 'ਵਰਿਆਮ' ਵਿਚ ਹਰ ਮਹੀਨੇ ਪੰਜਾਬੀ ਦੀ ਇਕ ਬਹੁਤ ਵਧੀਆ ਕਹਾਣੀ ਛਾਪੀ ਜਾਂਦੀ ਹੈ। ਐਤਕੀਂ ਵਧਾਈ ਵਜੋਂ ਅਸੀਂ ਸਰਨਾ ਦੀ ਕਹਾਣੀ 'ਲੱਧੇਵਾਲਾ ਵੜੈਚ' ਛਾਪੀ ਹੈ। ਇਸ ਬਾਰੇ ਵੀ ਦਿਲਚਸਪ ਗੱਲ ਇਹ ਹੋਈ ਕਿ ਮੈਂ ਪੁਸਤਕ ਫੜ੍ਹਕੇ ਕਿਹਾ ਕਿ ਸਰਨਾ ਏਨਾ ਵਧੀਆ ਲਿਖਦਾ ਹੈ ਉਹਦੀ ਜਿਹੜੀ ਵੀ ਕਹਾਣੀ ਛਾਪੀ ਜਾਵੇ ਉਹ ਵਧੀਆ ਹੀ ਹੋਵੇਗੀ। ਅਸੀਂ 'ਵਾਕ' ਲੈਣ ਵਾਂਗ ਪੁਸਤਕ ਖੋਲ੍ਹੀ ਤੇ ਸਾਹਮਣੇ 'ਲੱਧੇਵਾਲਾ ਵੜੈਚ' ਸੀ। ਤੇ ਕਹਾਣੀ ਬਾਰੇ ਮੈਂ ਕੁਝ ਨਾਂ ਹੀ ਬੋਲਾਂ ਤਾਂ ਚੰਗਾ ਹੈ, ਕਹਾਣੀ ਖ਼ੁਦ ਤੁਹਾਡੇ ਨਾਲ ਗੱਲਾਂ ਕਰੇਗੀ।



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਲਧੇਵਾਲਾ ਵੜੈਚ

**★ ਮਹਿੰਦਰ ਸਿੰਘ ਸਰਨਾ**

*ਪਿੰਡ* ਦੀ ਚੁਪਾਲ ਸੁੰਨੀ ਪਈ ਸੀ। ਆਉਂਦੀਆਂ ਤਿਕਾਲਾਂ ਉਹਦੇ ਉਤੇ ਮਾਤਮ ਦੀ ਸਫ਼ ਵਿਛਾ ਰਹੀਆਂ ਸਨ ਤੇ ਪਿਛੋਕੜ ਵਿਚ ਸ਼ਰੀਂਹ ਦੇ ਰੁਖ ਏਦਾਂ ਨਿਮੋਝੂਣ ਖਲੋਤੇ ਸਨ ਜਿਵੇਂ ਉਹਨਾਂ ਦੇ ਸੋਤਰ ਸੁਕ ਗਏ ਹੋਣ।

ਪਰਲੇ ਬੰਨੇ ਛਪੜ ਵਾਲੀ ਰੂੜੀ ਤੋਂ ਇਕ ਕੁਤੇ ਨੇ ਹੁਆਂਕ ਕਢੀ ਜੋ ਇਕ ਲੰਮੀ ਅਲਾਹੁਣੀ ਵਾਂਗ ਪਿੰਡ ਗਿਰਦੇ ਚੱਕਰ ਲਾ ਕੇ ਮੁੜ ਰੂੜੀ ਤੇ ਆ ਕੇ ਮੁਕ ਗਈ। ਸ਼ਰੀਹਾਂ ਤੋਂ ਇਕ ਗਿਰਝ ਉਡੀ ਤੇ ਆਪਣੇ ਖੰਭਾਂ ਹੇਠਾਂ ਭਾਰੇ ਰਜੇ ਹੋਏ ਸਰੀਰ ਨੂੰ ਮਸਾਂ ਚੁਕਦੀ ਹਨੇਰੇ ਵਿਚ ਗਵਾਚ ਗਈ। ਮਸੀਤ ਵਾਲੇ ਦਾਰੇ ਵਿਚੋਂ ਕੋਈ ਉਲੂ ਆਪਣੀ ਨਹਿਸ਼ ਆਵਾਜ਼ ਨਾਲ ਆਉਂਦੀ ਰਾਤ ਨੂੰ ਨਿਉਂਦਾ ਦੇਣ ਲਗਾ।

ਅੱਖ ਪਲਕਾਰੇ ਵਿਚ ਤਿਕਾਲਾਂ ਰਾਤ ਵਿਚ ਵਟ ਗਈਆਂ—ਰਾਤ ਜੋ ਮੌਤ ਦੀ ਕਨਾਤ ਵਾਂਗ ਸਾਰੀ ਦੀ ਸਾਰੀ ਪਿੰਡ ਤੇ ਚੋਫਾਲ ਡਿਗ ਪਈ ਤੇ ਪੀਲਾ ਨਿਤਾਣਾ ਚੰਨ ਪ੍ਰੇਤ ਵਸ ਹੋਈ ਮੁਟਿਆਰ ਵਾਂਗ ਲੜਖੜਾਣ ਲੱਗਾ।

ਬੋਹੜ ਦੀ ਢੋਅ ਨਾਲੋਂ ਇਕ ਪ੍ਰਛਾਵਾਂ ਹਿਲਿਆ। ਚੁਪਾਲ ਦੇ ਹਨੇਰੇ ਨਾਲੋਂ ਨਿਖੜ ਕੇ ਚਾਨਣੇ ਰੜੇ ਵਿਚ ਆਉਂਦਾ ਉਹ ਇਕ ਮਨੁੱਖੀ ਆਕਾਰ ਵਿਚ ਉਘੜਦਾ ਗਿਆ। ਕੁਬੇ ਮੋਢਿਆਂ ਤੇ ਕੰਬਦੇ ਬੁਢੇ ਧੌਲੇ ਸਿਰ ਨੇ ਉਪਰ ਅਕਾਸ਼ ਵਲ ਵੇਖਿਆ। ਚੰਨ ਦੇ ਪੀਲੇ ਚਾਨਣ ਵਿਚ ਉਹਦੀ ਮਹਿੰਦੀ ਰੰਗੀ ਦਾੜ੍ਹੀ ਵਿਚ ਅਥਰਾਂ ਲਿਸ਼ਕੀਆਂ। ਝੁਰੀਆਂ ਦੇ ਜਾਲ ਪਿਛੇ ਮੂੰਹ ਦੀ ਪਿਲਤਣ ਗਿਲੀ ਦਰਿਆਈ ਵਾਂਗ ਦਿਸੀ ਤੇ ਫਿਰ ਉਹ ਸਿਰ ਹਿਕ ਤੇ ਡਿਗ ਪਿਆ ਜਿਵੇਂ ਅਚਨਚੇਤ ਉਹਦੀ ਧੌਣ ਦੀ ਹੱਡੀ ਕੜਕ ਗਈ ਹੋਵੇ।

ਸਹਿਕਦੀ ਨਜ਼ਰ ਨਾਲ ਬੁਢੇ ਨੇ ਪਿੰਡ ਨੂੰ ਤਕਿਆ ਪਣਿਆਲੀਆਂ ਅੱਖਾਂ ਛਿਣਕੀਆਂ ਤੇ ਹਉਕਾ ਭਰਿਆ।

ਹਾਂ, ਸਭ ਕੁਝ ਮੁਕ ਚੁਕਾ ਸੀ ਤੇ ਉਹ ਖ਼ੁਦਾ ਬਖ਼ਸ਼ ਵੜੈਚ, ਪਿੰਡ ਦਾ ਬੁਢਾ ਚੌਧਰੀ ਪਿੰਡ ਦਾ ਅਖੌਤੀ ਰਾਖਾ ਅਜੇ ਜੀਉਂਦਾ ਸੀ। ਚੰਗੀ ਰਾਖੀ ਕੀਤੀ ਸੀ ਉਸਨੇ। ਵਾਹਵਾ ਰਖ ਵਖਾਈ ਸੀ ਚੌਧਰਪੁਣੇ ਦੀ। ਉਹਦਾ ਪਿੰਡ, ਜਿਸਨੂੰ ਉਹਦੇ ਵਡਿਆਂ ਨੇ ਹਾਫ਼ਜ਼ਾਬਾਦ ਤੋਂ ਪਿੰਡੀ ਭਟੀਆਂ ਜਾਣ ਵਾਲੀ ਪਕੀ ਸੜਕ ਤੇ ਵਸਾਇਆ ਸੀ ਤੇ ਉਹਦਾ ਨਾਂ ਲਧੇਵਾਲਾ ਵੜੈਚ ਰਖਿਆ ਸੀ, ਸਾਰੇ ਦਾ ਸਾਰਾ ਸ਼ਮਸ਼ਾਨ ਬਣ ਗਿਆ ਸੀ ਤੇ ਉਹ ਅਜੇ ਜੀ ਰਿਹਾ ਸੀ, ਉਸ ਖੁੰਘ ਮੁਢੀ ਵਾਂਗੂੰ ਜਿਹੜੀ ਸੜਨਾ ਨਾ ਚਾਹੁੰਦੀ ਹੋਵੇ।

ਆਪਣਾ ਸਿਰ ਉਹਨੇ ਦੋਹਾਂ ਹੱਥਾਂ ਵਿਚ ਨਪੀੜਿਆ ਤੇ ਇਕ ਹੋਰ ਹਉਕਾ ਭਰਿਆ।

ਉਹਦੀ ਕੋਈ ਸਬੀਲ ਕੰਮ ਨਾ ਆਈ। ਕੋਈ ਜਤਨ ਨੇਪਰੇ ਨਾ ਚੜ੍ਹਿਆ। ਪਿੰਡੋ ਪਿੰਡ ਉਹ ਲੱਤਾਂ ਧੂੰਹਦਾ ਫਿਰਿਆ ਸੀ। ਸਾਰੇ ਗੁਆਂਢੀ ਮੁਸਲਮਾਨ ਪਿੰਡਾਂ ਦੇ ਮੁਖੀਆਂ ਅਗੇ ਉਸਨੇ ਆਪਣੀ ਧੌਲੀ ਦਾੜ੍ਹੀ ਤੇ ਖ਼ੁਦਾ ਰਸੂਲ ਦੇ ਵਾਸਤੇ ਪਾਏ ਸਨ ਤੇ ਆਪਣੇ ਬਜ਼ੁਰਗਾਂ ਦੀ ਪਗ ਉਹਨਾਂ ਦੀਆਂ ਜੁਤੀਆਂ ਦੇ ਘੱਟ ਵਿਚ ਰੋਲੀ ਸੀ। ਪਰ ਸਭਨਾਂ ਨੇ ਉਹਨੂੰ ਅੱਖਾਂ ਵਿਖਾਈਆਂ, ਕਾਜ਼ੀ ਦੇ ਕੋਟ ਦੇ ਕਾਜ਼ੀਆਂ ਨੇ, ਮਾਨੀ ਦੇ ਮਾਨਾਂ, ਕਿਲ੍ਹਾ ਮੀਆਂ ਸਿੰਘ ਦੇ ਗੁਜਰਾਂ, ਕੋਟਲੀ ਦੇ ਡੋਗਰਾਂ ਤੇ ਗੋਂਦਲਾਂਵਾਲੇ ਦੇ ਗੋਂਦਲਾਂ ਨੇ। ਸਭਨਾਂ ਨੇ ਉਹਨੂੰ ਪਾਕਿਸਤਾਨ ਦਾ ਵੈਰੀ ਤੇ ਮਿਲਤ ਦਾ ਘਾਤਕ ਆਖਿਆ ਸੀ। ਗੋਂਦਲਾਂ ਵਾਲੇ ਦੇ ਇਕ ਗਭਰੂ ਨੇ ਉਹਦੀ ਦਾੜ੍ਹੀ ਹਥ ਪਾਇਆ ਸੀ।

"ਕਿਉਂ ਮਰਨ ਦੀ ਠਾਣੀ ਊ ਬੁੱਢਿਆ। ਬੰਦਾ ਬਣਕੇ ਵਗਦਾ ਹੋ ਏਥੋਂ ਨਹੀਂ ਤਾਂ..." ਉਹਨੇ ਆਪਣੀ ਛਵ੍ਹੀ ਉਘਰੀ।

"ਮਾਰ ਪਰ੍ਹਾਂ ਏਹਨੂੰ" ਇਕ ਹੋਰ ਕੂਇਆ ਸੀ।

"ਪਰ੍ਹਾਂ ਬੰਨੇ ਕਰੋ ਸੂ। ਵਿਚੋਂ ਕੀ ਰੇੜਕਾ ਪਾਇਆ ਹੋਇਆ ਜੇ।"

"ਤੇ ਹੋਰ ਕੀ" ਇਕ ਬੁੱਢਾ ਗੋਂਦਲ ਉਚੀ ਦਿਤੀ ਚੀਕਿਆ, "ਜੇ ਇਹਨੂੰ ਆਪਣੇ ਭਰਾਵਾਂ ਦਾ ਸੇਕ ਨਹੀਂ ਤਾਂ ਇਹਨੂੰ ਠੁੰਮਣਾ ਦੇਣ ਲਈ ਰਖਣਾ ਏ ਅਸਾਂ। ਅਮਰਸਰ ਦੇ ਖੱਤਰੀ, ਮੁਸਲਮਾਨਾਂ ਨੂੰ ਕਮਾਦ ਦੀਆਂ ਟੋਟੀਆਂ ਵਾਂਗ ਟੁਕਦੇ ਜਾ ਰਹੇ ਨੇ, ਸਾਡੀਆਂ ਪਰਦਾ ਪੋਸ਼ ਧੀਆਂ ਭੈਣਾਂ ਦੀ ਪਤ ਭਰੇ ਬਾਜ਼ਾਰਾਂ ਵਿਚ ਲਾਹ ਰਹੇ ਨੇ ਤੇ ਇਹ ਇਥੇ ਮਾਮਾ ਬਣਿਆ ਫਿਰਦੈ ਉਨ੍ਹਾਂ ਦਾ।"

ਉਹਨੂੰ ਉਹਨਾਂ ਦੀਆਂ ਗੱਲਾਂ ਦੀ ਉੱਕਾ ਸਮਝ ਨਹੀਂ ਸੀ ਪਈ, ਪਰ ਉਹਦੇ ਸਿਰ ਨੂੰ ਕਾਂਬਾ ਛਿੜ ਪਿਆ ਸੀ। ਇਕ ਪਲਕ ਵਿਚ ਉਹਦੇ ਇਕੜ ਦੁਕੜ ਕਾਲੇ ਵਾਲ ਬਗੇ



Sri Satguru Jagjit Singh Ji eLibrary NamdhariElibrary@gmail.com

ਹੋ ਗਏ ਸਨ ਤੇ ਲੱਤਾਂ ਦੇ ਟੁੱਟੇ ਹੋਏ ਟਾਂਡਿਆਂ ਨੂੰ ਘਸੀਟਦਾ ਉਹ ਆਪਣੇ ਪਿੰਡ ਆਣ ਵੜਿਆ ਸੀ। ਆਪਣੀ ਸਾਰੀ ਉਮਰ ਵਿਚ ਉਹ ਕਦੀ ਏਨਾ ਨਹੀਂ ਸੀ ਹੰਭਿਆ।

ਉਹਨੂੰ ਕਿਤੋਂ ਭਿਣਕ ਪੈ ਗਈ ਸੀ। ਆਉਂਦੀ ਜੁਮੇਰਾਤ ਨੂੰ ਉਨ੍ਹਾਂ ਆ ਪੈਣਾ ਸੀ। ਬਾਹਠਾਂ, ਚਿਮਨੀਆਂ, ਮਾਨਾਂ, ਗੋਂਦਲਾਂ ਤੇ ਡੋਗਰਾਂ ਸਭਨਾਂ ਨੇ ਰਾਅ ਮਲ ਲਈ ਸੀ। ਹੋਰ ਨਿਕੇ ਮੋਟੇ ਪਿੰਡ ਉਹਨਾਂ ਹੰਝੂ ਸੁਟੇ ਸਨ ਤੇ ਆਉਂਦੀ ਜੁਮੇਰਾਤ ਨੂੰ ਅਸਰ ਦੀ ਨਮਾਜ਼ ਮਗਰੋਂ ਉਹਨਾਂ ਵੱਲ ਪਿਟਣਾ ਸੀ ਤੇ ਇਕੋ ਵੇਲੇ ਚੁਤਰਫੋਂ ਪੈ ਕੇ ਏਸ ਪਿੰਡ ਵਿਚ ਬਹੁਕਰ ਫੇਰ ਦੇਣੀ ਸੀ।

ਕਮਲਿਆਂ ਹਾਰ ਉਹ ਆਪਣੇ ਪਿੰਡ ਵਿਚ ਘਰੋ ਘਰੀ ਗਿਆ। ਆਉਂਦੀ ਜੁਮੇਰਾਤ ਦੇ ਮਨਸੂਬੇ ਤੋਂ ਸਭਨਾਂ ਨੂੰ ਜਾਣੂ ਕਰਾਇਆ। ਆਪਣੀ ਲਾਚਾਰੀ ਦਸੀ ਤੇ ਜੁਮੇਰਾਤ ਤੋਂ ਪਹਿਲਾਂ ਪਿੰਡ ਛਡ ਜਾਣ ਲਈ ਪ੍ਰੇਰਿਆ। ਆਪਣੀ ਹਥੀਂ ਗੰਢੜੀਆਂ ਪੋਟਲੀਆਂ ਬੰਨ੍ਹਵਾਈਆਂ, ਮੰਜੀਆਂ ਦੀਆਂ ਹੀਆਂ, ਸੇਰੂ ਤੇ ਪਾਵੇ ਵਖਰੇ ਕਰਕੇ ਦਾਉਣਾਂ ਨਾਲ ਬਧੇ ਤੇ ਭਾਂਡਿਆਂ ਵਾਲੀਆਂ ਬੋਰੀਆਂ ਨੂੰ ਤਰੋਪੇ ਲਾਏ। ਜਿਨ੍ਹਾਂ ਕੋਲ ਘਰ ਦਾ ਵਲਵਾ ਲਦਣ ਲਈ ਆਪਣੀਆਂ ਘੋੜੀਆਂ ਨਹੀਂ ਸਨ ਉਨ੍ਹਾਂ ਨੂੰ ਸਸਤੇ ਮੁਲੀ ਘੁਮਿਆਰਾਂ ਕੋਲੋਂ ਖੋਤੇ ਲੈ ਦਿਤੇ। ਪਿੰਡ ਦੀਆਂ ਧੀਆਂ ਨੂੰਹਾਂ ਦੇ ਸਿਰੀ ਪਿਆਰ ਦਿਤਾ, ਗਭਰੂਆਂ ਨੂੰ ਹਲਾ ਸ਼ੇਰੀ ਦਿਤੀ, ਬੁਢਿਆਂ ਕੋਲੋਂ ਉਨ੍ਹਾਂ ਲਈ ਕੁਝ ਨਾ ਕਰ ਸਕਣ ਲਈ ਖਿਮਾਂ ਮੰਗੀਆਂ ਤੇ ਹੰਝੂਆਂ ਨੂੰ ਪੀਂਦਿਆਂ ਵਿਦੈਗੀ ਦਿਤੀ।

ਪਰ ਉਹਦੇ ਆਪਣੇ ਪਿੰਡੋਂ ਹੀ ਉਠਕੇ, ਉਹਦੇ ਆਪਣੇ ਕਬੀਲੇ ਦੇ ਕਿਸੇ ਵੜੈਚ ਨੇ ਬਾਹਰ ਜਾ ਭਾਨੀ ਮਾਰੀ ਸੀ ਤੇ ਉਹਦੇ ਉਪਰਾਲਿਆਂ ਦਾ ਗਲਾ ਘੁਟ ਦਿਤਾ ਸੀ। ਤੇ ਹੁਣ— ਹੁਣ ਸਭ ਖੇਡ ਖਤਮ ਹੋ ਗਈ ਸੀ। ਉਹਦੇ ਪਿੰਡ ਉਤੇ ਗਿਰਝਾਂ ਉਡ ਰਹੀਆਂ ਸਨ ਤੇ ਉਹ ਆਪ ਅਜੇ ਜੀਊਂਦਾ ਸੀ।

ਛੱਪੜ ਵਾਲੀ ਰੂੜੀ ਤੋਂ ਉਠਕੇ ਕੁੱਤਾ ਉਹਦੇ ਵਲ ਆਇਆ ਤੇ ਉਹਦੇ ਪੈਰਾਂ ਵਿਚ ਲੇਟਣੀਆਂ ਲੈਣ ਲਗਾ। ਪਰ ਚੌਧਰੀ ਨੇ ਉਹਦੀ ਗੱਲ ਨਾ ਗੌਲੀ ਤੇ ਉਹ ਹੁਆਂਕਦਾ ਹੋਇਆ ਪੈਲੀਆਂ ਵਲ ਭੱਜ ਗਿਆ।

ਬੁੱਢੇ ਨੇ ਸਿਰ ਫੇਰਿਆ ਤੇ ਹਉਕਾ ਭਰਿਆ।

ਹਾਂ, ਕੁਤਾ ਵੀ ਜਾਣਦਾ ਸੀ ਤੇ ਪਿੰਡ ਵਲ ਜਾਣੋਂ ਡਰਦਾ ਸੀ ਜਿਥੇ ਰੌਣਕਾਂ ਭਰੀਆਂ ਬੈਠਕਾਂ ਤੇ ਸੁਖਾਂ ਭਰੇ ਚੁਬਾਰੇ ਸੜ ਕੇ ਖੋਲੇ ਬਣ ਗਏ ਸਨ, ਜਿਥੇ ਰੰਗਲੇ ਟਗਣੇ, ਚਰਖੇ ਤੇ ਪੀਹੜੇ ਅਜੇ ਤੀਕ ਧੁਖ ਰਹੇ ਸਨ, ਜਿਥੇ ਅਧਸੜੇ ਮਨੁਖੀ ਸਰੀਰ ਸੜਿਆਂਦ ਫੈਲਾ ਰਹੇ ਸਨ, ਜਿਥੇ ਘਰਾਂ ਦੀਆਂ ਬਰੂਹਾਂ ਤੇ ਗਲੀਆਂ ਦੀਆਂ ਵਹਿਣੀਆਂ ਵਿਚ ਬੁਢੀਆਂ ਹੱਡੀਆਂ ਦੇ ਬੁਚਕੇ ਪਏ ਸਨ, ਜਿਥੇ ਠਾਕਰਦੁਆਰੇ ਦੇ ਬੂਹੇ ਅਗੇ ਉਹ ਸੁਨੱਖਾ ਗਭਰੂ ਪਾਸੇ ਪਰਨੇ ਪਿਆ ਸੀ ਤੇ ਉਸ ਦੀਆਂ ਆਂਦਰਾਂ ਕਿਸੇ ਤਿਖੀ ਮੁੜੀ ਹੋਈ ਨੋਕ ਵਾਲੇ ਹਥਿਆਰ ਨੇ ਬਾਹਰ ਖਿਚ ਕਢੀਆਂ ਸਨ।

ਸਾਰੀ ਹਵਾ ਵਿਚ ਮਨੁਖੀ ਚੀਕਾਂ, ਚਾਂਘਰਾਂ ਨਾਲ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਘੁਲੇ ਹੋਏ ਸਨ। ਹਾਂ ਖ਼ੁਦਾ ਦਾ ਸ਼ੁਕਰ ਸੀ, ਉਹਦੇ ਪਿੰਡ ਵਿਚ ਵੀ ਪਾਕਿਸਤਾਨ ਬਣ ਗਿਆ ਸੀ ਤੇ ਮਿਲਤ, ਇਸਲਾਮ ਤੇ ਕਾਇਦੇ-ਆਜ਼ਮ ਦੀ ਰਹਿ ਆਈ ਸੀ।

ਕਿਸੇ ਡੂੰਘੇ ਡਰ ਦੇ ਅਸਰ ਹੇਠ ਉਹ ਕੁਤੇ ਦੇ ਮਗਰੇ-ਮਗਰ ਪਿੰਡ ਤੋਂ ਦੂਰ ਪੈਲੀਆਂ ਵਲ ਟੁਰ ਪਿਆ। ਪੀਲੇ ਬੀਮਾਰ ਚੰਨ ਹੇਠਾਂ ਉਹਦਾ ਸਿਰ ਕੰਬ ਰਿਹਾ ਸੀ। ਉਹਦੀਆਂ ਗੱਲ੍ਹਾਂ ਉਤੇ ਸੱਜਰੇ ਹੰਝੂਆਂ ਦੇ ਡੱਬ ਸਨ ਤੇ ਉਹ ਕਿਧਰ ਜਾ ਰਿਹਾ ਸੀ, ਉਹ ਨਹੀਂ ਸੀ ਜਾਣਦਾ।

ਪਹਿਲੀ ਪੈਲੀ ਦੀ ਵੱਟ ਤੇ ਉਹਦਾ ਠੇਡਾ ਕਿਸੇ ਭਾਰੀ ਚੀਜ਼ ਨਾਲ ਵੱਜਾ ਤੇ ਉਹ ਮੂੰਹ ਪਰਨੇ ਜਾ ਪਿਆ। ਇਕ ਲੋਥ ਮੂਧੀ ਪਈ ਸੀ। ਉਸ ਨੇ ਪਾਸਾ ਪਰਤਾਇਆ, ਅਰਕਾਂ ਤੇ ਗੋਡਿਆਂ ਦੀਆਂ ਚੱਪਣੀਆਂ ਤੇ ਹੱਥ ਰਖ ਕੇ ਆਕੜ-ਘਤੀਆਂ ਲੱਤਾਂ ਬਾਹਵਾਂ ਸਿਧੀਆਂ ਕੀਤੀਆਂ। ਇਕ ਅਲ੍ਹੜ ਮੁੰਡਾ ਸੀ, ਦਸ ਯਾਰ੍ਹਾਂ ਵਰ੍ਹਿਆਂ ਦਾ। ਉਸ ਨੇ ਨੀਝ ਲਾ ਕੇ ਪਛਾਣਿਆ। ਆਪਣੇ ਚੰਦਾ ਸਿਹੁੰ ਜੱਟ ਦਾ ਮੁੰਡਾ ਸੀ। ਉਹੋ ਉਹਦਾ ਚਿਟਾ ਖਮੂਰ ਰੰਗ, ਗੋਲ ਮੂੰਹ ਤੇ ਕੱਕੇ ਬੂਰੇ ਵਾਲ ਜਿਹੜੇ ਹੁਣ ਸੋਨੇ ਦੀਆਂ ਤਾਰਾਂ ਵਾਂਗ ਚਮਕ ਰਹੇ ਸਨ। ਪਿੰਡ ਵਿਚ ਉਹਨੂੰ ਸਾਰੇ 'ਸਾਹਬ' ਆਖਦੇ ਸਨ। ਉਹਦੇ ਜੰਮਣ ਤੇ ਉਹਦੇ ਪਿਉ ਨੇ ਮੁਜਰਾ ਕਰਾਇਆ ਸੀ ਤੇ ਜੀਅ ਸੇਤੀ ਇੱਕੀ ਇੱਕੀ ਦੁਪੜਾਂ ਤੇ ਵੱਟੀ ਵੱਟੀ ਕੜਾਹ ਪਿੰਡ ਵਿਚ ਵੰਡਿਆ ਸੀ। ਤੇ ਹੁਣ ਉਸ ਰਾਜੇ ਪਿਉ ਦਾ ਇਕੋ ਇਕ ਪੁਤਰ ਪੈਲੀ ਦੀ ਵੱਟ ਤੇ ਲੰਮਾ ਪਿਆ ਸੀ। ਉਹਦੀ ਪੱਗ ਲੱਥ ਕੇ ਚਿੱਕੜ ਨਾਲ ਲਿਬੜ ਘੱਤੀ ਸੀ ਤੇ ਉਹਦੇ ਮੱਥੇ ਤੇ ਛਵ੍ਹੀ ਦਾ ਇਕ ਲੰਮਾ ਫੱਟ ਸੀ। ਲਹੂ ਦੀਆਂ ਸੁਕ ਗਈਆਂ ਧਾਰੀਆਂ ਵਿਚ ਉਹਦੇ ਕੱਕੇ ਵਾਲ ਉਹਦੀਆਂ ਪੁੜਪੁੜੀਆਂ ਨਾਲ ਚੰਬੜ ਗਏ ਸਨ।

ਬੁਢੇ ਚੌਧਰੀ ਨੇ ਮੁੰਡੇ ਦੀ ਪੱਗ ਲੱਕ ਦਵਾਲੇ ਬੱਧੀ,



Sri Satguru Jagjit Singh Ji eLibrary NamdhariElibrary@gmail.com

ਆਪਣੇ ਹੱਥਾਂ ਦੀ ਕੰਘੀ ਉਹਦੀ ਕੰਡ ਪਿਛੇ ਪਾਈ ਤੇ ਇਕ ਤਗੜੇ ਹੁਝਕੇ ਨਾਲ ਉਹਨੂੰ ਆਪਣੇ ਮੋਢੇ ਤੇ ਸੁਟ ਲਿਆ। ਪੈਲੀਓ ਪੈਲੀ ਉਹ ਪਿੰਡ ਗਿਰਦੇ ਚੱਕਰ ਕੱਟਦਾ ਉਧਰ ਮੁੜ ਗਿਆ ਜਿਧਰ ਮਦਰਸੇ ਦੇ ਪਿਛਵਾੜੇ ਚੰਦਾ ਸਿਹੂੰ ਜੱਟ ਨੇ ਪਿੰਡ ਤੋਂ ਨਵੇਕਲੀ ਪੱਕੀ ਹਵੇਲੀ ਪਾਈ ਸੀ।

ਕਿੰਨਾ ਚਿਰ ਉਹ ਬਾਹਰ ਖਲੋਤਾ ਬਿੜਕਾਂ ਲੈਂਦਾ ਰਿਹਾ। ਘਰ ਵਿਚ ਸੁੰਨ ਸਰਾਂ ਵਰਤੀ ਜਾਪਦੀ ਸੀ। ਉਹਦਾ ਅੰਦਰ ਹਿਸ ਗਿਆ। ਉਹਦਾ ਅਨੁਮਾਨ ਗਲਤ ਨਿਕਲਿਆ ਸੀ। ਇਹ ਲੁਗਾ ਘਰ ਵੀ ਲਹੂ-ਤਿਹਾਈ ਧਾੜ ਦੀ ਨਜ਼ਰੀ ਚੜ੍ਹ ਗਿਆ ਸੀ। ਉਹਨੇ ਭਿਤ ਖੜਕਾਇਆ। ਅੰਦਰ ਘੁਸਰ-ਮੁਸਰ ਹੋਈ। ਉਹਦੇ ਮੂੰਹ ਤੇ ਮਾੜੀ ਜਹੀ ਲੋਅ ਆ ਗਈ। ਜੀਅ ਜੀਉਂਦੇ ਸਨ। ਉਸ ਨੇ ਆਪਣੇ ਬੁਲ੍ਹ ਬੂਹੇ ਦੀ ਝੀਤ ਨਾਲ ਜੋੜ ਦਿਤੇ ਤੇ ਉਚੇ ਗੋਸ਼ੇ ਵਿਚ ਆਖਿਆ :

"ਕੁੜੀਏ ਕੁੰਡਾ ਖੋਲ੍ਹ। ਮੈਂ ਵਾਂ ਆਪਣਾ ਖੁਦਾ ਬਖਸ਼।"

ਇਕ ਸੁਖ ਦੇ ਲੰਮੇ ਸਾਹ ਦੀ ਆਵਾਜ਼ ਆਈ। ਕਿਸੇ ਨੇ ਲਾਲਟੈਣ ਦੀ ਬੱਤੀ ਉਚੀ ਕੀਤੀ। ਚਾਨਣ ਝੀਤਾਂ ਦੇ ਨੇੜੇ ਆਉਂਦਾ ਗਿਆ।

ਕੁੰਡੇ ਤੇ ਪਿਆ ਹੱਥ ਜੱਕੋ-ਤੱਕਿਆਂ ਵਿਚ ਪੈ ਗਿਆ।

"ਮਹੀਓਂ ਵਾਂ ਕੁੜੀਏ। ਕੋਈ ਨਹੀਂ ਮਰੇ ਨਾਲ।"

ਭਿੱਤ ਖੁਲ੍ਹਿਆ। ਲਾਲਟੈਣ ਦਾ ਚਾਨਣ ਬੁਢੇ ਦੀਆਂ ਅੱਖਾਂ ਨੂੰ ਵੱਜਾ।

ਡੌਰ-ਭੌਰ ਹੋਈ ਨੰਦ ਕੌਰ, ਚੰਦਾ ਸਿੰਘ ਜੱਟ ਦੀ ਵਿਧਵਾ, ਕਾਹਲੀ ਕਾਹਲੀ ਕੁੰਡਾ ਮੇਲਦੀ ਉਹਦੇ ਪਿੱਛੇ ਘਰ ਦੇ ਅੰਦਰ ਗਈ। ਪੰਦਰਾਂ ਵਰ੍ਹਿਆਂ ਦੀ ਜਗੀਰੋ ਆਪਣੇ ਹਰਦਲ ਧੂੜੇ ਮੂੰਹ ਨੂੰ ਰਸੋਈ ਦੇ ਤਾਕ ਨਾਲ ਜੋੜੀ ਖੜੋਤੀ ਰਹੀ।

ਲਾਲਟੈਨ ਦਾ ਚਾਨਣ ਮੋਏ ਮੁੰਡੇ ਦੇ ਮੂੰਹ ਤੇ ਪਿਆ। ਜਗੀਰੋ ਦੀਆਂ ਭੁੱਬਾਂ ਨਿਕਲ ਗਈਆਂ। ਨੰਦ ਕੌਰ ਨੇ ਹਿਕ ਪਿੱਟਦਿਆਂ ਵੈਣ ਪਾਏ।

"ਹੌਸਲਾ ਕਰੋ ਕੁੜੀਓ! ਮੇਰਾ ਅੰਦਰਲਾ ਫੋਲ ਵੇਖੋ। ਕੱਲੀ ਤੁਹਾਨੂੰ ਨਹੀਂ ਲੱਗੀ। ਤੁਸੀਂ ਕਿਉਂ ਰੋ ਰੋ ਕੇ ਪਈਆਂ ਫਾਵ੍ਹੀਆਂ ਹੁੰਦੀਆਂ ਜੇ। ਤੁਹਾਡੇ ਨਾਲ ਕੋਈ ਜੁਗੋਂ ਬਾਹਰੀ ਵਰਤੀ ਏ। ਆਪਣੇ ਸਾਰੇ ਲੋਕਾਂ ਵਿਚੋਂ ਇਕ ਜੀਅ ਨਹੀਂ ਬਚਿਆ। ਤੁਸਾਂ ਦੋਹਾਂ ਦਾ ਤਾਂ ਉਨ੍ਹਾਂ ਨੂੰ ਚੇਤਾ ਵਿਸਰ ਗਿਆ ਤੇ ਤੁਸੀਂ ਜੀਉਂਦੀਆਂ ਪਈਆਂ ਜੇ। ਤੇ ਇਹ ਮੁੰਡਾ ਕਿਉਂ ਬਾਹਰ ਭੱਜਾ ਫਿਰਦਾ ਸੀ?"

"ਹਾਏ ਮਹੀਓਂ ਤੱਤੀ ਉਹਨੂੰ ਖੂਹ ਤੋਂ ਪਸ਼ੂ ਖੋਹਲ ਲਿਆਉਣ ਨੂੰ ਘੱਲਿਆ। ਪੁਤ ਵੇ ਜੇ ਮੈਨੂੰ ਪਤਾ ਹੁੰਦਾ। ਮੇਰੀਆਂ ਤਾਂ ਆਂਦਰਾਂ ਕਲ੍ਹ ਦੀਆਂ ਬੁਝ ਗਈਆਂ ਸਨ। ਮੈਨੂੰ ਤਾਂ ਉਦੋਂ ਹੀ ਖੁੜਕ ਗਈ ਜਦੋਂ ਪਿੰਡ ਵਿਚ ਗੋਲੀਆਂ ਆਣ ਚੱਲੀਆਂ। ਮਾਂ ਮਰ ਜਾਈ, ਪੁਤ ਵੇ, ਮੈਂ ਤੈਨੂੰ ਕਾਹਨੂੰ ਘੱਲਣਾ ਸੀ।"

ਬੁਢੇ ਚੌਧਰੀ ਨੇ ਬੁਲ੍ਹ ਚੱਬੇ ਤੇ ਆਪਣੀਆਂ ਅਥਰਾਂ ਨਿਘਾਰ ਲਈਆਂ।

"ਹਲਾ ਹੁਣ ਰੌਲਾ ਨਾ ਪਾ ਬਾਹਤਾ" ਉਹਨੇ ਖਰ੍ਹਵੀਂ ਅਵਾਜ਼ ਵਿਚ ਆਖਿਆ, "ਨਹੀਂ ਤਾਂ ਉਹ ਭੱਜੇ ਆਉਣਗੇ ਤੇ ਫੇਰ ਤੂੰ ਜਾਣਨੀ ਏਂ ਉਹਨਾਂ ਨੂੰ। ਏਥੇ ਕੰਧਾਂ ਦੇ ਕੰਨ ਨੇ। ਪਿੰਡ ਵਿਚ ਬੁੱਕਲ ਦੇ ਸੱਪ ਵਸਦੇ ਨੇ, ਨਹੀਂ ਤਾਂ ਇਹ ਕਾਰੇ ਨਾ ਵਰਤਦੇ।"

ਹੌਲੀ ਹੌਲੀ ਬੁਢੇ ਦੀ ਅਵਾਜ਼ ਪੰਘਰਦੀ ਗਈ ਤੇ ਉਹਦੇ ਵਿਚ ਅਥਰੂ ਘੁਲਦੇ ਗਏ।

"ਵੇਖੋ ਨਾ, ਮੈਂ ਤਈਨੂੰ ਪਿਆ ਆਹਨਾਂ ਵਾਂ, ਰੋਣ ਧੋਣ ਦਾ ਕੋਈ ਲਾਹਾ ਨਹੀਂ, ਨੁਕਸਾਨ ਭਾਵੇਂ ਹੋਵੇ ਤੇ ਇਹ ਘਰ ਤੁਹਾਨੂੰ ਹੁਣ ਛਡਣਾ ਚਾਹੀਦਾ ਏ, ਮਤੇ ਕਿਤੇ ਉਨ੍ਹਾਂ ਨੂੰ ਤੁਹਾਡੀ ਯਾਦ ਆ ਜਾਵੇ ਤੇ ਉਹ ਸ਼ੂਕਦੇ ਆਉਣ। ਮੇਰੇ ਘਰ ਤੁਸੀਂ ਜੰਮ ਜੰਮ ਰਹਿ ਪਵੋ, ਪਰ ਉਹਨਾਂ ਕੋਲੋਂ ਕੁਝ ਗੁਝਾ ਨਹੀਂ ਰਹਿਣਾ ਤੇ ਫੇਰ ਜੇ ਉਹਨਾਂ ਤੁਹਾਡੇ ਨਾਲ ਵੀ ਉਹ ਕੀਤੀ ਜੋ ਹੋਰਨਾਂ ਨਾਲ ਕੀਤੀ ਏ"—ਬੁਢਾ ਸੋਚੀਂ ਪੈ ਗਿਆ। ਉਹਦੇ ਦਿਲ ਦੀ ਧਕ ਧਕ ਬੜੀ ਉਚੀ ਹੋ ਗਈ। ਡਿਉੜੀ ਦਾ ਕੁੰਡਾ ਖੋਹਲ ਕੇ ਉਸ ਨੇ ਬਾਹਰ ਨਜ਼ਰ ਮਾਰੀ। ਸੁੰਨ ਮਸੁੰਨੀ ਰਾਤ ਭਾਂ ਭਾਂ ਕਰ ਰਹੀ ਸੀ। ਮਸੀਤ ਵਾਲੇ ਦਾਰੇ ਵਿਚ ਉਲ੍ਹ ਅਜੇ ਤੀਕ ਬੋਲ ਰਿਹਾ ਸੀ।

ਸੋਚਿਆਂ ਹੋ ਕੇ ਉਹਨੇ ਕੁੰਡਾ ਅੜਾਇਆ। ਤੀਵੀਂ ਚੌੜ ਚੁਪੱਟ ਅੱਖਾਂ ਨਾਲ ਉਹਨੂੰ ਵੇਖ ਰਹੀ ਸੀ। ਜਗੀਰੋ ਗੋਡਿਆਂ ਵਿਚ ਸਿਰ ਦਿਤੀ ਡੁਸਕ ਰਹੀ ਸੀ। ਉਸਨੇ ਕੁੜੀ ਦੇ ਸਿਰ ਤੇ ਆਪਣਾ ਕੰਬਦਾ ਹੱਥ ਰਖਿਆ ਤੇ ਉਹਦਾ ਮੂੰਹ ਉਚਾ ਕੀਤਾ। ਫੇਰ ਕਾਹਲੀ ਅੱਖਾਂ ਝਮਕਦਾ ਆਪਣੀ ਥਾਂ ਸਿਰ ਆ ਬੈਠਾ।

"ਤੂੰ ਸੁਣਦੀ ਨਹੀਂ" ਉਹ ਫੇਰ ਖਰ੍ਹਵਾ ਬੋਲਣ ਲਗ ਪਿਆ ਸੀ, "ਮੇਰੇ ਵਲ ਬਿਟ ਬਿਟ ਵੇਹਦੀ ਜਾਨੀ ਏਂ। ਮੈਂ ਜੂ ਤਈਨੂੰ ਪਿਆ ਆਹਨਾ ਉਠਕੇ ਆਪਣਾ ਨਿਕ ਸੁਕ ਸਾਂਭੋ।



Sri Satguru Jagjit Singh Ji eLibrary NamdhariElibrary@gmail.com

ਏਥੋਂ ਰਾਤੋ ਰਾਤ ਮੈਂ ਤੁਹਾਨੂੰ ਕਿਸੇ ਸਿਖਾਂ ਦੇ ਪਿੰਡ ਛਡ ਆਵਾਂਗਾ । ਆਹੋ, ਮੈਂ ਸੋਚ ਲਿਆ ਏ । ਹੋਰ ਮੈਨੂੰ ਕੁਝ ਨਹੀਂ ਜੇ ਅਹੁੜਦਾ ਤੇ ਅਸੀਂ ਵੇਲਾ ਕਾਹਨੂੰ ਖੁੰਝਾਈਏ ।"

ਨੀਵੀਂ ਪਾਈ ਉਹ ਬੋਲਦਾ ਗਿਆ ਜਿਵੇਂ ਸੁਫਨੇ ਵਿਚ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵੇ ।

"ਆਹੋ ਤੇ ਹੋਰ ਕੀ । ਮੈਥੋਂ ਹੋਰ ਕੁਝ ਨਹੀਂ ਸਰਨਾਂ । ਮੈਂ ਬੁਢਾ ਆਦਮੀ ਖਿੰਘਰ ਵਾਂਗੂੰ ਪਹੇ ਵਿਚ ਪਿਆ ਵਾਂ ਤੇ ਉਹ ਮੇਰੇ ਉਪਰੋਂ ਲੰਘਦੇ ਜਾ ਰਹੇ ਨੇ । ਮੇਰੇ ਆਪਣੇ ਕਬੀਲੇ ਦੇ ਚੀਂਗੜ ਬੋਟ, ਮੇਰੇ ਹਥਾਂ ਦੇ ਜੰਮ ਪਲ ਮੇਰੇ ਵਲ ਕੈਰੀਆਂ ਅੱਖਾਂ ਨਾਲ ਵੇਖਦੇ ਨੇ । ਵੇਖ ਨਾ ਉਨ੍ਹਾਂ ਵਿਚੋਂ ਕਿਸੇ ਨੇ ਗੋਂਦਲਾਂ ਨੂੰ ਜਾ ਦਸਿਆ ਤੇ ਮੈਂ ਕੀ ਪਿਆ ਆਂਹਦਾ ਸਾਂ ਕੁੜੀਏ, ਉਥੋਂ ਤੁਸੀਂ ਕਿਸੇ ਕਾਫ਼ਲੇ ਨਾਲ ਰਲ ਜਾਇਆ ਜੇ । ਏਦਾਂ ਤੁਸੀਂ ਹਦ ਪਾਰ ਕਰ ਜਾਉਗੀਆਂ । ਐਬਟਸਰ ਉਹ ਤੁਹਾਨੂੰ ਕੈਂਪਾਂ ਵਿਚ ਥਾਂ ਦੇ ਦੇਣਗੇ ਤੇ ਕੀ ਪਤਾ ਉਦੋਂ ਤੀਕ ਇਨ੍ਹਾਂ ਲੋਕਾਂ ਦੀ ਮਤ ਟਿਕਾਣੇ ਆ ਜਾਏ ਤੇ ਤੁਸੀਂ ਮੁੜ ਆਪਣੀ ਹਵੇਲੀ ਵਿਚ ਆਣ ਵਸੋ ।"

ਬੋਲਦਿਆਂ ਬੁਢੇ ਦਾ ਗਲਾ ਰੁਕ ਗਿਆ । ਤੀਵੀਂ ਆਪਣੇ ਮੋਏ ਪੁਤ ਵਲ ਵੇਖ ਰਹੀ ਸੀ । ਜਾਪਦਾ ਸੀ ਉਹਨੇ ਕੁਝ ਨਹੀਂ ਸੀ ਸੁਣਿਆਂ । ਉਹ ਧੌਣ ਸੁਟੀ ਬੈਠਾ ਰਿਹਾ ਤੇ ਜਦੋਂ ਤੀਵੀਂ ਨੇ ਆਪਣਾ ਮੂੰਹ ਫੇਰਿਆ ਤਾਂ ਬੋਲਿਆ—

"ਮੁੰਡੇ ਨੂੰ ਅਸੀਂ ਨਾਲ ਲਿੱਚਲਾਂਗੇ । ਆਹੋ, ਮੁੰਡੇ ਨੂੰ ਅਸਾਂ ਏਥੇ ਕੋਈ ਨਹੀਂ ਛਡਣਾ । ਰਾਹ ਵਿਚ ਵੜੈਚਾਂ ਦਾ ਖੂਹ ਪੈਂਦਾ ਏ । ਉਥੇ ਅਜ ਕਲ ਕੋਈ ਨਹੀਂ ਰਹਿੰਦਾ । ਉਹ ਸਾਰੇ ਲੁਟ ਮਾਰ ਤੇ ਭਜੇ ਫਿਰਦੇ ਨੇ । ਉਥੇ ਅਸੀਂ ਇਹਨੂੰ ਸਸਕਾਰ ਦਿਆਂਗੇ ।"

ਉਹਦੀ ਵਾਜ ਸੁਤੋਨੀਂਦੀ ਸੀ ਤੇ ਉਹ ਉਂਘਲਾ ਰਿਹਾ ਜਾਪਦਾ ਸੀ ਤੇ ਜਦੋਂ ਉਹ ਪਿੰਡੋਂ ਨਿਕਲ ਤੁਰੇ ਤਾਂ ਵੀ ਇਹ ਉਂਘਲਾਣ ਬੁਢੇ ਦੇ ਸਾਰੇ ਸਰੀਰ ਉਤੇ ਛਾਈ ਦਿਸਦੀ ਸੀ । ਉਹ ਝੋਲੇ ਖਾ ਰਿਹਾ ਸੀ ਤੇ ਉਹਦਾ ਪੈਰ ਥਾਂ ਸਿਰ ਨਹੀਂ ਸੀ ਪੈਂਦਾ । ਬਿੰਚ ਕੁ ਮਗਰੋਂ ਨੰਦ ਕੌਰ ਤਰੱਭਕ ਪੈਂਦੀ । ਹੁਣੇ ਉਹਦਾ ਮੁੰਡਾ ਲੁੜ੍ਹਕ ਕੇ ਭੁੰਜੇ ਆ ਪਵੇਗਾ । ਪਰ ਬੁਢੇ ਦੀ ਕਸ ਮੋਏ ਮੁੰਡੇ ਦੁਆਲੇ ਬੜੀ ਪੀਢੀ ਸੀ ਤੇ ਉਹ ਅਸਲੋਂ ਚੌਕਸ ਹੋ ਕੇ ਟੁਰ ਰਿਹਾ ਸੀ । ਮਾੜੇ ਜਹੇ ਖੜਾਕ ਤੇ ਉਹ ਛਹਿਟ ਕੇ ਖੜੋ ਜਾਂਦਾ ਤੇ ਉਹ ਕਿਸੇ ਰੁਖ ਦੇ ਉਹਲੇ ਹੋ ਜਾਂਦੇ, ਡਰੇ ਹੋਏ ਬੋਟਾਂ ਵਾਂਗੂੰ ਸਾਹ ਰੋਕ ਲੈਂਦੇ । ਚੰਨ ਕੋਲੋਂ ਲੁਕਦੇ ਇਕ ਰੁਖ ਦੇ ਪਰਛਾਵੇਂ ਤੇ ਦੂਜੇ ਪ੍ਰਛਾਵੇਂ ਤਕ ਅਪੜਨ ਲਈ ਉਹ ਕਾਹਲੀ ਪੈਰ ਪੁਟਦੇ ।

ਬੋਂਗੇ ਪੀਰ ਦੀ ਕਬਰ ਕੋਲ ਉਹ ਅਚਨਚੇਤ ਤ੍ਰਹਿ ਗਏ । ਉਨ੍ਹਾਂ ਕੋਲੋਂ ਮਸਾਂ ਦਸਾਂ ਪਲਾਂਘਾਂ ਦੀ ਵਿਥ ਤੇ ਕਬਰ ਦੇ ਇਕ ਬੰਨੇ ਕੁਝ ਬੰਦੇ ਲੰਮੇ ਪਏ ਸਨ । ਉਨ੍ਹਾਂ ਦੇ ਮੂੰਹ ਦੂਜੇ ਪਾਸੇ ਸਨ, ਏਸ ਲਈ ਸ਼ਾਇਦ ਅਜੇ ਉਨ੍ਹਾਂ ਨਹੀਂ ਸੀ ਵੇਖਿਆ । ਪੈਲੀ ਦੇ ਉਚੇ ਬੰਨੇ ਦਾ ਉਹਲਾ ਕਰਕੇ ਉਹ ਜਿਥੇ ਖਲੋਤੇ ਸਨ ਉਥੇ ਹੀ ਬਹਿ ਗਏ । ਉਨ੍ਹਾਂ ਦਾ ਰਾਹ ਕਬਰ ਦੇ ਨਾਲੋਂ ਹੋ ਕੇ ਲੰਘਦਾ ਸੀ ਤੇ ਹੋਰ ਚਾਰੇ ਬੰਨੇ ਸੁਹਾਗੀਆਂ ਸਾਫ਼ ਪੈਲੀਆਂ ਚਾਨਣੀ ਵਿਚ ਚਮਕ ਰਹੀਆਂ ਸਨ । ਕੁੜੀ ਤੇ ਉਹਦੀ ਮਾਂ ਦੋਵੇਂ ਬੁਢੇ ਚੌਧਰੀ ਦੇ ਮੂੰਹ ਵਲ ਵੇਖ ਰਹੀਆਂ ਸਨ ਜਿਸਦੇ ਮਥੇ ਤੋਂ ਠੰਢੀਆਂ ਤਰੇਲੀਆਂ ਚੋ ਪਈਆਂ ਸਨ ।

ਅਚਨਚੇਤ ਬੁਢੇ ਦੇ ਚਿਹਰੇ ਦੀ ਕਸ ਢਿਲੀ ਹੋ ਗਈ । ਉਹਦਾ ਸਾਹ ਪਰਤ ਆਇਆ । ਮਥੇ ਤੋਂ ਤਰੇਲੀ ਪੂੰਝਦਾ ਬੋਲਿਆ—

"ਉਹ ਆਪਣੇ ਹੀ ਲੋਕ ਨੇ ਤੇ ਉਹ ਜੀਉਂਦੇ ਨਹੀਂ । ਵੇਖੇਂ ਨਾ ਉਹ ਹਿਲਦੇ ਨਹੀਂ, ਕੂੰਦੇ ਨਹੀਂ, ਪਾਸਾ ਨਹੀਂ ਪਰਤਦੇ ।"

ਲੋਥਾਂ ਕੋਲੋਂ ਲੰਘਦਿਆਂ ਜਗੀਰੋ ਚੀਕ ਮਾਰਕੇ ਆਪਣੀ ਮਾਂ ਨਾਲ ਚੰਬੜ ਗਈ । ਬੁਢੇ ਨੇ ਉਹਨੂੰ ਡਾਂਟਿਆ—

"ਚੀਕਾਂ ਸਾਂਭ ਕੇ ਰਖ ਕੁੜੀਏ । ਏਥੇ ਸੁਣਨ ਵਾਲਿਆਂ ਦਾ ਕਾਲ ਨਹੀਓਂ । ਚੁਪ ਕੀਤੀ ਮੇਰੇ ਮਗਰ ਤੁਰਦੀ ਆ ਤੇ ਐਵੇਂ ਲਾਂਭੇ ਨਾ ਪਈ ਵੇਖ ।"

ਪਿੰਡ ਕਾਫ਼ੀ ਪਿਛਾਂਹ ਰਹਿ ਗਿਆ ਸੀ । ਉਹ ਹੁਣ ਚੀਮਿਆਂ ਵਾਲਾ ਖੂਹ ਵੀ ਲੰਘ ਆਏ ਸਨ । ਚੁਤਰਫ਼ੀ ਪੈਲੀਆਂ ਵਿਚ ਵਾਹ ਪਏ ਸਨ, ਮਲ੍ਹੜ ਰਲਾਏ ਗਏ ਤੇ ਸੁਹਾਗੇ ਫਿਰ ਚੁਕੇ ਸਨ । ਬਣਾਈਆਂ, ਵਤਰੀਆਂ, ਨਿਖਸਮੀਆਂ ਜ਼ਮੀਨਾਂ ਬੀਜਾਈਆਂ ਉਡੀਕ ਰਹੀਆਂ ਸਨ ਤੇ ਖਸਮ ਸਾਂਈ ਸੁਤੜੇ ਸੌਂ ਗਏ ਸਨ । ਕਿਤੇ ਕਿਤੇ ਲਵੀਆਂ ਮੁੰਜੀਆਂ ਵਿਚ ਪਾਣੀ ਚਾਂਦੀ ਦੀ ਡਲ੍ਹਕ ਮਾਰਦਾ ਸੀ । ਕਮਾਦ ਵੀ ਗੋਡੇ ਗੋਡੇ ਹੋ ਪਿਆ ਸੀ । ਹੋਰ ਮਹੀਨੇ ਖੰਡ ਨੂੰ ਇਹਨੇ ਹਥ ਲਾਣ ਜੋਗਾ ਹੋ ਜਾਣਾ ਸੀ, ਵੇਲਣੇ ਪੈਣਾਂ ਸੀ, ਰੌਹਾਂ ਦੀਆਂ ਖੀਰਾਂ ਰਿਝਣੀਆਂ ਸਨ ਤੇ ਚਾਰੇ ਪਾਸੇ ਪਿੰਡ ਵਿਚ ਨਵੇਂ ਤੱਤੇ ਗੁੜ ਦੀ ਸੁਗੰਧੀ ਖਿਲਰ ਜਾਣੀ ਸੀ ।

ਕਿਤੇ ਕਿਤੇ ਕੋਈ ਕਪਾਹ ਦਾ ਟੀਂਡਾ ਖਿੜਿਆ ਸੀ । ਅਸੂ ਤੀਕ ਮੁਟਿਆਰਾਂ ਦੀ ਹੇੜਾਂ ਦੀਆਂ ਹੇੜਾਂ ਨੇ ਛਿਕੂ ਤੇ ਚੰਗੇਰਾਂ ਚੁਕੀ ਆਣ ਵੜਨਾ ਸੀ, ਇਕ ਦੂਜੀ ਨਾਲ ਬਿਦ



Sri Satguru Jagjit Singh Ji eLibrary NamdhariElibrary@gmail.com

ਬਿਦ ਕੇ ਚੁਣਾਈ ਕਰਨੀ ਸੀ, ਰਾਤੀਂ ਘਰ ਘਰ ਛੋਪੇ ਪੈਣੇ ਸਨ, ਲਗਰਾਂ ਵਰਗੀਆਂ ਕੁਆਰੀਆਂ ਨੇ ਤਕਲੇ ਤੰਦਾਂ ਪਾ ਕੇ ਗੌਣਾਂ ਨਾਲ ਦਿਲਾਂ ਨੂੰ ਟੁੰਬਣਾ ਤੇ ਹਿਕਾਂ ਝੁਣਝੁਣਾਣਾ ਸੀ।

ਇਹ ਪਰ ਐਤਕੀਂ ਕਿਹਾ ਸੌਣ ਚੜ੍ਹਿਆ ਸੀ। ਜਿੰਦ ਦਾ ਸਾਹ ਸੁਕਾ ਰਿਹਾ ਤੇ ਹੁਣ ਭਾਦਰੋਂ ਵਿਚ ਕਿਸੇ ਨੇ ਗੀਤਾਂ ਨੂੰ ਛਵ੍ਹੀਆਂ ਨਾਲ ਕਤਲ ਕਰ ਦਿਤਾ ਸੀ।

ਵੜੈਚਾਂ ਦੇ ਖੂਹ ਕੋਲ ਉਨ੍ਹਾਂ ਨੂੰ ਉਚੀ ਉਚੀ ਹੱਸਣ ਦੀ ਅਵਾਜ਼ ਆਈ। ਥਿੜਕਦੀ ਹੇਕ ਵਿਚ ਕੋਈ ਗੰਦਾ ਗੌਣ ਗਾ ਰਿਹਾ ਸੀ। ਖੂਹ ਦੀ ਮਣ ਉਤੇ ਉਨ੍ਹਾਂ ਵੇਖਿਆ ਕੁਝ ਬੰਦੇ ਸ਼ਰਾਬ ਪੀ ਰਹੇ ਤੇ ਬਕੜਵਾਦ ਕਰ ਰਹੇ ਸਨ। ਪਗਡੰਡੀ ਛਡਕੇ ਉਹ ਕਮਾਦ ਵਿਚ ਵੜ ਗਏ ਤੇ ਨਿਉਂਕੇ ਟੁਰਨ ਲਗੇ।

ਗੌਣ ਬੰਦ ਹੋ ਗਿਆ।

"ਐਵੇਂ ਨਾ ਪਿਆ ਵੇਖ ਉਧਰ। ਕੋਈ ਨਹੀਂਗਾ ਓਥੇ।"

"ਨਹੀਂ ਭਾ। ਕਮਾਦ ਹਿਲਿਆ ਸੀ ਤੇ ਇਕ ਕਾਸ਼ਨੀ ਚੁੰਨੀ ਦਿਸੀ ਸੀ ਮੈਨੂੰ।"

"ਓ ਤਈਨੂੰ ਤਾਂ ਸੁਫਨਿਆਂ ਵਿਚ ਵੀ ਚੁੰਨੀਆਂ ਦੀਹਦੀਆਂ ਨੇ। ਉਰ੍ਹਾਂ ਆਹ ਪਤੀਲਾ ਚਖ। ਇਹਨੂੰ ਆਹਨਾਂ ਵਾਂ ਮੈਂ ਪਾਕਿਸਤਾਨ ਮਾਰਕਾ। ਕਸਮੇਂ ਕਾਇਦੇ ਆਜ਼ਮ ਦੀ, ਜੇ ਤਈਨੂੰ ਵਲੈਤੀ ਬੋਤਲਾਂ ਨਾ ਭੁਲ ਜਾਣ।"

"ਆਉਨਾ ਭਾ। ਪਹਿਲੋਂ ਮੈਂ ਏਹਨਾਂ ਕੁੜੀਆਂ ਦੀ ਸਾਰ ਲਿਲਵਾਂ। ਖੌਰੇ ਸਾਡੇ ਕੰਮ ਦੀਆਂ ਹੋਨੀ ਤੇ ਰਾਤ ਵਾਹਵਾ ਲੰਘ ਜਾਏ।"

ਓਨ੍ਹਾਂ ਦੀਆਂ ਜਿੰਦਾਂ ਸੂਤਰ ਦੀਆਂ ਬਣ ਗਈਆਂ ਤੇ ਉਹ ਕਮਾਦ ਵਿਚ ਲੰਮੇ ਪੈ ਗਏ।

ਭਾਰੇ ਕਦਮ ਨੇੜੇ ਆਉਂਦੇ ਉਹਨਾਂ ਦੇ ਦਿਲਾਂ ਤੇ ਹਥੌੜੇ ਮਾਰਦੇ ਰਹੇ। ਕਿਸੇ ਨੇ ਚੁੰਨੀ ਮਰੋੜਕੇ ਜਗੀਰੋ ਨੂੰ ਧੂਹ ਕਢਿਆ। ਬੁਢਾ ਖੁਦਾ ਬਖਸ਼ ਕੁਦ ਕੇ ਪਿਆ।

"ਹਲਾ ਤੂੰ ਵੀ ਏਂ ਬੁਢਿਆ...ਤੇ ਇਹ ਕੜੀਆਂ ਕੌਣ ਨੀ?"

"ਆਪਨੀਆਂ ਈ ਨੇ ਜਵਾਨ। ਧੀਆਂ ਨੇ ਮੇਰੀਆਂ।"

"ਅਸ਼ਕੇ ਬੁਢਿਆ ਕੁਕੜਾ, ਤੂੰ ਮਈਨੂੰ ਪੜ੍ਹਾਣ ਲਗਾ ਏਂ। ਆਹ ਮਲਾਈ ਵਰਗੀ ਕੁੜੀ ਤਾਂ ਖੱਤਰੀਆਂ ਦੀ ਏ। ਉਹ ਬੁਢੜੀ ਭਾਵੇਂ ਤੇਰੀ ਧੀ ਹੋਵੇ। ਕਿਉਂ ਬੱਲੀਏ ਕੁੰਦੀ ਕਿਉਂ ਨਹੀਂ। ਕੀ ਨਾਂ ਏ ਤੇਰਾ, ਤੇ ਤੂੰ ਓਏ ਖੁੰਘਾ ਐਸ ਵੇਲੇ ਕਮਾਦਾਂ ਵਿਚ ਨਾਬਾਲਗ ਕੁੜੀਆਂ ਨਾਲ ਯਰਾਨੇ ਲਾਉਂਦਾ ਫਿਰਨੈ।"

ਚੌਧਰੀ ਨੇ ਆਪਣੀ ਪੱਗ ਗਭਰੂ ਦੇ ਪੈਰਾਂ ਵਿਚ ਰਖ ਦਿਤੀ। ਉਹਦੇ ਧੌਲੇ, ਕੰਬਦੇ ਸਿਰ ਵਲ ਵੇਖ ਗਭਰੂ ਨੂੰ ਕੁਝ ਯਾਦ ਆ ਗਿਆ।

"ਸਗੋਂ ਤੂੰ ਉਹੀਓ ਤਾਂ ਨਹੀਂ। ਤੇਰਾ ਓਦੋਂ ਹੀ ਕੰਮ ਪਾਰ ਕਰਨਾ ਸੀ। ਤੇ ਤੂੰ ਇਹ ਕਸਬ ਛਡੇ ਨਹੀਂ ਅਜੇ।"

ਖੁਦਾ ਬਖਸ਼ ਨੇ ਗੋਂਦਲਾਂ ਵਾਲੇ ਦੇ ਉਸ ਜੱਟ ਮੁੰਡੇ ਨੂੰ ਪਛਾਣ ਲਿਆ, ਜਿਸਨੇ ਉਹਦੀ ਦਾੜ੍ਹੀ ਹੱਥ ਪਾਇਆ ਸੀ ਤੇ ਉਹਦੇ ਵਲ ਛਵ੍ਹੀ ਉਘਰੀ ਸੀ।

"ਆ ਖਾਂ ਬਲੀਏ ਆਪਾਂ ਟੁਰਦੇ ਹੋਈਏ। ਜੇ ਤੇਰੀ ਮਾਂ ਨੇ ਏਸ ਬੁਢੜੇ ਨਾਲ ਹੀ ਭਸ ਖਰਾਬਾ ਕਰਨਾ ਏ ਤਾਂ ਸਾਨੂੰ ਕੀ। ਨੀ ਤੂੰ ਤਾਂ ਰੋਨੀ ਪਈ ਏਂ ਚੁਪ ਕਰ ਮੇਰੀ ਲਡਿੱਕੋ। ਆ ਮੈਂ ਤੇਈਨੂੰ ਮਖਾਣੇ ਲੈ ਦਿਆਂ।"

ਜਗੀਰੋ ਡਾਡਾਂ ਮਾਰਦੀ ਸੁੰਗੜ ਗਈ।

"ਨੀ ਮੈਂ ਤੇਰੇ ਨਾਲ ਆਂ, ਲਵੀਏ ਵਛੇਰੀਏ। ਟੁਰਦੀ ਵੀ ਹੋ ਅਗਾਂਹ ਸਿਧੀ ਹੱਥੀਂ।"

ਉਸ ਨੇ ਕੁੜੀ ਦੇ ਲੱਕ ਵਿਚ ਗੋਡੇ ਦੀ ਹੁੱਝ ਮਾਰੀ। ਨੰਦ ਕੌਰ ਭੂੜਕ ਕੇ ਉਹਦੇ ਗਲ ਪੈ ਗਈ।

"ਹਲਾ ਤੂੰ ਵੀ ਚੱਲਣਾਂ ਏ, ਬੁਢੀਏ। ਅਸੀਂ ਖਾਂਗੜਾਂ ਦੇ ਗਾਹਕ ਨਹੀਂ। ਤੇਰਾ ਕੰਮ ਤਾਂ ਏਥੇ ਈ ਨਬੇੜਨਾ ਪਊ, ਨਹੀਂ ਤਾਂ ਐਵੇਂ ਔਖੀ ਹੁੰਦੀ ਰਹੇਂਗੀ।"

ਧੱਕਾ ਮਾਰਕੇ ਉਸਨੇ ਤੀਵੀਂ ਨੂੰ ਹੇਠਾਂ ਸੁਟ ਲਿਆ ਤੇ ਦੋਹਾਂ ਹੱਥਾਂ ਵਿਚ ਛਵ੍ਹੀ ਨੂੰ ਤੋਲਿਆ। ਖੁਦਾ ਬਖਸ਼ ਭੱਜ ਕੇ ਅਗੇ ਹੋਇਆ। ਛਵ੍ਹੀ ਉਹਦੇ ਲੱਕ ਵਿਚ ਵੱਜੀ ਤੇ ਉਹ ਡਿਗ ਪਿਆ।

ਜਦੋਂ ਉਹਦੀ ਸੁਰਤ ਪਰਤੀ ਤਾਂ ਹਨੇਰਾ ਸੀ। ਮਾੜੀ ਜਹੀ ਲੋ ਲਗ ਪਈ ਸੀ ਤੇ ਠੰਢੀ ਪੌਣ ਉਹਦੇ ਨੰਗੇ ਸਿਰ ਨੂੰ ਛੋਹ ਰਹੀ ਸੀ। ਕਮਾਦ ਦੀ ਸੌਂਧੀ ਮਹਿਕ ਉਸ ਦੀਆਂ ਨਾਸਾਂ ਨੂੰ ਬੜੀ ਸੁਖਦਾਈ ਲਗੀ। ਜੇ ਕਦੀ ਲੁਹਾਰ ਆਪਣੀ ਲਾਲ ਅੰਗਿਆਰ ਛੈਣੀ ਉਹਦੇ ਲੱਕ ਵਿਚ ਨਾਂ ਖੋਭ ਦਿੰਦਾ ਤੇ ਉਹ ਕਮਾਦ ਵਿਚ ਕਿਉਂ ਲੰਮਾ ਪਿਆ ਸੀ ਤੇ ਕਿਕਰ ਦਾ ਉਹ ਵਡਾ ਟਾਹਣ ਕਿਵੇਂ ਮੌਤ ਦੀ ਬਾਂਹ ਵਾਂਗ ਉਹਦੇ ਤੇ ਉਲਰਿਆ ਹੋਇਆ ਸੀ।

ਉਹਨੂੰ ਡਾਢੀ ਤਰੇਹ ਲਗੀ ਹੋਈ ਸੀ। ਜੇ ਕਦੀ ਉਹ



Sri Satguru Jagjit Singh Ji eLibrary NamdhariElibrary@gmail.com

ਪਾਣੀ ਦਾ ਇਕ ਘੁਟ ਪੀ ਸਕਦਾ। ਸਾਹਮਣੇ ਖੂਹ ਸੀ- ਉਹਦਾ ਆਪਣਾ ਖੂਹ ਪਿਛਲੇ ਮਹੀਨੇ ਉਹਨੇ ਮਾਹਲ ਬਦਲਵਾਈ ਸੀ ਤੇ ਟਿੰਡਾਂ ਨਵੀਆਂ ਪਵਾਈਆਂ ਸਨ ਤੇ ਉਹਦੇ ਕਾਮੇ ਕਿਥੇ ਭਜੇ ਫਿਰਦੇ ਸਨ। ਉਹ ਖੂਹ ਦਾ ਮਾਲਕ ਤਿਹਾਇਆ ਲੂਸ ਰਿਹਾ ਸੀ ਤੇ ਉਹਨੂੰ ਪਾਣੀ ਦੀ ਚੁਲੀ ਨਹੀਂ ਸਨ ਪੁਛਦੇ। ਹਡ ਹਰਾਮ ਨਾਂ ਹੋਣ ਤਾਂ। ਉਹਨਾਂ ਭਾਣੇ ਉਹ ਬੁੱਢਾ ਹੁਣ ਮਾਲਕੀ ਗਵਾ ਬੈਠਾ ਸੀ।

ਤੇ ਉਹ ਢਾਂਗੇ ਉਤੇ ਉਹਦੀ ਦੋਹਤਰੀ ਸਲਮੀ ਦੀ ਸਲਵਾਰ ਖਿਲਰੀ ਹੋਈ ਸੀ। ਨਿਜ ਹੋਣੀ ਨੂੰ ਹਜ਼ਾਰ ਵੇਰੀ ਖੂਹ ਤੇ ਕਪੜੇ ਧੋਣੋਂ ਵਰਜਿਆ ਸੀ। ਮੁੜਦੀ ਈ ਨਹੀਂ ਸੀ ਚੁੜੇਲ ਕਿਤੋਂ ਦੀ। ਹੈ ਇਹ ਤਾਂ ਆਪਣੇ ਚੰਦਾ ਸਿਹੁੰ ਜਟ ਦੀ ਕੁੜੀ ਜਗੀਰੋ ਦੀ ਸਲਵਾਰ ਸੀ। ਹਾਂ ਜਗੀਰੋ ਹੀ ਤਾਂ ਉਹਦੀ ਦੋਹਤਰੀ ਸੀ। ਮਰ ਜਾਣੀਆਂ ਇਕੋ ਜੇਡੀਆਂ ਲਗਦੀਆਂ ਸਨ। ਪਛਾਣ ਨਹੀਂ ਸਣ ਹੁੰਦੀਆਂ।

ਤੇ ਉਹ ਨਿਕੀ ਜਿੰਨੀ ਸਲਵਾਰ, ਪੰਦ੍ਰਾਂ ਵਰ੍ਹਿਆਂ ਦੀ ਬਾਲੜੀ ਦੀ ਸਲਵਾਰ ਹੁਣ ਫੈਲਣ ਲਗ ਪਈ ਸੀ। ਛੀਟ ਦੀਆਂ ਨਿਕੀਆਂ ਬੂਟੀਆਂ ਵਡੀਆਂ ਹੋ ਕੇ ਉਘੜਦੀਆਂ ਰੁਖ ਬਣ ਗਈਆਂ ਤੇ ਹੁਣ ਚੁਤਰਫ਼ੀ ਅਣਗਿਣਤ ਸਲਵਾਰਾਂ ਖਿਲਰੀਆਂ ਸਨ। ਪੈਲੀਆਂ ਵਿਚ, ਬੰਨਿਆਂ ਉਤੇ, ਨਾਲ ਤੇ ਉਹਦੇ ਉਪਰਲੇ ਕਿਕਰ ਨਾਲੋਂ ਵੀ ਸਲਵਾਰਾਂ ਲਮਕ ਰਹੀਆਂ ਸਨ ਤੇ ਖੁੰਘਾਂ ਨਾਲ ਅੜ ਅੜ ਕੇ ਪਾਟ ਰਹੀਆਂ ਸਨ। ਉਹਦੀ ਆਪਣੀ ਉਲਾਦ ਨੇ ਉਹਨੂੰ ਨਸ਼ਰ ਕਰ ਛਡਿਆ ਸੀ। ਉਸ ਦੀਆਂ ਬੁਢੀਆਂ ਹਡੀਆਂ ਨੂੰ ਛਜ ਵਿਚ ਪਾ ਕੇ ਛਟਿਆ ਸੀ ਤੇ ਸਤਾਂ ਰਾਹਾਂ ਦੀ ਮਿਟੀ ਉਹਦੀ ਧੌਲੀ-ਦਾੜ੍ਹੀ ਵਿਚ ਪਾਈ ਸੀ। ਥਾਂ ਥਾਂ ਉਹਦੀ ਨਮੋਸ਼ੀ ਸੀ। ਕਦੀ ਉਹਦੇ ਸਾਹਵੇਂ ਕੋਈ ਅਖ ਨਹੀਂ ਸੀ ਚੁਕਦਾ। ਅਜ ਉਹਦੇ ਆਪਣੇ ਪੁਤਰ ਪੋਤਰੇ ਉਹਦੇ ਵਲ ਛਵ੍ਹੀਆਂ ਉਘਰਦੇ ਸਨ। ਉਹਦੇ ਜੀਊਣ ਦਾ ਕੀ ਹੱਜ ਸੀ।

ਬੇਸੁਰਤੀ ਵਿਚ ਲਕ ਨੂੰ ਨਪਦਾ, ਲੜਖੜਾਂਦਾ ਉਹ ਉਠਿਆ। ਆਪਣੀ ਪਗ ਦਾ ਇਕ ਸਿਰਾ ਕਿਕਰ ਦੇ ਟਾਹਣ ਉਤੋਂ ਹੇਠਾਂ ਵਹਾਇਆ। ਪੀਢੀਆਂ, ਖਿਚਵੀਆਂ ਗੰਢਾਂ ਪਾ ਕੇ ਫ਼ਾਹੀ ਬਣਾਈ ਤੇ ਉਛਲਕੇ ਪਗ ਦਾ ਲੜ ਫੜਦਿਆਂ ਉਹਨੂੰ ਗਲ ਵਿਚ ਪਾ ਲਿਆ।

ਸੂਰਜ ਚੜ੍ਹ ਪਿਆ। ਰੁਖਾਂ ਵਿਚ ਪੰਖੇਰੂ ਚਹਿਕ ਪਏ। ਕਮਾਦ ਵਾਲੇ ਕਿਕਰ ਨਾਲੋਂ ਇਕ ਲੋਥ ਲਟਕ ਰਹੀ ਸੀ। ਉਹਦੇ ਡੇਲ੍ਹੇ ਦੂਰ ਉਸ ਪਿੰਡ ਵਲ ਲਗੇ ਸਨ ਜਿਸਨੂੰ ਉਹਦੇ ਬਜ਼ੁਰਗਾਂ ਹਾਫ਼ਜਾਬਾਦ ਤੋਂ ਪਿੰਡੀ ਭਟੀਆਂ ਜਾਣ ਵਾਲੀ ਪਕੀ ਸੜਕ ਤੇ ਬਣਾਇਆ ਸੀ ਤੇ ਉਹਦਾ ਨਾਂ ਲਧੇਵਾਲਾ ਵੜੈਚ ਰਖਿਆ ਸੀ।

)○(

## ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਨੇ ਆਲ ਇੰਡੀਆ ਸ਼ਬਦ-ਗਾਇਨ ਮੁਕਾਬਲਾ ਜਿਤਿਆ

੨੫ ਨਵੰਬਰ ੧੯੯੩ ਨੂੰ ਜਲੰਧਰ ਦੇ ਮਿੰਟਗੁਮਰੀ ਗੁਰੂ ਨਾਨਕ ਪਬਲਿਕ ਸਕੂਲ ਵਿਚ ਸਰਬ ਭਾਰਤੀ ਪਬਲਿਕ ਸਕੂਲ ਸ਼ਬਦ ਗਾਇਨ ਮੁਕਾਬਲਾ ਹੋਇਆ। ਜਿਸ ਵਿਚ ਤਕਰੀਬਨ ੪੦ ਟੀਮਾਂ ਨੇ ਭਾਗ ਲਿਆ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਸੀਨੀਅਰ ਤੇ ਜੂਨੀਅਰ ਗਰੁਪ ਦੇ ਬੱਚੇ ਪਹਿਲੇ ਨੰਬਰ ਤੇ ਆਏ।

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਪਿਛਲੇ ਤਿੰਨ ਸਾਲਾਂ ਤੋਂ ਇਸ ਕੰਪੀਟੀਸ਼ਨ ਦੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ ਲਗਾਤਾਰ ਪਹਿਲਾ ਇਨਾਮ ਹੀ ਜਿੱਤਦੇ ਰਹੇ ਹਨ। ਇਹ ਬੱਚੇ ਸੰਗੀਤ ਦੇ ਨਾਲ ਨਾਲ ਸ੍ਰੀ ਭੈਣੀ ਸਾਹਿਬ ਵਿਚ ਵੀ ਪੂਰਾ ਧਿਆਨ ਦੇ ਰਹੇ ਹਨ।

ਬੀਬੀ ਨਰਿੰਦਰ ਕੌਰ ਜੀ, ਉਸਤਾਦ ਹਰਭਜਨ ਸਿੰਘ ਜੀ, ਮੋਹਨ ਸਿੰਘ, ਸੁਖਦੇਵ ਸਿੰਘ ਤੇ ਸੁਰਜੀਤ ਸਿੰਘ ਜੀ ਰਾਜੇਸ਼ ਮਾਲਵੀਆ ਦੇ ਉੱਦਮ ਤੇ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਇਹ ਬੱਚੇ ਅੱਗੇ ਵਧ ਰਹੇ ਹਨ।

ਜਿਹਨਾਂ ਬਚਿਆਂ ਨੇ ਮੁਕਾਬਲੇ ਵਿਚ ਭਾਗ ਲਿਆ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ :

ਸੀਨੀਅਰ ਗਰੁਪ — ਬਲਵੰਤ ਸਿੰਘ, ਰਣਬੀਰ ਸਿੰਘ, ਗੁਰਮੁਖ ਸਿੰਘ, ਜਰਨੈਲ ਸਿੰਘ, ਹਰਜਿੰਦਰ ਸਿੰਘ, ਬਲਕਾਰ ਸਿੰਘ, ਗੁਰਮੀਤ ਸਿੰਘ, ਤਰਲੋਚਨ ਸਿੰਘ, ਕਾਕਾ ਜੈ ਸਿੰਘ।

ਜੂਨੀਅਰ ਗਰੁਪ — ਗੁਰਪ੍ਰੀਤ ਸਿੰਘ (ਪੀਤੂ), ਬੀਰ ਸਿੰਘ, ਗੁਰਮੀਤ ਸਿੰਘ, ਸਰਮੁਖ ਸਿੰਘ, ਗੁਰਲਾਲ ਸਿੰਘ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਬਿਅੰਤ ਸਿੰਘ, ਨਿਰਮਲ ਸਿੰਘ, ਸੁਦਰਸ਼ਨ ਸਿੰਘ।

(○)



Sri Satguru Jagjit Singh Ji eLibrary NamdhariElibrary@gmail.com

# ਸ਼ਰਾਬ

—ਸੁਰਜੀਤ ਖ਼ੁਰਸ਼ੀਦੀ

*ਇਕ* ਵਾਰ ਦੀ ਗੱਲ ਹੈ ਕਿ ਅਰਬ ਦੇਸ ਦੇ ਮਾਰੂਥਲਾਂ ਵਿਚ, ਇਕ ਬੁੱਧੀਮਾਨ ਵਿਅਕਤੀ, ਫਿਰਦਾ ਫਿਰਦਾ, ਸ਼ੈਤਾਨ ਦੇ ਅੜਿਕੇ ਆ ਗਿਆ, ਸ਼ੈਤਾਨ ਤਾਂ ਹੁਣ ਫੇਰ ਸ਼ੈਤਾਨ ਹੀ ਹੁੰਦਾ ਹੈ। ਉਸ ਨੇ ਬੁੱਧੀਮਾਨ ਬੰਦੇ ਨੂੰ ਕਿਹਾ ਕਿ ਹੁਣ ਤੂੰ ਪੂਰੀ ਤਰ੍ਹਾਂ ਦੇ ਨਾਲ ਮੇਰੇ ਵੱਸ ਵਿਚ ਹੈਂ। ਜੇਕਰ ਮੇਰੇ ਪਾਸੋਂ ਛੁਟਕਾਰਾ ਭਾਲਦਾ ਹੈਂ ਤਾਂ ਤੈਨੂੰ ਤਿੰਨ ਸ਼ਰਤਾਂ ਵਿਚੋਂ ਇਕ ਸ਼ਰਤ ਮੰਨਣੀ ਹੋਵੇਗੀ।

ਬੁੱਧੀਮਾਨ ਨੇ ਸ਼ਰਤਾਂ ਪੁੱਛੀਆਂ। ਸ਼ੈਤਾਨ ਨੇ ਦਸਿਆ :—

(੧) ਜਾਂ ਤਾਂ ਤੂੰ ਆਪਣੇ ਗ਼ੁਲਾਮ ਨੂੰ ਕਤਲ ਕਰ ਦੇ।

(੨) ਜਾਂ ਫੇਰ ਇਹ ਨਹੀਂ ਕਰਨਾ ਤਾਂ ਆਪਣੀ ਤ੍ਰੀਮਤ ਨੂੰ ਕੁੱਟ ਕੁੱਟ ਕੇ ਭੜਥਾ ਬਣਾ ਦੇ।

(੩) ਜੇਕਰ ਇਹਨਾਂ ਦੋਹਾਂ ਗੱਲਾਂ ਵਿਚੋਂ ਕੋਈ ਇਕ ਵੀ ਨਹੀਂ ਕਰਨੀ ਤਦ ਫੇਰ ਮੇਰੇ ਪਾਸ ਇਹ ਇਕ ਪਿਆਲਾ ਸ਼ਰਾਬ ਦਾ ਭਰਿਆ ਹੋਇਆ ਹੈ। ਇਹ ਪੀਣਾ ਪਵੇਗਾ।

ਬੁੱਧੀਮਾਨ ਸੋਚੀਂ ਪੈ ਗਿਆ। ਗ਼ੁਲਾਮ ਤਾਂ ਵਿਚਾਰਾ ਬਹੁਤ ਹੀ ਆਗਿਆਕਾਰ ਅਤੇ ਵਫ਼ਾਦਾਰ ਹੈ। ਉਸਨੂੰ ਖ਼ਾਹਮਖ਼ਾਹ ਕਤਲ ਕਰ ਦੇਵੇ, ਤਾਂ ਪਾਪ ਹੋਵੇਗਾ।

ਫੇਰ ਉਸ ਨੇ ਪਤਨੀ ਨੂੰ ਕੁਟਾਪਾ ਚਾੜ੍ਹਣ ਬਾਰੇ ਸੋਚਿਆ। ਪਤਨੀ ਤਾਂ ਬਹੁਤ ਹੀ ਨੇਕ ਅਤੇ ਸਤੀ ਸਾਵਿਤ੍ਰੀ ਹੈ। ਕਦੇ ਵੀ ਮੇਰੇ ਕਹਿਣੇ ਤੋਂ ਬਾਹਰ ਨਹੀਂ ਹੋਈ। ਮੇਰੀ ਖ਼ੁਸ਼ੀ ਵਿਚ ਹੀ ਆਪਣੀ ਖ਼ੁਸ਼ੀ ਸਮਝਦੀ ਰਹੀ ਹੈ। ਉਹਨੂੰ ਤਾਂ ਕਿਵੇਂ ਵੀ ਕੁਟਿਆ ਨਹੀਂ ਜਾ ਸਕਦਾ।

ਸ਼ਰਾਬ ਦਾ ਪਿਆਲਾ ? ਹਾਂ ਇਸਨੂੰ ਪੀ ਜਾਣ ਨਾਲ ਵੀ ਕੋਈ ਵਧੀਕੀ ਨਹੀਂ ਹੋਣੀ। ਸ਼ਰਤ ਵੀ ਪੂਰੀ ਹੋ ਜਾਵੇਗੀ।

ਬੁੱਧੀਮਾਨ ਨੇ ਹੱਥ ਵਧਾ ਕੇ ਸ਼ਰਾਬ ਦਾ ਪਿਆਲਾ ਚੁੱਕ ਲਿਆ ਅਤੇ ਔਖਾ ਸੌਖਾ ਹੋ ਕੇ ਸਾਰੇ ਦਾ ਸਾਰਾ ਹੀ ਪੀ ਗਿਆ।

ਘਰ ਪੁੱਜਾ ਤਾਂ ਝੂਮਦੇ ਝਾਮਦੇ ਨੂੰ ਦੇਖ ਕੇ ਪਤਨੀ ਹੈਰਾਨ ਹੋਈ ਅਤੇ ਕਹਿਣ ਲੱਗੀ, "ਹਾਏ ਹਾਏ ਜੀ, ਇਹ ਤੁਸਾਂ ਅੱਜ ਕੀ ਲੋਹੜਾ ਮਾਰਿਆ! ਚੰਗਿਆਂ ਭਲਿਆਂ ਦੀ ਬੁੱਧੀ ਭ੍ਰਿਸ਼ਟ ਹੋ ਗਈ !!"

"ਹੈਂ......? ਤੈਨੂੰ ਅੱਜ ਮੇਰੀ ਬੁੱਧੀ ਭ੍ਰਿਸ਼ਟ ਲਗਦੀ ਐ ਹਰਾਮਜ਼ਾਦੀਏ......ਤੈਨੂੰ ਦੱਸਾਂ ਫੇਰ ਭ੍ਰਿਸ਼ਟ ਬੁੱਧੀ ਕੀ ਹੁੰਦੀ ਹੈ ?" ਅਤੇ ਖੂੰਡਾ ਚੁਕ ਕੇ ਪਤਨੀ ਦੇ ਦੁਆਲੇ ਹੋ ਗਿਆ। ਪੈਣ ਦੇ ਜਿਥੇ ਪੈਂਦੀ ਆ, ਮਾਰ ਮਾਰ ਕੇ ਭੜਥਾ ਬਣਾ ਦਿਤਾ।

ਇਸੇ ਸਮੇਂ ਉਸ ਦਾ ਵਫ਼ਾਦਾਰ ਗ਼ੁਲਾਮ ਅੰਦਰ ਆਇਆ ਤਾਂ ਦੇਖ ਕੇ ਹੈਰਾਨ ਰਹਿ ਗਿਆ। ਉਸ ਦੇ ਪਾਸੋਂ ਮਾਲਕਣ ਦੀ ਹਾਲਤ ਦੇਖੀ ਨਾ ਗਈ ਅਤੇ ਉਹਨੇ ਮਾਲਕ ਦੇ ਹੱਥੋਂ ਖੂੰਡਾ ਖੋਹ ਕੇ ਪਾਸੇ ਸੁਟ ਦਿਤਾ।

ਮਾਲਕ ਨੂੰ ਬਹੁਤ ਗੁੱਸਾ ਆਇਆ ਕਿ ਇਹ ਗ਼ੁਲਾਮ ਕੌਣ ਹੁੰਦਾ ਦਖਲ ਦੇਣ ਵਾਲਾ। ਘਰ ਦਾ ਮਾਲਕ ਜਿਵੇਂ ਮਰਜ਼ੀ ਕਰੇ। ਬਸ ਜੀ ਉਸ ਦੇ ਹੱਥ ਤਲਵਾਰ ਆ ਗਈ। ਉਸ ਨੇ ਇਕ ਹੀ ਵਾਰ ਵਿਚ ਗ਼ੁਲਾਮ ਦਾ ਸਿਰ ਧੜ ਤੋਂ ਵੱਖ ਕਰ ਦਿਤਾ। ਬੁੱਧੀਮਾਨ ਦੀ ਇਹ ਹਾਲਤ ਦੇਖ ਕੇ ਸ਼ੈਤਨ ਖੁਸ਼ੀ ਖੁਸ਼ੀ ਚਲਿਆ ਗਿਆ।

---

ਪੁਰਾਣੇ ਧਰਮ ਕਹਿੰਦੇ ਸਨ—ਜਿਹੜਾ ਈਸ਼ਵਰ ਵਿਚ ਵਿਸ਼ਵਾਸ ਨਹੀਂ ਰੱਖਦਾ, ਉਹ ਨਾਸਤਕ ਹੈ।

ਨਵਾਂ ਧਰਮ ਕਹਿੰਦਾ ਹੈ—ਜਿਸ ਨੂੰ ਆਪਣੇ ਉਤੇ ਵਿਸ਼ਵਾਸ ਨਹੀਂ, ਉਹ ਨਾਸਤਕ ਹੈ।

—ਸੁਆਮੀ ਵਿਵੇਕਾਨੰਦ

ਜਿੰਨਾ ਚਿਰ ਤੁਹਾਨੂੰ ਕੋਈ ਰਾਹ ਨਾ ਦੱਸੇ, ਓਨਾ ਚਿਰ ਤੁਸੀਂ ਉਸ (ਈਸ਼ਵਰ) ਤੱਕ ਨਹੀਂ ਪਹੁੰਚ ਸਕਦੇ। ਕਿਉਂਕਿ ਉਹ ਸੂਖਮਤਾ ਤੋਂ ਵੀ ਸੂਖਮ ਹੈ ਅਤੇ ਤਰਕ ਵੀ ਉਸ ਤਾਈਂ ਨਹੀਂ ਪਹੁੰਚ ਸਕਦਾ।

—ਕੱਠ ਉਪਨਿਸ਼ਦ



Sri Satguru Jagjit Singh Ji eLibrary NamdhariElibrary@gmail.com

# ''ਨੇਕੀ ਬਦੀ ਦੀ ਵਾਰ''

(ਸਿਰਖੰਡੀ ਦੇ ਨਿਸ਼ਾਨੀ ਛੰਦ)

—ਜਸਵੰਤ ਸਿੰਘ ਰਾਹੀ

ਸਤਿਗੁਰੂ ਨਾਨਕ ਪਿਆਰੇ, ਜੱਗ ਨੂੰ ਤਾਰਦੇ ।
ਧਰਤੀਓਂ ਕਰਨ ਇਸ਼ਾਰੇ ਸੱਚਖੰਡ ਨੂੰ,
ਲੈ ਕੇ ਪ੍ਰੇਮ-ਫੁਹਾਰੇ ਤਪਸ਼ਾਂ ਠਾਰਦੇ,
ਕਲਜੁਗ ਵਿਚ ਖਲਾਰੇ ਪਹਿਰੇ ਸੱਤ ਦੇ,
ਕਪਟੀ ਕੁਸ਼ਟੀ ਤਾਰੇ, ਚਰਨ ਛੁਹਾ ਕੇ,
ਸਤਜੁਗ ਦੇ ਵਰਤਾਰੇ ਲੰਗਰ ਵਰਤਦੇ,
ਹਰ ਵਿਅਕਤੀ ਸਤਕਾਰੇ, ਸੀਸ ਨਵਾ ਕੇ,
ਗੂੰਜੇ ਸੀ ਜੈਕਾਰੇ ਨਾਨਕ ਨਾਮ ਦੇ ।

* * * *

ਇੱਦਾਂ ਨਾਨਕ-ਨਾਮ ਦੀ ਧੁੰਮ ਪਈ ਚੌਫੇਰੇ,
ਨਾਮ ਦਾਨ ਇਸ਼ਨਾਨ ਨੇ ਰੰਗ ਲਏ ਸਵੇਰੇ,
ਵੰਡੇ ਨੂਰੀ ਰਬਾਬ ਨੇ ਮਹਿਕਾਂ ਦੇ ਸਿਹਰੇ,
ਸਾਰੇ ਪਸਰੀ ਮਿੱਤਰਤਾ ਵਲ ਵਲ ਕੇ ਘੇਰੇ,
ਵਾਹਿਗੁਰੂ ਨਾਮ ਜਹਾਜ਼ 'ਤੇ ਆਏ ਲੋਕ ਬਥੇਰੇ,
ਸ਼ਬਦ ਸੁਰਤ ਦਸ ਦਵਾਰ ਨੇ ਪਾਏ ਹਰ ਥਾਂ ਡੇਰੇ,
ਸੱਤ ਸੰਤੋਖ ਤੇ ਕਿਰਤ ਤੋਂ ਨੱਸ ਗਏ ਹਨੇਰੇ,
ਬਾਣੀ ਕੀਰਤ ਗੂੰਜ ਕੇ ਲੱਖ ਮੋਤੀ ਕੇਰੇ,
ਕਲਜੁਗ ਨੂੰ ਰੋਹ ਚੜ੍ਹ ਗਿਆ ਹੱਥ ਮੁੱਛੀਂ ਫੇਰੇ ।

* * * *

ਕਲਜੁਗ ਦਾ ਦਿਲ ਧੜਕਦਾ ਤੇ ਜੁੱਸਾ ਫਰਕੇ,
ਉਹਨੇ ਜਾਚੇ ਕੁਲ ਸ਼ੈਤਾਨ ਦੇ ਖੁਲ੍ਹੇ ਹੋਏ ਵਰਕੇ,
ਕਾਲੇ-ਸ਼ਾਹ ਸਰੀਰ ਤੇ ਉਹਨੇ ਫੇਰੇ ਖਰਕੇ,
ਉਹ ਛੱਤੀ ਸਾਗਰ ਲੰਘਿਆ ਛੇਤੀਂ ਨਾਲ ਤਰਕੇ,
ਲੈ ਆਇਆ ਕਾਲੇ ਜੁਗ ਦੇ ਸਭ ਅਸਲੇ ਭਰਕੇ,
ਉਹਨੂੰ ਵੇਖ ਕੇ ਪੁੱਤਰ ਸੱਚ ਦੇ ਦਮ ਘੁੱਟ ਕੇ ਯਰਕੇ,
ਬਾਪੂ ਸਭ ਇਨਸਾਫ ਦੇ ਬਹਿ ਗਏ ਸੀ ਡਰਕੇ,
ਉਹਦੇ ਅੱਗੋਂ ਚਾਨਣ ਸਮੇਂ ਦੇ ਇਕ ਬੰਨੇ ਸਰਕੇ,
ਉਹਨੂੰ ਵੇਖ ਕੇ ਪਾਸੇ ਧਰਮ ਦੇ ਮੰਦਰਾਂ ਵਿਚ ਗਰਕੇ,
ਉਹ ਪਹੁੰਚਿਆ ਸੂਰਤ ਆਪਣੀ ਬੜੀ ਭਿਆਨਕ ਕਰਕੇ ।

* * * *

ਚੜ੍ਹ ਕੇ ਆਇਆ ਕਰੋਧ ਵੀ ਅੱਗੋਂ ਮੂੰਹ ਛੱਡਦਾ,
ਖੰਘ ਤੁਰਿਆ ਹੰਕਾਰ ਵੀ ਗੱਪ ਵੱਡੀ ਵੱਢਦਾ,
ਢਿੱਡ ਵਧਾਇਆ ਲੋਭ ਨੇ ਬੁੱਕ ਤਾਂਵੀਂ ਅੱਡਦਾ,
ਮੋਹ ਆਇਆ ਪਰਵਾਰ ਦੇ ਕਈ ਝੰਡੇ ਗੱਡਦਾ,
ਨੰਗਾ ਕਾਮ ਖਲੋ ਗਿਆ ਰਮ ਥੁਸੇ ਹੱਡ ਦਾ,
ਕੋਈ ਮਾਲਕ ਮੈਦਾਨ ਦਾ ਕੋਈ ਪਰਬਤ ਖੱਡ ਦਾ,
ਕੋਈ ਤੀਰ ਚਲਾਉਂਦਾ ਰੂਪ ਦੇ ਕੋਈ ਗੋਲੇ ਛੱਡਦਾ,
ਮਗਰਮੱਛਾਂ ਦਾ ਜਥਾ ਇਹ ਜਬ੍ਹਾੜੇ ਅੱਡਦਾ ।

* * * *

ਫ਼ੌਜਾਂ ਭੜਾਈਆਂ ਕਲਜੁਗ ਬੀਰ ਨੇ,
ਝੂਠ ਅਪੱਦਰ ਲਾਈਆਂ ਛਾਲਾਂ ਉਠ ਕੇ,
ਬੇਰਹਿਮੀ ਦੀਆਂ ਜਾਈਆਂ, ਤੁਰੀਆਂ ਘੁਰਕੀਆਂ,
ਡਾਕੇ ਚੋਰੀਆਂ ਆਈਆਂ ਹਿੱਕ ਫੁਲਾ ਕੇ,
ਵਈਓਂ ਦਿਸਦੀਆਂ ਛਾਈਆਂ, ਕੜਕੇ ਬਿਆਜ ਵੀ,
ਕ੍ਰਿਤਘਣਤਾ ਨੇ ਢਾਈਆਂ ਪ੍ਰੀਤ ਅਮਾਰਤਾਂ,
ਜਬਰ ਤਸ਼ੱਦਦ ਖਾਈਆਂ ਖੂਨੀ ਪੱਟੀਆਂ,
ਨਫ਼ਰਤ ਮੱਥੇ ਪਾਈਆਂ ਲੱਖਾਂ ਤਿਉੜੀਆਂ,
ਝੱਟ ਤੁਅੱਸਬ ਚਾਈਆਂ ਛੁਰੀਆਂ ਤੀਲੀਆਂ,
ਬਦੀਆਂ ਵੀ ਭੜਕਾਈਆਂ ਚਲਦੇ ਭੇਖ ਨੇ,
ਹਿੱਕ-ਜੋਰੀਂ ਖੜਕਾਈਆਂ ਗੁੰਡਾ ਘੰਟੀਆਂ,
ਚੜ੍ਹੀਆਂ ਕੁਲ ਬੁਰਾਈਆਂ ਮੌਤ ਵਸਾਰ ਕੇ ।

* * * *

ਸਤਗੁਰੂ ਨਾਨਕ ਦੇਵ ਜੀ ਨਜ਼ਰਾਂ ਪਰਤਾਈਆਂ,
ਫੌਜਾਂ ਦਿਸੀਆਂ ਆਉਂਦੀਆਂ ਕਲਜੁਗ ਦੀਆਂ ਜਾਈਆਂ,
ਪੰਜ ਉਹਦੇ ਜਰਨੈਲ ਸੀ ਕਰ ਆਉਂਦੇ ਧਾਈਆਂ,
ਨਾਲ ਆਉਂਦਾ ਸ਼ੈਤਾਨ ਸੀ ਟੱਪ ਟਿੱਬੇ ਖਾਈਆਂ,
ਝੱਖੜ ਝੁਲੇ ਮੀਂਹ ਤੇ ਹਨੇਰੀਆਂ ਆਈਆਂ,
ਉਹਨਾਂ ਕੱਢ ਹਵ੍ਹਾੜਾ ਮੂੰਹ 'ਚੋਂ ਕਈ ਅੱਗਾਂ ਲਾਈਆਂ,
ਉਹਨੇ ਮੋਢੇ ਪਾਈਆਂ ਖਾਣ ਲਈ ਕਈ ਮੱਝਾਂ ਗਾਈਆਂ,
ਚਾਰੇ ਕੂੰਟੀਂ ਜੀਉਂਦੀਆਂ ਜਿੰਦਾਂ ਕੁਰਲਾਈਆਂ ।

* * * *

ਸਤਗੁਰੂ ਨਾਨਕ ਹੱਸ ਪਏ ਬੋਲੇ ਮਰਦਾਨੇ,
ਧੁਰ ਕੀ ਬਾਣੀ ਆ ਗਈ ਭਈ ਛੇੜ ਤਰਾਨੇ,
ਸਿਮਰਨ ਦੇ ਹੁਣ ਖੋਲ੍ਹ ਦੇ ਭੰਡਾਰ ਖਜ਼ਾਨੇ,
ਬੱਝੇ ਫਿਰ ਸਤਿਨਾਮ ਨੂੰ ਕੀਰਤਨ ਦੇ ਗਾਨੇ,
ਗੂੰਜਣ ਸ਼ਬਦ ਸਲੋਕ ਵੀ ਰਸ ਪੀਣ ਦੀਵਾਨੇ,
ਨੇਕੀ ਵੀ ਲੈ ਫੌਜ ਨੂੰ ਆ ਗਈ ਮੈਦਾਨੇ,
ਸੱਚ ਧਰਮ ਨਿਤਨੇਮ ਨੇ ਆ ਫਰਜ ਪਛਾਨੇ,
ਜੋਤਾਂ ਜਗੀਆਂ ਸਤਜੁਗੀ ਝੂਮੇ ਪਰਵਾਨੇ ।



Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ ਦੇ ਮੈਦਾਨ ਵਲ ਇਹ ਫੌਜਾਂ ਚੜ੍ਹੀਆਂ,
ਧਰਮ ਕਿਰਤ ਤੇ ਅਮਲ ਨੂੰ ਕਈ ਲਾਲੀਆਂ ਚੜ੍ਹੀਆਂ,
ਆਹਮੋ ਸਾਮ੍ਹਣੇ ਤਾਕਤਾਂ ਇਹ ਦੋਵੇਂ ਖੜ੍ਹੀਆਂ,
ਪੁੰਗਰੀਆਂ ਕਈ ਕਰੂੰਮਲਾਂ ਕਈ ਮੁੱਢੀਆਂ ਸੜੀਆਂ,
ਕਈ ਪਾਸੀਂ ਸਮੇਂ ਦੇ ਹੱਥ ਆਈਆਂ ਕੜੀਆਂ,
ਨੇਕੀਆਂ ਬਦੀਆਂ ਆਣ ਕੇ ਫਿਰ ਉਥੇ ਲੜੀਆਂ ।

* * * *

ਸੱਚ ਨੇ ਫੜਿਆ ਝੂਠ ਨੂੰ ਲਾ ਦਿੱਤੇ ਮੋਢੇ,
ਬਦੀ ਨੂੰ ਨੇਕੀ ਢਾਹ ਲਿਆ ਤੇ ਫੇਰੇ ਗੋਡੇ,
ਜ਼ੁਲਮ ਦੇ ਫੜ ਕੇ ਧਰਮ ਨੇ ਫੇਹ ਸੁਟੇ ਸ਼ੋਡੇ,
ਝੱਖੜ ਸਾਰੇ ਸ਼ਬਦ ਨੇ ਕਰ ਮਾਰੇ ਓਡੇ,
ਪਾਪ ਤਸ਼ੱਦਦ ਨੇਮ ਨੇ ਕਰ ਦਿਤੇ ਥੋਡੇ,
ਸਤਨਾਮ ਜਦੋਂ ਨਰੰਕਾਰ ਦੇ ਜੈਕਾਰੇ ਛਡੇ,
ਪੰਜੇ ਆਗੂ ਕਲਜੁਗੀ ਕਰ ਦਿਤੇ ਕੋਡੇ,
ਕਿਰਤ ਨੇ ਆਏ ਸ਼ੈਤਾਨ ਦੇ ਪੀ ਘੱਤੇ ਸੋਡੇ ।
ਪ੍ਰੇਮ ਨੇ ਨਫ਼ਰਤ ਮਾਰ ਕੇ ਵਰਤਾਏ ਢੋਡੇ,
ਵਟੀਆਂ ਫਟੀਆਂ ਬਿਆਜ ਵੀ ਸਭ ਹੋ ਗਏ ਭੋਡੇ,
ਕਲਜੁਗ ਦਾ ਸਿਰ ਹੋ ਗਿਆ ਜਿਉਂ ਗੰਜੇ ਰੋਡੇ ।

* * * *

ਕਲਜੁਗੀ ਫੌਜਾਂ ਹਾਰੀਆਂ ਕੁਝ ਪਿੱਛੇ ਨੱਠੀਆਂ,
ਛੱਡਿਆ ਆਪਣੀ ਹਉ ਨੂੰ ਪੈ ਗਈਆਂ ਮੱਠੀਆਂ,
ਪੰਜਾਂ ਦੂਤਾਂ ਵਾਲੀਆਂ ਬੁਝ ਗਈਆਂ ਭੱਠੀਆਂ,
ਕੀਤੀਆਂ ਜੋ ਸ਼ੈਤਾਨ ਨੇ ਸਭ ਕੰਧਾਂ ਢੱਠੀਆਂ,
ਬਦੀਆਂ ਅੰਗ ਭਨਾ ਲਏ ਜੋ ਹੈਸਨ ਗੱਠੀਆਂ,
ਖੇਰੂੰ ਹੋਈਆਂ ਤਾਕਤਾਂ ਪਹਿਲੋਂ ਸੀ ਕੱਢੀਆਂ,

* * * *

ਕਿਰਨਾਂ ਨੂਰੀ ਪਸਰੀਆਂ ਸਾਰੇ ਨਰੰਕਾਰੀ,
ਕਲਜੁਗ ਚਰਣੀਂ ਪੈ ਗਿਆ ਛਡ ਕੇ ਫੁੰਕਾਰੀ,
ਕੀਰਤਨ ਅੱਗੇ ਓਸ ਦੀ ਸਭ ਆਕੜਹਾਰੀ,
ਨਾਨਕ ਨਾਮ ਦੀ ਲਈ ਉਹਨੇ ਸਰਦਾਰੀ,
ਪੈਦਲ ਤੁਰਿਆ ਛੱਡ ਕੇ ਝੱਖੜ ਅਸਵਾਰੀ,
ਸੱਤ ਨਾਮ ਨੂੰ ਚੜ੍ਹ ਗਈ ਰੰਗਤ ਕਰਤਾਰੀ,
ਕਲਜੁਗ ਦਾ ਭੈ ਸੁਟਿਆ ਹਰ ਮਰਦ ਤੇ ਨਾਰੀ,
ਜਗਿਆਸੂਆਂ ਦੀ ਸਾਡੇ ਗੁਰਾਂ ਨੇ ਵਿੰਝ ਉਮਰ ਸਵਾਰੀ ।

* * * *

ਡੇਰਾ ਬਾਬਾ ਨਾਨਕ

## ਗ਼ ਜ਼ ਲ / ਕਰਤਾਰ ਸਿੰਘ 'ਪੰਛੀ'

ਆਈ ਬਸੰਤ ਆਈ, ਆਈ ਜ਼ਰੂਰ ਹੈ ।
ਆਈ ਬਸੰਤ ਵੇਖੇ, ਵੇਖੀ ਹਜ਼ੂਰ ਹੈ ।

ਮਹਿਕੀ ਬਸੰਤ ਮਹਿਕੀ, ਸਾਨੂੰ ਨਹੀਂ ਹੈ ਭਾਈ,
ਭਾਈ ਨਹੀਂ ਹੈ ਸਾਨੂੰ, ਕਿਸ ਦਾ ਕਸੂਰ ਹੈ ?

ਰੁੱਤਾਂ ਦਾ ਕੀ ਕਰਾਂ ਮੈਂ, ਆਈਆਂ ਤੇ ਤੁਰ ਗਈਆਂ,
ਬਿਰਹਾ ਦਾ ਦਰਦ ਬਣਿਆ, ਦਿਲ ਦਾ ਨਸੂਰ ਹੈ ।

ਕਲਜੁਗ ਦਾ 'ਨੇਰ ਗਾੜ੍ਹਾ, ਸੀਮਤ ਨੇ ਸ਼ਕਤੀਆਂ,
ਹੈ ਵਾਟ ਵੀ ਲੰਮੇਰੀ, ਤਨ ਵੀ ਤਾਂ ਚੂਰ ਹੈ ।

ਜੀਵਨ ਦੇ ਬੂਟੜੇ ਨੂੰ, ਸਾਹਿਬ ਦੀ ਛੁਹ ਮਿਲੇ,
ਫ਼ੁੱਲ ਆਏ ਫ਼ਲ ਵੀ ਲੱਗਣੇਂ, ਸ਼ਰਧਾ ਦਾ ਬੂਰ ਹੈ ।

ਮਰ ਕੇ ਵੀ ਵੇਖ ਲੈਂਦੇ, ਮਰਨਾ ਨਹੀਂ ਹੈ ਸੌਖਾ,
ਦੁਬਧਾ ਨੇ ਜ਼ਿੰਦਗੀ ਦਾ ਕੱਢਿਆ ਜੋ ਘੂਰ ਹੈ ।

ਹੋਵੇ ਹਜ਼ਾਰ ਔਕੜ, ਰਾਹੀਆਂ ਦੇ ਵਾਂਗ ਤੁਰਨਾ,
ਕੀ ਹੋਇਆ ਵਾਟ ਲੰਮੀ, ਤਨ ਵੀ ਜੇ ਚੂਰ ਹੈ ?

ਜਿਸ ਨਦਰ ਨਾਲ ਖ਼ੁਸ਼ੀਆਂ, ਮਨ ਬਾਗ਼ ਬਾਗ਼ ਹੋਵੇ,
ਹਾਏ ਰਾਮ ! ਸਹਿ ਨ ਹੋਵੇ, ਉਸੇ ਦੀ ਘੂਰ ਹੈ ।

ਭੁੱਲਿਆਂ ਨਹੀਂ ਉਹ ਭੁੱਲਦੇ, ਸੌ ਵਾਰ ਮੈਂ ਭੁਲਾਵਾਂ,
ਸੋਹਣੇ ਪਿਆਰਿਆਂ ਦਾ, ਲੰਘਿਆ ਜੋ ਪੂਰ ਹੈ ।
ਿ

ਏਹ ਇਸ਼ਕ ਕੀ ਬਲਾ ਹੈ ? ਉਹ ਰੋਜ਼ ਆ ਕੇ ਪੁਛਦੇ,
ਸੌ ਵਾਰ ਆਖਿਆ ਇਹ, ਦਿਲ ਦਾ ਫ਼ਤੂਰ ਹੈ ।

ਕੀ ਓਸ ਦਰ ਦੀ ਕੀਮਤ ? ਕੀਕਣ ਮੈਂ ਕਹਿ ਸਕਾਂ ?
ਜਿਸ ਉੱਤੇ ਸਿਰ ਨਿਵਾ ਕੇ, ਆਉਂਦਾ ਸਰੂਰ ਹੈ !

"ਪੰਛੀ" ਆਕਾਸ਼ ਅੰਦਰ, ਪਰ ਤੋਲ, ਲਾ ਉਡਾਰੀ,
ਊਸ਼ਾ ਨੇ ਮੂੰਹ ਵਿਖਾਇਆ, 'ਨੇਰਾ ਕਾਫ਼ੂਰ ਹੈ ।

ਨਵੀਂ ਬਸਤੀ, ਮਲੇਰਕੋਟਲਾ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਦੇ ਪੱਤਰੇ

# ਰਾਏਕੋਟ-ਲੁਧਿਆਣਾ ਦਾ

# ਸ਼ਹੀਦੀ ਸਾਕਾ

★ ਸ. ਨਾਹਰ ਸਿੰਘ

ਸੰਨ ੧੮੪੯ ਵਿਚ ਅੰਗਰੇਜ਼ਾਂ ਵਲੋਂ ਪੰਜਾਬ ਤੇ ਕਬਜ਼ੇ ਬਾਦ ਸੰਪੂਰਣ ਭਾਰਤ ਤੇ ਅੰਗਰੇਜ਼ੀ ਤਸੱਲਤ ਕਾਇਮ ਹੋ ਗਿਆ। ਪੰਜਾਬ ਦੀ ਲੋਕ ਸ਼ਕਤੀ ਦੀ ਤਰਜਮਾਨ ਅਤੇ ਵਿਦੇਸ਼ੀ ਹਕੂਮਤ ਵਿਰੁਧ ਵਿਦਰੋਹ ਦੀ ਇਕੋ-ਇਕ ਉੱਭਰਵੀਂ ਸੁਰ ਗੁਰੂ ਰਾਮ ਸਿੰਘ ਜੀ ਦੀ ਸੀ। ਚੌਥਾਈ ਸਦੀ ਦੇ ਵਿਚ ਵਿਚ ਹੀ ਇਹ ਆਵਾਜ਼ ਕੂਕ ਦਾ ਰੂਪ ਧਾਰਨ ਕਰ ਗਈ। ਕੂਕਾ ਅਥਵਾ ਨਾਮਧਾਰੀ ਸਿੰਘਾਂ ਦੇ ਸੰਘਰਸ਼ ਦਾ ਇਹ ਇਤਿਹਾਸ ਕੁਰਬਾਨੀਆਂ ਨਾਲ ਲਬਾਲਬ ਹੈ।

ਸੰਨ ੧੮੭੨ ਦੇ ਸੰਸਾਰ ਪ੍ਰਸਿਧ ਮਾਲੇਰਕੋਟਲੇ ਨਰ-ਸੰਘਾਰ ਤੋਂ ਪੂਰਵ ਅੰਮ੍ਰਿਤਸਰ, ਰਾਏਕੋਟ ਅਤੇ ਲੁਧਿਆਣਾ ਆਦਿਕ ਥਾਵਾਂ ਤੇ ਨਾਮਧਾਰੀਆਂ ਨੂੰ ਫਾਹੇ ਲਾਇਆ ਗਿਆ। ਗਊ-ਬਧ ਕਰਨ ਵਾਲੇ ਬੁੱਚੜਾਂ ਤੇ ਹਮਲੇ ਸਰਕਾਰ ਵਿਰੁਧ ਰੋਹ ਦਾ ਵਸੀਲਾ ਬਣੇ। ਰਾਏਕੋਟ ਕਾਂਡ ਵਿਚ ਦੋ ਕਿਸ਼ਤਾਂ ਵਿਚ—ਰਾਏਕੋਟ ਅਤੇ ਲੁਧਿਆਣਾ ਵਿਚ—ਨਾਮਧਾਰੀ ਸ਼ਹੀਦ ਹੋਏ। ਲੁਧਿਆਣਾ ਸ਼ਹੀਦਾਂ ਦਾ ਬਲੀਦਾਨ ਦਿਵਸ ੨੬ ਨਵੰਬਰ ਨੂੰ ਹੈ। ਇਸ ਸਬੰਧ ਵਿਚ ਰਾਏਕੋਟ ਦਾ ਸਾਰਾ ਹੀ ਪ੍ਰਸੰਗ ਮਸ਼ਹੂਰ ਇਤਿਹਾਸਕਾਰ ਸ. ਨਾਹਰ ਸਿੰਘ ਦੀ ਧਾਰਮਕ ਕਲਮ ਰਾਹੀਂ ਲਿਖਿਆ ਅਸੀਂ ਛਾਪ ਰਹੇ ਹਾਂ।

—: ਸੰਪਾਦਕ

## (੧)
## ਰਾਏਕੋਟ ਦੀ ਘਟਨਾ

ਪੰਜਾਬ ਵਿਚ ਅੰਗਰੇਜ਼ਾਂ ਦੀ ਹਕੂਮਤ ਕਾਇਮ ਹੋਵਣ ਅਤੇ ਮੁਸਲਮਾਨਾਂ ਨੂੰ ਗਊਕਸ਼ੀ ਦੀ ਖੁਲ੍ਹੀ ਅਜਾਜ਼ਤ ਦੇਵਣ ਤੇ ਸ਼ਹਿਰਾਂ ਤੋਂ ਬਗੈਰ ਮੁਸਲਮਾਨ ਆਬਾਦੀ ਦੇ ਛੋਟੇ ਛੋਟੇ ਕਸਬਿਆਂ ਵਿਚ ਭੀ ਬੁੱਚੜਖਾਨੇ ਖੁਲ੍ਹ ਗਏ। ਜ਼ਿਲ੍ਹਾ ਲੁਧਿਆਣੇ ਦੇ ਮਸ਼ਹੂਰ ਕਸਬੇ ਰਾਏਕੋਟ ਵਿਚ ਭੀ ਸੰਨ ੧੮੫੬ ਵਿਚ ਜ਼ਿਲੇ ਦੇ ਅਫਸਰ ਮਿਸਟਰ ਰਿਕਟਸ ਦੇ ਹੁਕਮ ਨਾਲ ਸ਼ਹਿਰ ਦੀ ਚਾਰਦੀਵਾਰੀ ਤੋਂ ਬਾਹਰ ਗੁਰੂ ਗੋਬਿਦ ਸਿੰਘ ਜੀ ਦੇ ਗੁਰਦੁਵਾਰੇ ਵਾਲੇ ਪਾਸੇ ਬੁੱਚੜਖਾਨਾ ਖੋਲ੍ਹਿਆ ਗਿਆ। ਇਥੋਂ ਦੇ ਦੋਨੋਂ ਬੁੱਚੜ ਰਾਂਝਾ ਤੇ ਬੂਟਾ ਬੜੇ ਹੀ ਭੈੜੇ ਬੰਦੇ ਸਨ। ਹਲਾਲ ਕੀਤੇ ਜਾਨਵਰਾਂ ਦੇ ਹੱਡ ਲਾਗੇ ਦੇ ਛਪੜ ਵਿਚ ਸੁਟ ਦੇਂਦੇ ਸਨ। ਮੁਸਲਮਾਨ ਗੁੱਜਰਾਂ ਦੀਆਂ ਪੱਤੀਆਂ ਦੀਆਂ ਮੱਝਾਂ ਤੇ ਡੰਗਰ ਇਸ ਛੱਪੜ ਵਿਚੋਂ ਪਾਣੀ ਪੀਂਦੇ ਸਨ। ਮੁਸਲਮਾਨ ਗੁਜਰਾਂ ਦੀਆਂ ਪੱਤੀਆਂ ਦੇ ਲੰਬੜਦਾਰਾਂ ਨੇ ਇਸ ਗੱਲ ਦਾ ਬੁੱਚੜਾਂ ਤੇ ਦਾਅਵਾ ਕਰ ਦਿਤਾ। ਨਾਲ ਦੀ ਨਾਲ ਰਾਏਕੋਟ ਦੀ ਮਿਊਨਸਪਲ ਕਮੇਟੀ ਨੇ ਭੀ ਬੁਚੜਾਂ ਤੇ ਨਿਯਮ ਭੰਗ ਕਰਨ ਦਾ ਦਾਅਵਾ ਕੀਤਾ ਹੋਇਆ ਸੀ। ਇਨ੍ਹਾਂ ਦੋਨਾਂ ਮੁਕੱਦਮਿਆਂ ਵਿਚ ਜਗਰਾਉਂ ਦੇ ਤਹਿਸੀਲਦਾਰ ਨੇ ਬੁਚੜਾਂ ਨੂੰ ੧੦/- ਰੁਪਈਏ ਜੁਰਮਾਨਾ ਕਰ ਦਿਤਾ। ਬੁਚੜਾਂ ਨੇ ਜੁਰਮਾਨੇ ਦੇ ਖਿਲਾਫ ਅਪੀਲ ਕਰ ਦਿਤੀ। ਰਾਏਕੋਟ ਦੇ ਆਲੇ-ਦੁਆਲੇ ਬਹੁਤ ਸਾਰੇ ਪਿੰਡਾਂ ਵਿਚ ਨਾਮਧਾਰੀ ਸਿੰਘ ਸਜੇ ਹੋਏ ਸਨ। ਇਕ ਦਿਨ ਕੁਝ ਨਾਮਧਾਰੀ ਸਿੰਘ ਰਾਹ ਜਾਂਦੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਆਏ। ਸੇਵਾਦਾਰ ਸਿੰਘ ਨੇ ਦਰਦ ਭਰੇ ਦਿਲ ਨਾਲ ਇਹ ਗੱਲ ਦੱਸੀ ਕਿ ਇੱਲ੍ਹਾਂ ਤੇ ਕਾਂ ਬੁਚੜਖਾਨੇ ਤੋਂ ਗਊਆਂ ਦੀਆਂ ਹੱਡੀਆਂ ਚੁਕ ਕੇ ਗੁਰ-ਦੁਆਰਾ ਸਾਹਿਬ ਦੀਆਂ ਕੰਧਾਂ ਤੇ ਆ ਬੈਠਦੇ ਹਨ ਅਤੇ ਇਸ ਤਰ੍ਹਾਂ ਹਰ ਰੋਜ਼ ਗੁਰਦੁਆਰਾ ਸਾਹਿਬ ਦਾ ਪਵਿੱਤਰ ਅਸਥਾਨ ਭ੍ਰਿਸ਼ਟ ਹੋ ਜਾਂਦਾ ਹੈ। ਅੰਮ੍ਰਿਤਸਰ ਦੀ ਘਟਨਾ ਤੋਂ ਇਕ ਮਹੀਨਾ ਪਿਛੋਂ ੧੫ ਜੁਲਾਈ ੧੮੭੧ ਨੂੰ ਰਾਏਕੋਟ ਦੇ ਬੁਚੜਖਾਨੇ ਤੇ ਹਮਲਾ ਹੋਇਆ, ਜਿਸ ਵਿਚ ਬੁਚੜਖਾਨੇ ਵਿਚ ਸੁਤੇ ਬੰਦਿਆਂ ਵਿਚੋਂ ਦੋ ਦੀਆਂ ਮੌਤਾਂ ਹੋ ਗਈਆਂ ਅਤੇ ੭ ਬੁਰੀ ਤਰ੍ਹਾਂ ਜ਼ਖਮੀ ਹੋਏ।



Sri Satguru Jagjit Singh Ji eLibrary NamdhariElibrary@gmail.com

੧੬ ਤਾਰੀਖ ਨੂੰ ੯-੧੦ ਬਜੇ ਦੇ ਕਰੀਬ ਜਦੋਂ ਇਸ ਘਟਨਾ ਦਾ ਪਤਾ ਡਿਪਟੀ ਕਮਿਸ਼ਨਰ ਨੂੰ ਲੱਗਾ, ਤਦ ਉਸ ਨੇ ਜ਼ਿਲੇ ਦੇ ਪੁਲੀਸ ਕਪਤਾਨ ਰਾਹੀਂ ਸਭ ਥਾਨਿਆਂ ਦੇ ਅਫਸਰਾਂ ਨੂੰ ਹਦਾਇਤਾਂ ਭਿਜਵਾ ਦਿਤੀਆਂ ਕਿ ਉਹ ਆਪਣੇ ਆਪਣੇ ਇਲਾਕਿਆਂ ਦੇ ਬੁਚੜਖਾਨਿਆਂ ਅਤੇ ਬੁਚੜਾਂ ਦੀ ਵੱਸੋਂ ਵਾਲੀਆਂ ਥਾਵਾਂ ਦੀ ਰਾਤ ਸਮੇਂ ਨਵਾਂ ਹੁਕਮ ਆਵਣ ਤਕ ਰਾਖੀ ਕਰਨ। ਅਣਛਪੀ ਪੁਸਤਕ ਸਤਿਗੁਰ ਬਿਲਾਸ ਵਿਚ ਇਹ ਘਟਨਾ ਇਸ ਤਰ੍ਹਾਂ ਦਰਜ ਹੈ।

"ਅਠ ਸ੍ਰੀ ਸਾਹਿਬ ਗਿਆਨਾ ਸਿੰਘ ਨੇ ਇਕੱਠੇ ਕੀਤੇ, ਜੋ ਉਠਕੇ ਪਲਾਣੇ ਮੇਂ ਧਰਕੇ ਮੌੜਾਂ ਤੋਂ ਛੀਨੀਵਾਲ ਆਏ। ਰਤਨ ਸਿੰਘ ਨਾ ਗਿਆ। ਗਿਆਂਨ ਸਿੰਘ ਨਾ ਗਿਆ। ਹਵਨ ਕੀਤਾ ਕੜਾਹ ਪ੍ਰਸਾਦ ਕੇ ਗਫੇ ਲਾਏ। ਕੜਾਹ ਪ੍ਰਸਾਦ ਬੂਟਾ ਰਾਮ ਕੇ ਡੇਰੇ ਤਾਜਪੁਰ ਕੀਤਾ। ਅਰਦਾਸਾ ਕੀਤਾ। ਸਿੰਘ ਸ਼ੇਰਾਂ ਕੀ ਤਰ੍ਹਾਂ ਚਲੇ। ਬਾਰਸ਼ ਪੈਂਦੀ ਸੀ। ਦੁਆਲੇ ਸ਼ਹਿਰ ਕੇ ਪਾਣੀ ਚੜ੍ਹਿਆ ਹੋਇਆ ਸੀ। ਪਾਣੀ ਲੰਘਕੇ ਬੁਚੜਖਾਨੇ ਕੇ ਦਰਵਾਜ਼ੇ ਅਗੇ ਆਏ, ਤਾਂ ਬੁਚੜਾਂ ਪੁਛਿਆ, ਕੌਣ ਹੈ। ਸਿੰਘਾਂ ਨੇ ਕਿਹਾ ਅਸੀਂ ਉਠਾਂ ਵਾਲੇ ਹਾਂ, ਹੁੱਕੇ ਤੇ ਅੱਗ ਧਰਨੀ ਹੈ। ਬੁਚੜਾਂ ਝਟ ਦਰਵਾਜ਼ਾ ਖੋਲ੍ਹ ਦਿਤਾ। ਸੌਣ ਕੀ ਸੰਗਰਾਂਦ ਕੋ ੧੨ ਬਜੇ ਰਾਤ ਕੋ ਰਾਏਕੋਟ ਕੇ ਬੁਚੜਖਾਨੇ ਮੇਂ ਪਹਿਲੇ ਗਊਆਂ ਕੇ ਰੱਸੇ ਵੱਢਕੇ ਬਾਹਰ ਕੱਢ ਦਿਤੀਆਂ, ਫੇਰ ਬੁਚੜਾਂ ਕਾ ਸਿਰ ਵੱਢਕੇ ਜੈਕਾਰਾ ਗਜਾਈ ਜਾਣ, ਸ੍ਰੀ ਸਾਹਿਬ ਮਾਰਨ, ਤੇ ਜੈਕਾਰਾ ਗਜਾਈ ਜਾਣ......ਤਿੰਨ ਸਿੰਘ ਤਾਂ ਅੰਦਰ ਕਤਲ ਕਰਦੇ ਸੇ, ਬਾਕੀ ਪਹਿਰੇ ਖੜ੍ਹੇ ਹੈਂ।"

ਡਿਪਟੀ ਕਮਿਸ਼ਨਰ ਮਿਸਟਰ ਕਾਵਨ ਅਤੇ ਡਿਪਟੀ ਸੁਪਰਇੰਟੈਂਡੈਂਟ ਪੁਲੀਸ ਮਿਸਟਰ ਹੈਚਲ ੧੬ ਜੁਲਾਈ ਨੂੰ ਦੁਪਹਿਰ ਤੋਂ ਪਹਿਲਾਂ ਲੁਧਿਆਣੇ ਤੋਂ ਚਲਕੇ ਜਗਰਾਉਂ ਪਹੁੰਚੇ। ਜਗਰਾਉਂ ਤੋਂ ਸਵਾਰੀਆਂ ਦਾ ਇਨਤਜ਼ਾਮ ਕਰਕੇ ੫ ਕੁ ਬਜੇ ਚਲਕੇ ਖਾਸੀ ਰਾਤ ਗਈ ਰਾਏਕੋਟ ਆ ਗਏ। ਰਾਏਕੋਟ ਪਹੁੰਚਣ ਤੇ ਪਤਾ ਲਗਾ, ਕਿ ਜਿਨ੍ਹਾਂ ਬੁਚੜਾਂ ਨੂੰ ਮਾਰਨ ਲਈ ਇਹ ਹਮਲਾ ਕੀਤਾ ਗਿਆ ਸੀ, ਉਹ ਦੋਨੋਂ ਹੀ ਬਚ ਗਏ ਹਨ। ਬੂਟਾ ਲੁਧਿਆਣੇ ਅਪੀਲ ਕਰਨ ਗਿਆ ਹੋਇਆ ਸੀ, ਅਤੇ ਰਾਂਝਾ ਹੱਲਾ ਹੋਣ ਸਮੇਂ ਕੋਠੇ ਦੀ ਛੱਤ ਤੋਂ ਛਾਲ ਮਾਰਕੇ ਪਛੋਕੜ ਦੀ ਭਜ ਗਿਆ ਸੀ।

ਦਸੌਂਧੀ ਗੁਜਰ ਅਤੇ ਉਸਦੀ ਔਰਤ ਬੱਸੀ, ਜੋ ਇਸ ਹੱਲੇ ਵਿਚ ਮੋਏ, ਬੁਚੜਾਂ ਪਾਸ ਪਰਾਹੁਣੇ ਆਏ ਹੋਏ ਸਨ। ਦਸੌਂਧੀ ਦੀ ਵਡੀ ਧੀ ਰਹਿਮਤੀ ਅਤੇ ਦੋ ਛੋਟੇ ਬੱਚਿਆਂ ਨੂੰ ਭੀ ਫੱਟ ਲਗੇ। ਬੂਟੇ ਬੁਚੜ ਦੀ ਔਰਤ ਕੌਣੀ ਅਤੇ ਉਸ ਦੀਆਂ ਦੋਨੋਂ ਧੀਆਂ ਬੇਜਾਂ ਤੇ ਘੱਨਾਂ ਭੀ ਜ਼ਖਮੀ ਹੋਈਆਂ। ਅੱਕਾ ਰਾਜਪੂਤ ਜਾਂਦਾ ਜਾਂਦਾ ਰਾਤ ਨੂੰ ਏਥੇ ਹੀ ਠਹਿਰ ਗਿਆ ਸੀ, ਉਸ ਨੂੰ ਭੀ ਤਲਵਾਰ ਦੇ ੧੩ ਫਟ ਲਗੇ। ਚੌਕੀਦਾਰਾਂ ਦਾ ਦਫੇਦਾਰ ਅਹਿਮਦ ਖਾਂ ਜੋ ਸ਼ਹਿਰ ਦੀ ਫਸੀਲ ਤੋਂ ਬਾਹਰ ਚੌਕੀਦਾਰਾਂ ਸਮੇਤ ਗਸ਼ਤ ਕਰਦਾ ਫਿਰਦਾ ਸੀ, ਰੌਲਾ ਸੁਣ ਕੇ ਆਇਆ, ਪਰ ਉਸ ਵਕਤ ਤਕ ਹਲਾ ਕਰਨ ਵਾਲੇ ਨਸ ਗਏ ਸਨ। ਥਾਨਾ ਬੁਚੜਖਾਨੇ ਤੋਂ ੫੦੦ ਗਜ਼ ਤੇ ਸੀ। ਰੌਲਾ ਅਤੇ ਚੀਕਾਂ ਏਥੇ ਸੁਣਾਈ ਦੇਂਦੀਆਂ ਸਨ। ਵਡਾ ਥਾਨੇਦਾਰ ਮੁਸਲਮਾਨ ਸੀ, ਉਹ ਕਿਧਰੇ ਸ਼ਹਿਰ ਅੰਦਰ ਸੁਤਾ ਹੋਇਆ ਸੀ ਅਤੇ ਛੋਟਾ ਮੁਸਲਮਾਨ ਥਾਨੇਦਾਰ ਬੁਖਾਰ ਨਾਲ ਬੀਮਾਰ ਪਿਆ ਸੀ। ਬਾਕੀ ਪੁਲੀਸ ਰਾਤ ਨੂੰ ਹੀ ਮੌਕੇ ਤੇ ਪਹੁੰਚੀ, ਪਰ ਕੋਈ ਨਸ਼ਾਨ ਨਾ ਮਿਲਿਆ। ਪੀਲੇ ਰੰਗ ਦੀ ਇਕ ਟਾਕੀ ਮਿਲੀ, ਜੋ ਤਲਵਾਰ ਦੇ ਮਿਆਨ ਦਾ ਕਪੜਾ ਮਲੂਮ ਹੁੰਦੀ ਸੀ। ਰਾਤ ਨੂੰ ਹਵਾ ਵਗਦੀ ਸੀ। ਮਸਾਲਾਂ ਜਗਾਈਆਂ ਨਹੀਂ ਜਾ ਸਕਦੀਆਂ ਸਨ। ਪੈੜਾਂ ਦਾ ਖੋਜੀ ਭੀ ਉਸ ਵੇਲੇ ਥਾਨੇ ਵਿਚ ਨਹੀਂ ਸੀ। ਇਸ ਲਈ ਪੁਲੀਸ ਵਾਲਿਆਂ ਨੇ ਖੁਰਿਆਂ ਦਾ ਪਿਛਾ ਨਾ ਕੀਤਾ। ਦੂਜੇ ਦਿਨ ਭੰਗਾ ਸਿੰਘ ਤੇ ਭੂਪਾ ਦੋਨਾਂ ਖੋਜੀਆਂ ਨੇ ਰਾਏਕੋਟ ਤੋਂ ੮ ਆਦਮੀਆਂ ਦੇ ਖੁਰੇ ੩ ਕੋਸ ਦੀ ਵਿਥ ਤੇ ਪਿੰਡ ਜਲਾਲਦੀ ਵਾਲ ਰਿਆਸਤ ਨਾਭਾ ਵਿਚ ਲੈ ਆਂਦੇ। ਜਲਾਲਦੀ ਵਾਲ ਤੋਂ ਦੋ ਆਦਮੀਆਂ ਦੇ ਖੁਰੇ ਵੱਖ ਰਸਤੇ ਟੁਰ ਪਏ, ਅਤੇ ਬਾਕੀ ੬ ਆਦਮੀਆਂ ਦੇ ਖੁਰੇ ਰਿਆਸਤ ਪਟਿਆਲਾ ਦੇ ਦੋ ਪਿੰਡਾਂ ਵਿਚੋਂ ਦੀ ਹੁੰਦੇ ਹੋਏ, ਛੀਨੀਵਾਲ ਪਹੁੰਚ ਗਏ।

ਡਿਪਟੀ ਕਮਿਸ਼ਨਰ ਰਾਏਕੋਟ ਪਹੁੰਚਦਿਆਂ ਹੀ ਸੁਪਰਇੰਨਟੈਂਡੈਂਟ ਪੁਲੀਸ ਲੁਧਿਆਣਾ ਨੂੰ ਹਾਲਾਤ ਲਿਖ ਭੇਜੇ। ਸੁਪਰਇਨਟੈਂਡੈਂਟ ਪੁਲੀਸ ਨੇ ਸਭ ਥਾਨਿਆਂ ਵਿਚ ਹਦਾਇਤਾਂ ਲਿਖ ਭੇਜੀਆਂ ਕਿ ਸਾਰੇ ਜ਼ਿਲੇ ਵਿਚ ਅਗਲੇ ਹੁਕਮ ਤਕ ਬੁਚੜਾਂ ਦੀ ਜਾਨ ਦੀ ਰਾਖੀ ਕੀਤੀ ਜਾਵੇ। ਨਾਲ ਦੀ ਨਾਲ ਲੁਧਿਆਣੇ ਦੇ ਸਿਵਲ ਸਰਜਨ ਨੂੰ ਰਾਏਕੋਟ ਆ ਕੇ ਫਟੜਾਂ ਦੀ ਦੇਖ ਭਾਲ ਲਈ ਭੀ ਲਿਖ ਦਿਤਾ। ਡਿਪਟੀ ਕਮਿਸ਼ਨਰ ਨੇ ਦੋਸ਼ੀਆਂ ਦਾ ਨਿਸ਼ਾਨ ਦੇਣ ਵਾਲੇ ਨੂੰ ੧੦੦੦)



Sri Satguru Jagjit Singh Ji eLibrary NamdhariElibrary@gmail.com

ਰੁਪਈਏ ਇਨਾਮ ਅਤੇ ਵਾਅਦਾ ਮੁਆਫ਼ ਗਵਾਹ ਨੂੰ ਸਜ਼ਾ ਤੋਂ ਬਚਾਉਣ ਦਾ ਇਲਾਨ ਕੀਤਾ। ਛੀਨੀਵਾਲ ਖ਼ੁਰਾ ਪਹੁੰਚਣ ਤੇ ਪੰਜਾਬ ਗੌਰਮਿੰਟ ਨੇ ਮਹਾਰਾਜਾ ਮਹਿੰਦਰ ਸਿੰਘ ਸਾਹਿਬ ਪਟਿਆਲਾ ਨੂੰ ਤਾਰ ਦਿਤੀ, ਕਿ "ਰਾਏਕੋਟ ਦੇ ਕਾਤਲਾਂ ਦੇ ਖ਼ੁਰੇ ਪਿੰਡ ਛੀਨੀਵਾਲਾ ਰਿਆਸਤ ਪਟਿਆਲਾ ਵਿਚ ਪਹੁੰਚ ਗਏ ਹਨ, ਇਸ ਲਈ ਲੈਫਟੀਨੈਂਟ ਗਵਰਨਰ ਸਾਹਿਬ ਆਪ ਨੂੰ ਕਹਿੰਦੇ ਹਨ, ਕਿ ਆਪ ਇਨ੍ਹਾਂ ਦੋਸ਼ੀਆ ਨੂੰ ਗਰਿਫਤਾਰ ਕਰਵਾਉਣ ਲਈ ਹਰ ਪ੍ਰਕਾਰ ਦੀ ਸਹਾਇਤਾ ਦੇਵੇ।"

ਮਹਾਰਾਜਾ ਪਟਿਆਲਾ ਨੇ ਤਾਰ ਮਿਲਣ ਸਾਰ ਦੋਸ਼ੀਆਂ ਨੂੰ ਫੜਣ ਵਾਲੇ ਨੂੰ ੨੫੦/- ਰੁਪਏ ਨਕਦ ਇਨਾਮ ਦੇਣ ਦਾ ਇਲਾਨ ਕਰ ਦਿਤਾ, ਅਤੇ ਨਾਜ਼ਮਾਂ ਦੇ ਨਾਮ ਹੁਕਮ ਭੇਜ ਦਿਤੇ ਕਿ ਦੋਸ਼ੀ ਛੇਤੀ ਤੋਂ ਛੇਤੀ ਲੱਭੇ ਜਾਵਣ। ਨਾਭੇ ਵਾਲੇ ਮਹਾਰਾਜਾ ਹੀਰਾ ਸਿੰਘ ਨੇ ਆਪਣੇ ਲੁਧਿਆਣੇ ਦੇ ਵਕੀਲ ਨੂੰ ਅਤੇ ਹੋਰ ਅਫ਼ਸਰਾਂ ਨੂੰ ਹੁਕਮ ਭੇਜੇ ਕਿ ਇਸ ਮੁਆਮਲੇ ਵਿਚ ਲੁਧਿਆਣੇ ਦੇ ਅੰਗਰੇਜ਼ ਹਾਕਮਾਂ ਦੀ ਹਰ ਪ੍ਰਕਾਰ ਮਦਦ ਕਰੋ। ੨੦ ਜੁਲਾਈ ਨੂੰ ਮਹਾਰਾਜਾ ਪਟਿਆਲਾ ਨੇ ਇਹ ਤਾਰ ਪੰਜਾਬ ਸਰਕਾਰ ਨੂੰ ਭੇਜੀ, "ਆਪ ਦੀ ਤਾਰ ਮਿਲਣ ਤੋਂ ਪਹਿਲਾਂ ਹੀ ਨਾਜ਼ਮਾਂ ਦੇ ਨਾਮ ਇਸ ਮਤਲਬ ਦੇ ਹੁਕਮ ਜਾਰੀ ਕਰ ਦਿਤੇ ਗਏ ਸਨ। ਸਾਡਾ ਵਕੀਲ ਆਪ ਨੂੰ ਇਸ ਸੰਬੰਧੀ ਪੂਰੀ ਪੂਰੀ ਖਬਰ ਦੇਵੇਗਾ।"

੧੭ ਜੁਲਾਈ ਵਾਲੇ ਦਿਨ ਡਿਪਟੀ ਕਮਿਸ਼ਨਰ ਲੋਕਾਂ ਦੇ ਬਿਆਨ ਸੁਨਣ ਅਤੇ ਇਲਾਕੇ ਦੇ ਵੱਡੇ ਵੱਡੇ ਆਦਮੀਆਂ ਰਾਏ ਅਹਿਮਦ ਅਲੀ ਤਲਵੰਡੀ ਵਾਲੇ ਅਤੇ ਸ਼ਰਫ ਹੁਸੈਨ ਜਗਰਾਓਂ ਵਾਲੇ ਨਾਲ ਸਲਾਹ-ਮਸ਼ਵਰੇ ਕਰਨ ਵਿਚ ਰੁੱਝਾ ਰਿਹਾ। ਇਨਾਮ ਲੈਣ ਦੇ ਲਾਲਚ ਨਾਲ ਗਦਾਈਆ ਨਾਮ ਦੇ ਬੰਦੇ ਨੇ ਆ ਕੇ ਬਿਆਨ ਦਿਤਾ ਕਿ ੧੩ ਤਰੀਖ ਨੂੰ ਜਦ ਉਹ ਲੁਧਿਆਣੇ ਵਲ ਨੂੰ ਜਾ ਰਿਹਾ ਸੀ, ਉਸ ਨੇ ਹਲਵਾਰੇ ਪਾਸ ਦੋ ਸਿੱਖ ਦੇਖੇ ਸਨ। ਇਹ ਦੋਨੋਂ ਆਦਮੀ ੧੫ ਤਰੀਖ ਦੀ ਸ਼ਾਮ ਨੂੰ ਹਮਲਾ ਹੋਵਣ ਤੋਂ ਪਹਿਲਾਂ ਉਸ ਦੇ ਖੂਹ ਤੇ ਪਾਣੀ ਪੀਣ ਆਏ ਸਨ। ਰਾਂਝੇ ਬੁਚੜ ਦੀ ਔਰਤ ਨੂਰੀ ਨੇ ਵੀ ਇਹੋ ਬਿਆਨ ਦਿਤਾ ਕਿ ਗਦਾਈਏ ਦੇ ਦੱਸੇ ਮੁਤਾਬਕ ਚਿਹਰੇ ਮੋਹਰੇ ਵਾਲੇ ਦੋ ਆਦਮੀਆਂ ਨੇ ੧੫ ਤਰੀਖ ਨੂੰ ਉਸ ਦੇ ਘਰ ਪਾਸ ਤੁਰੇ ਜਾਂਦਿਆਂ ਉਸ ਤੋਂ ਇਹ ਪੁਛਿਆ ਸੀ ਕਿ ਰਾਹ ਕਿਧਰ ਨੂੰ ਜਾਂਦਾ ਹੈ, ਤੇ ਛੱਪੜ ਵਿਚ ਕਿੰਨਾ ਕਿੰਨਾ ਪਾਣੀ ਹੈ? ਗਦਾਈਏ ਨੇ ਇਹ ਭੀ ਬਿਆਨ ਦਿਤਾ ਕਿ ਇਹ ਦੋ ਸਿੱਖ ਇਕ ਹਿੰਦੂ ਸ਼ਾਹੂਕਾਰ ਬਾਬਤ ਪੁਛ ਰਹੇ ਸਨ ਅਤੇ ਗਦਾਈਏ ਨੇ ਆਪਣੀ ਕੰਨੀਂ ਇਸ ਹਿੰਦੂ ਨੂੰ ਆਪਣੇ ਭਰਾ ਨੂੰ ਕਹਿੰਦੇ ਸੁਣਿਆ ਹੈ "ਕਿ ਛੇਤੀ ਜਾ ਕੇ ਇਹ ਕੰਮ ਕਰੋ।" ਇਸ ਤੋਂ ਗਦਾਈਏ ਨੇ ਇਹ ਮਤਲਬ ਕਢਿਆ ਕਿ "ਛੇਤੀ ਬੁਚੜਾਂ ਨੂੰ ਕਤਲ ਕਰੋ।" ਗਦਾਈਆ ਸੌਂਹਾਂ ਖਾਂਦਾ ਸੀ, ਕਸਮਾਂ ਚੁਕਦਾ ਸੀ ਕਿ ਬੁਚੜ ਇਸੇ ਹਿੰਦੂ ਨੇ ਸਿੱਖਾਂ ਤੋਂ ਮਰਵਾਏ ਹਨ। ਹਲਵਾਰੇ ਅਤੇ ਇਰਦ-ਗਿਰਦ ਦੇ ਪਿੰਡਾਂ ਵਿਚ ਤਫਤੀਸ਼ ਸ਼ੁਰੂ ਕੀਤੀ ਗਈ। ਹਿੰਦੂ ਨੂੰ ਭੀ ਪੁਲੀਸ ਵਾਲਿਆਂ ਨੇ ਸਾਫ ਹੋ ਜਾਣ ਲਈ ਕਿਹਾ। ਅਖੀਰ ਛੱਤਿਆ ਫੱਤ ਫੱਤ। ਪਤਾ ਲਗਾ ਕਿ ਇਸ ਹਿੰਦੂ ਨੇ ਗਦਾਈਏ ਤੋਂ ਰੁਪਈਏ ਲੈਣੇ ਸਨ, ਅਤੇ ੧੪ ਤਰੀਖ ਨੂੰ ਅਦਾਲਤ ਨੇ ਗਦਾਈਏ ਦੇ ਬਰਖਲਾਫ ਡਿਗਰੀ ਦੇ ਦਿਤੀ ਸੀ।

ਬਦਮਾਸ਼ਾਂ ਤੇ ਬੇਈਮਾਨਾਂ ਨੂੰ ਇਹੋ ਜਿਹੇ ਮੌਕੇ ਰੱਬ ਦੇਵੇ। ਨੂਰਪੁਰੇ ਪਿੰਡ ਦੇ ਗਾਜ਼ੀ ਮੁਸਲਮਾਨ ਗੁੱਜਰ ਨੇ ਆਕੇ ਬਿਆਨ ਦਿਤਾ ਕਿ ਕਤਲ ਤੋਂ ੧੨ ਦਿਨ ਪਹਿਲਾਂ ਰਾਏਕੋਟ ਦਾ ਨਾਨਕ ਖੱਤਰੀ ਉਸ ਪਾਸ ਆਇਆ ਅਤੇ ਕਿਹਾ ਕਿ ਜੇ ਉਹ ਗਰੋਹ ਬੰਨ੍ਹ ਕੇ ਰਾਏਕੋਟ ਦੇ ਬੁਚੜਾਂ ਨੂੰ ਵੱਢ ਦੇਵੇ, ਤਦ ਨਾਨਕ ਉਸ ਨੂੰ ਦੋ ਢਾਈ ਸੌ ਰੁਪਈਆ ਦੇਵੇਗਾ। ਗਾਜ਼ੀ ਨੇ ਆਪਣੇ ਪਿੰਡ ਦੇ ਗੰਢੀ ਚੌਕੀਦਾਰ ਤੋਂ ਪੁਛਿਆ, ਜਿਸ ਨੇ ਉਸ ਨੂੰ ਇਹ ਕੰਮ ਨਾਂਹ ਕਰਨ ਦੀ ਸਲਾਹ ਦਿਤੀ। ਪਿਛੋਂ ਗੱਲ ਨਿਕਲੀ ਕਿ ਨਾਨਕ ਨੇ ਹੁਣੇ ਹੀ ਗਾਜ਼ੀ ਦੇ ਬਰਖਲਾਫ ਅਦਾਲਤ ਵਿਚੋਂ ਲੈਣ ਦੇਣ ਦੀ ਇਕ ਡਿਗਰੀ ਕਰਵਾਈ ਸੀ।

ਇਕ ਹੋਰ ਮੁਖਬਰ ਨਾਈ ਨੇ ਸੌਂਹ ਖਾਕੇ ਕਿਹਾ ਕਿ ਜਿਹੋ ਜਿਹੇ ਬੰਦਿਆਂ ਦੀਆਂ ਨੁਹਾਰਾਂ ਗਦਾਈਏ ਤੇ ਨੂਰੀ ਨੇ ਦੱਸੀਆਂ ਹਨ, ਉਨ੍ਹਾਂ ਵਿਚੋਂ ਇਕ ਆਦਮੀ ਸੌ ਬਿਸਵੇ ਜਗਰਾਓਂ ਦੀ ਤਹਿਸੀਲ ਦਾ ਕੂਕਾ ਚਪੜਾਸੀ ਹੈ। ਗਰੀਬ ਕੂਕਾ ਚਪੜਾਸੀ ਸੱਦਿਆ ਗਿਆ ਅਤੇ ਉਸ ਦੀ ਉਹ ਕੁਟਾਈ ਕੀਤੀ ਕਿ ਰੱਬ ਦੇਵੇ ਤੇ ਬੰਦਾ ਸਹੇ। ਬੇਗੁਨਾਹ ਨੂੰ ਗਿੱਦੜ ਕੁੱਟ ਕਰਕੇ ਦੁੰਬਾ ਬਣਾ ਦਿਤਾ। ਪੁਲੀਸ ਵਾਲੇ ਚਪੜਾਸੀ ਵਿਚੋਂ ਕੁਝ ਨਾ ਕੱਢ ਸਕੇ। ਬਚਾਰੇ ਨੂੰ ਪੱਸਲੀਆਂ ਅੰਦਰ ਪਾ ਕੇ ਛਡ ਦਿਤਾ ਗਿਆ।

ਪਟਿਆਲੇ ਤੇ ਨਾਭੇ ਦੇ ਵਕੀਲ ਅਤੇ ਅਫ਼ਸਰ ਭੀ ਹੁਣ ਤਫਤੀਸ਼ ਵਿਚ ਸ਼ਾਮਲ ਸਨ। ਜਲਾਲਦੀਵਾਲ ਅਤੇ ਛੀਨੀਵਾਲ ਦੇ ਕੂਕੇ ਪਕੜ ਲਿਆਂਦੇ ਗਏ। ਉਨ੍ਹਾਂ ਦੇ ਪੈਰਾਂ



Sri Satguru Jagjit Singh Ji eLibrary NamdhariElibrary@gmail.com

ਦੀਆਂ ਪੈੜਾਂ ਦੱਬੇ ਹੋਏ ਖੁਰਿਆਂ ਨਾਲ ਮਿਲਾਈਆਂ ਗਈਆਂ, ਕੁਦਰਤ ਨਾਲ ਪੈੜਾਂ ਨਾ ਮਿਲੀਆਂ ।

ਇਕ ਮਹੀਨੇ ਦੇ ਅੰਦਰ ਅੰਦਰ ਅੰਮ੍ਰਿਤਸਰ, ਮੁਰਿੰਡੇ, ਰਾਏਕੋਟ ਆਦਿ ਥਾਵਾਂ ਤੇ ਬੁੱਚੜਾਂ ਤੇ ਹਮਲੇ ਹੋਵਣ ਨਾਲ ਪੰਜਾਬ ਸਰਕਾਰ ਨੂੰ ਬੜਾ ਡਰ ਬੈਠਾ। ਕਲਨਲ ਬੇਲੀ ਪੰਜਾਬ ਦਾ ਡਿਪਟੀ ਇਨਸਪੈਕਟਰ ਜਨਰਲ ਪੁਲੀਸ ੨੦ ਜੁਲਾਈ ਤੋਂ ਪਹਿਲੋਂ ਖੁਦ ਰਾਏਕੋਟ ਪਹੁੰਚਿਆ । ਏਥੇ ਪਹੁੰਚਣ ਤੋਂ ਪਹਿਲਾਂ ਉਸਨੂੰ ਇਹ ਪੱਕਾ ਵਿਸ਼ਵਾਸ ਸੀ, ਕਿ ਰਾਏਕੋਟ ਦਾ ਕਤਲ "ਕੂਕਿਆਂ ਨੇ ਕੀਤਾ ਹੈ," ਅਤੇ ਕਤਲ ਵਿਚ ਗੁਰੂ ਰਾਮ ਸਿੰਘ ਜੀ ਦਾ ਹੱਥ ਹੈ ।

ਕਲਨਲ ਬੇਲੀ ਦੇ ਰਾਏਕੋਟ ਪਹੁੰਚਦਿਆਂ ਸਾਰ ਨਾਮਧਾਰੀ ਯਾ ਕੂਕਿਆਂ ਦਾ ਵਡਾ ਵੈਰੀ ਅਨੰਦਪੁਰ ਵਾਲਾ ਲਹਿਣਾ ਸਿੰਘ ਨਿਹੰਗ ਭੀ ਇਹ ਦੋਸ਼ ਕੂਕਿਆਂ ਦੇ ਸਿਰ ਮੜ੍ਹ, ਸਹੁੰ ਸੁਗੰਦਾਂ ਚੁਕ ਕੇ ਆਪਣੇ ਬਿਆਨ ਡਿਪਟੀ ਕਮਿਸ਼ਨਰ ਨੂੰ ਲਿਖਵਾ ਦਿਤੇ ਸਨ । ਲਹਿਣਾ ਸਿੰਘ ਨਿਹੰਗ ਨੇ ਇਸ ਤੋਂ ਪਹਿਲੋਂ ਦਯਾਲਗੜ੍ਹ ਜ਼ਿਲਾ ਅੰਬਾਲਾ ਦੇ ਤਿੰਨ ਕੂਕੇ ਫੜਵਾ ਭੀ ਦਿਤੇ ਸਨ ।

ਲਹਿਣਾ ਸਿੰਘ ਨਿਹੰਗ ਇਸ ਗਲ ਤੇ ਬਹੁਤਾ ਜ਼ੋਰ ਦਿੰਦਾ ਸੀ, ਕਿ ਬੁੱਚੜਾਂ ਦੇ ਕਤਲ ਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਹੋ ਰਹੇ ਹਨ । ਲਹਿਣਾ ਸਿੰਘ ਦੇ ਦੱਸੇ ਮੁਤਾਬਕ ਜਦ ਗਰੰਥੀ ਦਲ ਸਿੰਘ ਤੋਂ ਇਹ ਗੱਲ ਪੁਛੀ ਗਈ, ਤਾਂ ਉਸ ਨੇ ਲਹਿਣਾ ਸਿੰਘ ਦੀ ਕਹਾਣੀ ਨੂੰ ਝੂਠੀ ਦਸਿਆ ।

ਹਰਨਾਮ ਦਾਸ ਜੋ ਆਪਣੇ ਆਪ ਨੂੰ ਕੂਕਾ ਕਹਿੰਦਾ ਸੀ, ਨੇ ਭੀ ਇਹੋ ਬਿਆਨ ਦਿਤੇ, ਕਿ ਉਸ ਨੇ ਆਪਣੀ ਕੰਨੀਂ ਇਕ ਦਰਬਾਰ ਵਿਚ ਗੁਰੂ ਰਾਮ ਸਿੰਘ ਨੂੰ ਆਪਣੇ ਸੇਵਕਾਂ ਨੂੰ ਇਹ ਕਹਿੰਦੇ ਸੁਣਿਆ ਸੀ, ਕਿ ਇਕ ਬੁਚੜ ਮਾਰੇ ਦਾ ੧੦੦ ਗਊਆਂ ਦਾ ਪੁੰਨ ਹੈ । ਪਰ ਹਰਨਾਮ ਦਾਸ ਨੇ ਇਹ ਬਿਆਨ ਓਦੋਂ ਦਿਤੇ, ਜਦ ਉਸ ਤੇ ਅੰਬਾਲੇ ਦੀ ਕਚਹਿਰੀ ਵਿਚ ਇਕ ਚੌਕੀਦਾਰ ਨੂੰ ਮਾਰਨ ਦਾ ਮੁਕੱਦਮਾ ਚਲ ਰਿਹਾ ਸੀ ।

ਅੰਬਾਲੇ ਵਿਖੇ ਕਿਸੇ ਸੁੰਦਰ ਸਿੰਘ ਨੇ ਭੀ ਇਹੋ ਬਿਆਨ ਦਿਤੇ । ਪਰ ਕਪਤਾਨ ਹਾਰਸਫੋਰਡ, ਅੰਬਾਲੇ ਦੇ ਡਿਸਟਰਿਕਟ ਸੁਪਰਇੰਨਟੈਂਡੈਂਟ ਪੁਲੀਸ ਨੇ ਮਿਸਟਰ ਕਾਵਨ ਨੂੰ ਇਹ ਗੱਲ ਦਸੀ, ਕਿ ਸੁੰਦਰ ਸਿੰਘ ਦੇ ਬਿਆਨ ਭੀ ਬਿਲਕੁਲ ਹਰਨਾਮ ਦਾਸ ਜੈਸੇ ਹੀ ਹਨ ।

ਮਿਸਟਰ ਕਾਵਨ ਆਪਣੀ ਨੰਬਰੀ ੧੮੦ ਤਾਰੀਖ ੨੦ ਜੁਲਾਈ ੧੮੭੧ ਦੀ ਰੀਪੋਰਟ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਨਤਾਰਾ ਕਰਦਾ ਹੋਇਆ ਲਿਖਦਾ ਹੈ, "ਕਿ ਕਤਲ ਭਾਵੇਂ ਕੂਕਿਆਂ ਨੇ ਹੀ ਕੀਤੇ ਹੋਵਣ, ਪਰ ਉਸਨੂੰ ਸ਼ਕ ਹੈ, ਕਿ ਗੁਰੂ ਰਾਮ ਸਿੰਘ ਜੀ ਨੇ ਕੂਕਿਆਂ ਨੂੰ ਬੁੱਚੜ ਕਤਲ ਕਰਨ ਲਈ ਹੁਕਮ ਦਿਤਾ ਹੋਵੇ ।" ਨਾਲ ਦੀ ਨਾਲ ਉਹ ਲਿਖਦਾ ਹੈ, "ਮੰਨ ਲਵੋ, ਕਿ ਕਤਲ ਕੂਕਿਆਂ ਨੇ ਹੀ ਕੀਤੇ ਹਨ, ਤਦ ਜੇਹੜੇ ਦੋਸ਼ੀ ਅੰਮ੍ਰਿਤਸਰ ਵਾਲੇ ਮੁਕੱਦਮੇ ਵਿਚ ਬੱਝੇ ਹੋਏ ਹਨ, ਉਨ੍ਹਾਂ ਵਿਚੋਂ ਤਾਂ ਇਕ ਭੀ ਕੂਕਾ ਨਹੀਂ । ਤਦ ਇਹ ਗਲ ਕਿ ਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਕ ਬੁੱਚੜ ਕਤਲ ਹੋਏ ਮੰਨਣ ਲਾਇਕ ਨਹੀਂ ।" ਮਿਸਟਰ ਕਾਵਨ ਦੀ ਰੀਪੋਰਟ ਕਮਿਸ਼ਨਰ ਅੰਬਾਲਾ ਅਤੇ ਉਸਦੀ ਨਕਲ ਹੋਮ ਸੈਕਰੇਟਰੀ, ਅਤੇ ਵਾਇਸਰਾਏ ਨੂੰ ਪਹੁੰਚਣ ਤੇ ਭੇਜੀਆਂ ਗਈਆਂ । ਇਹ ਰੀਪੋਰਟ ਪੜ੍ਹਨ ਵਾਲੀ ਚੀਜ਼ ਹੈ । ਡਿਪਟੀ ਕਮਿਸਨਰ ਨੇ ਰਾਏਕੋਟ ਤੋਂ ਆ ਕੇ ੨੦੦) ਰੁਪਈਆ ਖਜ਼ਾਨੇ ਵਿਚੋਂ ਕੱਢ ਕੇ ਪੁਲੀਸ ਵਾਲਿਆਂ ਦੇ ਹਵਾਲੇ ਕੀਤਾ ਅਤੇ ਰਾਏਕੋਟ ਦੇ ਅਲੀਏ ਜਰਾਹ ਨੂੰ ਜਿਸਨੇ ਜ਼ਖਮੀਆਂ ਦੀ ਦਾਰੂ ਪੱਟੀ ਕੀਤੀ ਸੀ, ੫੦) ਰੁਪਈਏ ਇਨਾਮ ਦੇਵਣ ਦੀ ਮਨਜ਼ੂਰੀ ਮੰਗੀ ।

ਪਟਿਆਲੇ ਅਤੇ ਨਾਭੇ ਦੀਆਂ ਰਿਆਸਤਾਂ ਦੇ ਅਹਿਲ-ਕਾਰ ਸਿਰੋਂ ਪੈਰੋਂ ਲਾਹ ਕੇ ਤਾਬੜ ਤੋੜ ਰਾਏਕੋਟ ਦੇ ਬੁਚੜਾਂ ਦੇ ਕਤਲਾਂ ਦੀ ਖੋਜ ਕਢਣ ਵਿਚ ਜੁਟੇ ਹੋਏ ਸਨ । ਪਟਿਆਲੇ ਦਾ ਵਜ਼ੀਰ ਆਜ਼ਮ ਖਲੀਫ਼ਾ ਸਾਹਿਬ ਅਤੇ ਸਰਕਾਰ ਪੰਜਾਬ ਦਾਂ ਕਾਇਮ ਮੁਕਾਮ ਸੈਕਰੇਟਰੀ ਮਿਸਟਰ ਐਲ. ਐਚ. ਗਰਿਫ਼ਨ ਆਪਸ ਵਿਚ ਬਹੁਤ ਗਹਿਰੇ ਮਿਤਰ ਸਨ । ਸੋ ਖਲੀਫ਼ਾ ਸਾਹਿਬ ਇਹ ਦਿਲੋਂ ਚਾਹੁੰਦੇ ਸਨ, ਕਿ ਮੁਕੱਦਮੇ ਦੀ ਸੂੰਹ ਜ਼ਰੂਰ ਨਿਕਲ ਆਵੇ । ਗੌਰਮਿੰਟ ਆਲੇਕੀ ਰਿਆਸਤ ਅਤੇ ਚੌਧਰੀ ਕੀ ਰਿਆਸਤ ਦੋਨਾਂ ਤੇ ਜ਼ੋਰ ਪਾ ਰਹੀ ਸੀ ਕਿ ਮੁਲਜਮ ਤੁਹਾਡੀਆਂ ਰਿਆਸਤਾਂ ਵਿਚ ਹਨ, ਅਤੇ ਤੁਸੀਂ ਹਰ ਹਾਲਤ ਵਿਚ ਜਲਦੀ ਤੋਂ ਜਲਦੀ ਇਨ੍ਹਾਂ ਨੂੰ ਲੱਭ ਕੇ ਸਾਡੇ ਹਵਾਲੇ ਕਰੇ । ੨੦ ਜੁਲਾਈ ਨੂੰ ਪਟਿਆਲੇ ਦੇ ਵਕੀਲ ਨੇ ਡਿਪਟੀ ਕਮਿਸ਼ਨਰ ਲੁਧਿਆਣੇ ਨੂੰ ਇਹ ਦਸਿਆ, "ਸੂੰਹ ਨਿਕਲੀ ਹੈ, ਕਿ ਕਤਲ ਦੇ ਵਾਕੇ ਤੋਂ ਪੰਜ ਕੁ ਦਿਨ ਪਹਿਲਾਂ ਕੂਕੇ ਪਿੰਡ ਨਾਈਵਾਲੇ ਕੱਠੇ ਹੋਏ ਦੇਖੇ ਗਏ ਸਨ ਅਤੇ ਉਨ੍ਹਾਂ ਨੂੰ ਲੱਭਣ ਲਈ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਹਨ ।"



Sri Satguru Jagjit Singh Ji eLibrary NamdhariElibrary@gmail.com

੨੧ ਤਾਰੀਖ ਨੂੰ ਪਟਿਆਲੇ ਵਾਲਿਆਂ ਡਿਪਟੀ ਕਮਿਸ਼ਨਰ ਨੂੰ ਖਬਰ ਦਿਤੀ, ਕਿ ਉਨ੍ਹਾਂ ਨੇ ੭ ਕੂਕੇ ਆਪਣੀ ਰਿਆਸਤ ਵਿਚੋਂ ਫੜ ਲਏ ਹਨ, ਅਤੇ ਉਨ੍ਹਾਂ ਦੀਆਂ ਤਲਵਾਰਾਂ ਭੀ ਬਰਾਮਦ ਕਰ ਲਈਆਂ ਹਨ। ਪੰਜਾਬ ਦੇ ਸੈਕਰੇਟਰੀ ਮਿਸਟਰ ਗਰਿਫਨ ਨੇ ਮਿਸਟਰ ਈ, ਸੀ, ਬੇਲੀ, ਗੌਰਮਿੰਟ ਆਫ ਇੰਡੀਆ ਦੇ ਸੈਕਰੇਟਰੀ ਨੂੰ ਇਸ ਇਤਲਾਹ ਦੀ ਰੀਪੋਰਟ ਦਿੰਦਿਆਂ ਹੋਇਆਂ ਲਿਖਿਆ, "ਕਿ ਭਾਵੇਂ ਕੁਦਰਤੀ ਤੌਰ ਤੇ ਸਿੱਖ ਕੂਕਿਆਂ ਸਿਰ ਇਹ ਦੋਸ਼ ਥੱਪਣਗੇ, ਪਰ ਮੈਨੂੰ ਅਜੇ ਭੀ ਪੱਕਾ ਨਿਸ਼ਚਾ ਨਹੀਂ, ਕਿ ਅਸਲੀ ਆਦਮੀ ਫੜੇ ਗਏ ਹੋਵਣ।" ਨਾਲ ਦੀ ਨਾਲ ਇਹ ਭੀ ਲਿਖਿਆ, "ਕਿ ਮਹਾਰਾਜਾ ਸਾਹਿਬ ਬਹਾਦਰ ਪਟਿਆਲਾ ਇਸ ਮੁਕੱਦਮੇ ਵਿਚ ਸਾਡੀ ਪੂਰੀ ਪੂਰੀ ਮਦਦ ਕਰ ਰਹੇ ਹਨ।"

੨੨ ਜੁਲਾਈ ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਹੋਮ ਸੈਕਰੇਟਰੀ ਨੂੰ ਤਾਰ ਦਿਤੀ ਕਿ "ਕਤਲ ਦੀ ਥਾਂ ਤੋਂ ਲੈ ਕੇ ਪਿੱਛੋਂ ਰਿਆਸਤ ਪਟਿਆਲਾ ਤਕ ੭ ਕੂਕਿਆਂ ਦੇ ਨਿਸ਼ਾਨ ਮਿਲ ਗਏ ਹਨ। ਪਟਿਆਲੇ ਦੇ ਅਫਸਰਾਂ ਅਤੇ ਸਾਡੀ ਪੁਲੀਸ ਨੇ ਉਨ੍ਹਾਂ ਨੂੰ ਗਰਿਫਤਾਰ ਕਰ ਲਿਆ ਹੈ।"

ਸ਼ਿਸ਼ਨ ਜੱਜ ਮੈਕਨਾਬ ਅਤੇ ਚੀਫ ਕੋਰਟ ਦੇ ਜੱਜ ਬੋਲੀਨੀਸ ਦੇ ਫੈਸਲਿਆਂ ਅਨੁਸਾਰ ਭੰਗਾ ਸਿੰਘ ਅਤੇ ਭੂਪੇ ਖੋਜੀਆਂ ਨੇ ੮ ਆਦਮੀਆਂ ਦੀਆਂ ਪੈੜਾਂ ਦੇ ਨਿਸ਼ਾਨ ਖਜ਼ਾਨ ਸਿੰਘ ਦੇ ਡੇਰੇ ਕੋਲ ਲੈ ਆਂਦੇ ਸਨ। ਖਜ਼ਾਨ ਸਿੰਘ ਨੂੰ ਪਟਿਆਲੇ ਦੇ ਥਾਨੇਦਾਰ ਮਵੱਕਲ ਹੁਸੈਨ ਦੇ ਹਵਾਲੇ ਕਰ ਦਿਤਾ ਗਿਆ। ਖਜ਼ਾਨ ਸਿੰਘ ਨੇ ਥਾਨਦਾਰ ਨੂੰ ਅਤੇ ਧਨੇਰ ਪਿੰਡ, ਰਿਆਸਤ ਪਟਿਆਲਾ ਦੇ ਨੰਬਰਦਾਰ ਮੁਨਇਮ ਖਾਂ ਨੂੰ ਤਿੰਨ ਤਲਵਾਰਾਂ ਕਢਾ ਦਿਤੀਆਂ ਅਤੇ ਬਿਆਨ ਦਿਤਾ ਕਿ ਦੱਲ ਸਿੰਘ ਛੀਨੀਵਾਲ ਦਾ, ਰਤਨ ਸਿੰਘ ਨਾਈਵਾਲੇ ਦਾ ਅਤੇ ਪਿਥੋਕਿਆਂ ਦੇ ਤਿੰਨ ਆਦਮੀ ਬੁਚੜਾਂ ਦੇ ਕਾਤਲ ਹਨ।

ਜੁਰਮ ਦਾ ਇਕਬਾਲ ਕਰਵਾਉਣ ਲਈ ਜੋ ਸਲੂਕ ਪੁਲੀਸ ਸ਼ੱਕੀ ਮੁਲਜ਼ਮਾਂ ਨਾਲ ਕਰਦੀ ਹੈ, ਉਸ ਦਾ ਪੂਰਾ ਹਾਲ ਪੰਜਾਬ ਅਤੇ ਹੁਣ ਵਾਲੇ ਪੈਪਸੂ ਦੇ ਪਿੰਡਾਂ ਵਿਚ ਰਹਿਣ ਵਾਲੇ ਅੱਛੀ ਤਰ੍ਹਾਂ ਜਾਣਦੇ ਹਨ। ਪਟਿਆਲੇ ਦੀ ਕਾਰਖਾਸ ਤਾਂ ਹੁਣ ਤਕ ਮਸ਼ਹੂਰ ਰਹੀ ਹੈ। ਅਜ ਕਲ ਭੀ ਕਈ ਪੁਰਾਣੇ ਪੁਲੀਸ ਅਫਸਰ ਜਿਉਂਦੇ ਹਨ, ਜੋ ਦੱਸ ਸਕਦੇ ਹਨ ਕਿ ਬੇਗੁਨਾਹ ਦੋਸ਼ੀ ਨੂੰ ਕਿਵੇਂ ਦੋ ਚਾਰ ਘੰਟੇ ਦੇ ਅੰਦਰ ਅੰਦਰ ਜੁਰਮ ਦਾ ਇਕਬਾਲ ਕਰਵਾ ਕੇ ਮਿਸਲਾਂ ਦੇ ਪੇਟ ਭਰ ਕੇ ਮੁਲਜ਼ਮਾਂ ਨੂੰ ਅਦਾਲਤਾਂ ਵਿਚ ਪੇਸ਼ ਕਰ ਦਿਤਾ ਜਾਂਦਾ ਸੀ। ਪੁਰਾਣੀਆਂ ਗੱਲਾਂ ਨੂੰ ਛੱਡ ਦੇਵੋ, ਸਾਡੇ ਵਿਚੋਂ ਕਈ ਸਜਣਾਂ ਨੇ ਸਾਂਡਰਸ ਕਤਲ ਕੇਸ, ਕਾਲਕਾ ਸ਼ੂਟਿੰਗ ਕੇਸ, ਨਾਭਾ, ਪਟਿਆਲਾ ਕੇਸ, ਬਬਰ ਅਕਾਲੀ ਕੇਸ ਅਤੇ ਅਨੇਕਾਂ ਮੁਕੱਦਮਿਆਂ ਵਿਚ ਪੁਲੀਸ ਅਫਸਰਾਂ ਦੀਆਂ ਉਸਤਾਦੀਆਂ ਦੇ ਹੱਥ ਦੇਖੇ ਹੀ ਹਨ।

ਸਤਿਗੁਰ ਬਿਲਾਸ ਦੀ ਲਿਖਤ ਅਨੁਸਾਰ ਦਲ ਸਿੰਘ ਅਤੇ ਉਸ ਦੇ ਘਰ ਵਾਲੀ ਰਾਮ ਕੌਰ ਨੂੰ ਸਖਤ ਤਸੀਹੇ ਦਿਤੇ ਗਏ।

ਦਲ ਸਿੰਘ ਛੀਨੀਵਾਲ ਤੋਂ ਲਿਆ ਕੇ ਬੱਸੀਆਂ ਦੀ ਕੋਠੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਦਲ ਸਿੰਘ ਨੇ ਗੁਲਾਬ ਸਿਘ ਚੂਹੜਚੱਕ ਵਾਲੇ ਦਾ ਨਾਮ ਲਿਆ, ਜਿਸ ਨੂੰ ੨੩ ਜੁਲਾਈ ਨੂੰ ਉਸ ਦੇ ਪਿੰਡੋਂ ਫੜ ਲਿਆ। ਦਲ ਸਿੰਘ ਨੇ ਮੈਜਸਟਰੇਟ ਦੇ ਸਾਹਮਣੇ ਆਪਣੇ ਜੁਰਮ ਦਾ ਇਕਬਾਲ ਕਰ ਲਿਆ। ਇਸ ਤੋਂ ਉਸ ਨੂੰ ਉਸੇ ਜਗ੍ਹਾ ਲਿਆਂਦਾ ਗਿਆ ਜਿਥੇ ਤਲਵਾਰਾਂ ਦੱਬੀਆਂ ਹੋਈਆਂ ਸਨ। ਚਾਰ ਤਲਵਾਰਾਂ ਹੋਰ ਕੱਢ ਲਈਆਂ ਗਈਆਂ। ਮੁਨਇਮ ਖਾਂ, ਫੈਜ਼ ਅਲੀ ਖਾਂ ਅਤੇ ਹੋਰ ਗਵਾਹਾਂ ਨੇ ਸੁਗੰਧਾਂ ਖਾ ਕੇ ਕਿਹਾ ਕਿ ਤਿੰਨ ਤਲਵਾਰਾਂ ਤੇ ਬਿਲਕੁਲ ਤਾਜ਼ਾ ਲਹੂ ਲੱਗਿਆ ਹੋਇਆ ਸੀ, ਅਤੇ ਲਹੂ ਵਾਲੀਆਂ ਥਾਵਾਂ ਤੇ ਰੇਤਾ ਚਿਮਟਿਆ ਹੋਇਆ ਸੀ। ਸਾਰੇ ਗਵਾਹਾਂ ਨੇ ਕਸਮਾਂ ਖਾ ਕੇ ਇਹ ਭੀ ਬਿਆਨ ਦਿਤੇ ਕਿ ਇਕ ਤਲਵਾਰ ਦੇ ਮੁੱਠੇ ਨਾਲ ਥੋੜ੍ਹਾ ਜਿਹਾ ਚੰਮ ਅਤੇ ਮਾਸ ਭੀ ਲਗਿਆ ਹੋਇਆ ਸੀ। ਪਿਥੋਕਿਆਂ ਵਾਲੇ ਸਿੰਘਾਂ ਦੇ ਪਕੜੇ ਜਾਣ ਦਾ ਹਾਲ 'ਸਤਿਗੁਰ ਬਿਲਾਸ' ਵਿਚ ਇਉਂ ਲਿਖਿਆ ਹੈ:

"ਦੱਲੂ ਪਿਥੋਵਾਲਿਆਂ ਨੂੰ ਜਾਏ ਕਿ ਫੜੌਣ ਲਗਾ। ਤੇਜਾ ਸਿੰਘ ਵਿਲਮਾਂ ਵਾਲੇ ਨੇ ਖਬਰ ਦਿਤੀ ਕਿ ਜੇਠੂਪੁਰੇ ਮੇਂ ਰਸਾਲਾ ਆਏ ਉਤਰਿਆ ਹੈ, ਤੁਹਾਡੇ ਫੜਨੇ ਕੋ, ਤੁਸੀਂ ਆਪਣਾ ਬੰਦੋਬਸਤ ਕਰੋ। ਸਾਰੇ ਸਿੰਘ ਝਿੜੀ ਮੇਂ ਜਾਇ ਬੈਠੇ। ਦੂਲਾ ਸਿੰਘ ਨੇ ਕਿਹਾ, ਤੁਸੀਂ ਭੱਜ ਜਾਓ ਤੁਹਾਡੇ ਜ਼ਿੰਮੇ ਹੈ, ਤੁਹਾਨੂੰ ਨਹੀਂ ਛਡਣਗੇ। ਤੁਸੀਂ ਨਹੀਂ ਬਚੋਗੇ। ਮਸਤਾਨ ਸਿੰਘ ਨੇ ਕਿਹਾ ਕਿ ਜੇ ਭੱਜ ਗਏ ਤਾਂ ਹੋਰਨਾਂ ਕੋ ਦੁਖ ਦੇਣਗੇ, ਤਾਂ ਤੇ ਅਸੀਂ ਕੀਤਾ ਹੈ ਕਾਰਣ ਅਸੀਂ ਸੀਸ ਤੇ ਸਹਾਰਾਂਗੇ। ਹੋਰ ਕੋ ਦੁਖ ਦੇਣਾ ਹੈ। ਨਾਲੇ ਕਰਕੇ ਕਾਰਾ



Sri Satguru Jagjit Singh Ji eLibrary NamdhariElibrary@gmail.com

ਨੱਸਣਾ ਨਾ ਚਾਹੀਏ । ਸਾਹਮਣੇ ਸੀਸ ਦੇਵਾਂਗੇ । ਜੋ ਗੁਰੂ ਜੀ ਕਰਨੀ ਹੈ ਸੋ ਹੋਣੀ ਹੈ । ਦੇਖੀ ਜਾਏਗੀ, ਅਸੀਂ ਭੱਜਦੇ ਨਹੀਂ ਹਾਂ । ਢਲੀ ਦੁਪਹਿਰ ਰਸਾਲਾ ਆਇ ਗਿਆ, ਵਗਾਰੀਆਂ ਕੋ ਹੁਕਮ ਦੀਆ ਕਿ ਕੂਕਿਆਂ ਕੋ ਇਕੱਠੇ ਕਰ ਲੈ ਆਓ । ਸਾਰੇ ਇਕਠੇ ਕਰ ਲੈ ਆਂਦੇ । ਅੱਠਾਂ ਸਰੀਰਾਂ ਨੂੰ ਲੈ ਗਏ । ਦੱਲੂ ਦੀ ਤੀਵੀਂ ਨੇ ਕਿਹਾ ਕਿ ਤੀਨ ਤਾਂ ਮੇਰੇ ਘਰ ਆਏ ਹੈ, ਮਸਤਾਨ ਸਿੰਘ ਅਤੇ ਮੰਗਲ ਸਿੰਘ, ਗੁਰਮੁਖ ਸਿੰਘ ਤਿਨੋ ਈ ਆਏ, ਗੁਲਾਬੂ ਭੀ ਪਕੜ ਮੰਗਾਇਆ ਘਰੋਂ । ਅਤਰ ਸਿੰਘ ਦਸਾਂ ਬਰਸਾਂ ਦਾ ਸੀ, ਫਰੰਗੀ ਨੇ ਕਿਹਾ ਕਿ ਇਸ ਨੂੰ ਕਿਉਂ ਆਂਦਾ ਹੈ ? ਛੋਡ ਦੀਆ ਉਸੀ ਵਕਤ, ਹੋਰਨਾਂ ਦੇ ਬੇੜੀਆਂ ਪਾਇ ਦਿਤੀਆਂ ਸੱਤਾਂ ਕੋ । ਅੱਠਵੇਂ ਗਿਆਨ ਸਿੰਘ ਨੂੰ ਦਲੂ ਨੇ ਜਾਇ ਫੜਾਇਆ ਖਨੇ ਸੇ । ਰਤਨ ਸਿੰਘ ਨਾਈ ਨੂੰ ਭੀ ਜਾਇ ਫੜਾਇਆ, ਕਾਨ੍ਹਾ ਭੀ ਫੜਾਇ ਦੀਆ । ਕਾਨ੍ਹੇ ਨੇ ਬਾਗਾਂ ਵਾਲ ਫੜਾਏ ਦੀਏ। ਨਾਲੇ ਕਾਨ੍ਹੇ ਨੇ ਗੁਲਾਬੂ ਨਿੰਦਕ ਮਰਾਂਣਿਓਂ ਜਾਇ ਫੜਾਇਆ । ਖੂਨ ਮਾਫ ਕਰਕੇ ਬਕ ਉਠਿਆ । ਤਿੰਨ ਮੁਕਬਲ ਕਹਿਣ ਕਿ ਸਤਿਗੁਰੂ ਹੁਕਮ ਦਿਤਾ ਹੈ, ਗਿਆਨ ਸਿੰਘ ਕ, ਕਿ ਤੂੰ ਜਾਇ ਕੇ ਸਿੰਘਾਂ ਨੂੰ ਕਹੋ, ਕਿ ਬੂਚੜਾਂ ਨੂੰ ਵਡੋ । ਗਿਆਨ ਸਿੰਘ ਨੇ ਆਗੇ ਸਿੰਘਾਂ ਨੂੰ ਸੁਣਾਇਆ ਹੈ । ਸਤਿਗੁਰੂ ਜੀ ਕਾ ਹੁਕਮ ਹੈ, ਬੂਚੜਾਂ ਨੂੰ ਵੱਡੋ ਤਾਂ ਸਿੰਘਾਂ ਨੇ ਬੂਚੜ ਵੱਡੇ ਹੈਂ । ਮੁਕਬਲਾਂ ਕੇ ਕਹਿਣੇ ਸੇ ਸਤਿਗੁਰੂ ਜੀ ਭੀ ਸੱਦ ਭੇਜੇ ।"

੨੪ ਜੁਲਾਈ ੧੮੭੧ ਨੂੰ ਕਾਵਨ ਨੇ ਬੱਸੀਆਂ ਦੇ ਮੁਕਾਮ ਤੋਂ ਇਸ ਘਟਨਾਂ ਦੇ ਸਿਲਸਲੇ ਦੀ ਅਗਲੀ ਰੀਪੋਰਟ ਪੰਜਾਬ ਸਰਕਾਰ ਨੂੰ ਭੇਜੀ, ਜੋ ੨੭ ਜੁਲਾਈ ਨੂੰ ਸਰਕਾਰ ਹਿੰਦ ਨੂੰ ਭੇਜੀ ਗਈ । ਇਸ ਵਿਚ ਦਰਜ ਸੀ, "ਸਤ ਫੜੇ ਹੋਏ ਕੂਕਿਆਂ ਵਿਚੋਂ ੪ ਬਿਲਾ ਸ਼ੁਬਾ ਕਤਲਾਂ ਦੇ ਦੋਸ਼ੀ ਹਨ । ਇਨ੍ਹਾਂ ਵਿਚੋਂ ਚਾਰ ਤਲਵਾਰਾਂ ਤੇ ਲਹੂ ਦੇ ਛਿੱਟੇ ਹਨ ਅਤੇ ਮਾਸ ਵੀ ਲਗਾ ਹੋਇਆ ਹੈ । ਦੱਲ ਸਿੰਘ ਵਾਅਦਾ ਮੁਆਫ ਗਵਾਹ ਬਣ ਗਿਆ ਹੈ । ਉਸਨੇ ਦੁਖੀ ਹਿਰਦੇ ਨਾਲ ਹੀ ਕਤਲਾਂ ਦੇ ਵਾਕਿਆਤ ਦਸੇ ਹਨ, ਪਰ ਉਸਦੀ ਇਸਤਰੀ ਨੇ, ਜੋ ਹੁਸ਼ਿਆਰ ਔਰਤ ਮਲੂਮ ਹੁੰਦੀ ਹੈ, ਆਪਣੇ ਪਤੀ ਨੂੰ ਬਚੌਣ ਲਈ ਸਾਰੇ ਮਾਮਲੇ ਨੂੰ ਸਾਫ ਸਾਫ ਤੌਰ ਤੇ ਦੱਸ ਦਿਤਾ ਹੈ । ਗੁਲਾਬ ਸਿੰਘ (ਨੋਟ : ਪਿੰਡ ਦਾ ਨਾਮ ਮੋਗਾ ਲਿਖਿਆ ਹੈ-ਲੇਖਕ) ਪਕੜਿਆ ਗਿਆ ਹੈ, ਪਰ ਅਜੇ ਤਕ ਉਹ ਬੱਸੀਆਂ ਦੇ ਮੁਕਾਮ ਤੇ ਮੈਜਸਟਰੇਟ ਦੇ ਸਾਹਮਣੇ ਪੇਸ਼ ਨਹੀਂ ਕੀਤਾ ਗਿਆ । ਇਨ੍ਹਾਂ ਅਲਾਕਿਆਂ ਦਾ ਸੂਬਾ ਗਿਆਨੀ ਸਿੰਘ ਹੈ । ਰਤਨ ਸਿੰਘ ਉਸ ਦਾ ਨਾਇਬ ਹੈ । ਗਿਆਨੀ ਸਿੰਘ ਪਹਿਲਾਂ ਭੀ ਪਟਿਆਲੇ ਵਿਖੇ ੨ ਸਾਲ ਦੀ ਕੈਦ ਭੁਗਤ ਚੁਕਾ ਹੈ ਅਤੇ ਬਹੁਤ ਬੁਰਾ ਆਦਮੀ ਹੈ ।"

ਪਟਿਆਲਾ ਅਤੇ ਨਾਭਾ ਦੇ ਅਹਿਲਕਾਰਾਂ ਅਤੇ ਵਕੀਲਾਂ ਦੀ ਮੱਦਦ ਨਾਲ ਰਿਆਸਤਾਂ ਅਤੇ ਅੰਗਰੇਜ਼ੀ ਅਲਾਕੇ ਦੇ ਪੁਲੀਸ ਅਫਸਰਾਂ ਨੇ ਬੱਸੀਆਂ ਦੇ ਮਕਾਮ ਤੇ ਮੈਜਸਟਰੇਟ ਨੇ ਇਕ ਦੋ ਦਿਨ ਦੇ ਅੰਦਰ ਅੰਦਰ ਪੂਰੀ ਮਿਸਲ ਤਿਆਰ ਕਰਕੇ ਦੋਸ਼ੀਆਂ ਨੂੰ ਸ਼ਿਸ਼ਨ ਜੱਜ ਦੇ ਸਪੁਰਦ ਕਰ ਦਿਤਾ । ਅੰਬਾਲਾ ਡਵੀਜ਼ਨ ਦੇ ਸਿਸ਼ਨ ਜੱਜ ਸਾਹਿਬ ਭੀ ਬਸੀਏਂ ਹੀ ਪਹੁੰਚੇ ਹੋਏ ਸਨ ।

੨੭ ਜੁਲਾਈ ੧੮੭੧ ਨੂੰ ਮਿਸਟਰ ਜੇ ਡਬਲਯੂ. ਮੈਕਨਾਥ ਸਿਸ਼ਨ ਜੱਜ ਨੇ ਬੱਸੀਆਂ ਦੇ ਮੁਕਾਮ ਤੇ ਇਸ ਮੁਕੱਦਮੇ ਵਿਚ ਮਸਤਾਨ ਸਿੰਘ, ਗੁਰਮੁਖ ਸਿੰਘ, ਮੰਗਲ ਸਿੰਘ ਪਿਥੋਕੇ ਵਾਲਿਆਂ ਨੂੰ ਅਤੇ ਗੁਲਾਬ ਸਿੰਘ ਚੂਹੜਚੱਕੀਏ ਨੂੰ ਕਤਲਾਂ ਦੇ ਦੋਸ਼ੀ ਕਰਾਰ ਦੇ ਕੇ ਮੌਤ ਦੀਆਂ ਸਜ਼ਾਵਾਂ ਦਿਤੀਆਂ । ਅਸੇਸਰਾਂ ਨੇ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿਤਾ ।

੨੪ ਜੁਲਾਈ ਤੋਂ ਪਿਛੋਂ ਗੁਰੂ ਰਾਮ ਸਿੰਘ ਜੀ ਤੇ ਹੋਰ ਸੂਬਿਆਂ ਨੂੰ ਭੀ ਬਸੀਆਂ ਦੀ ਕੋਠੀ ਇਸ ਮੁਕੱਦਮੇ ਵਿਚ ਗਵਾਹੀਆਂ ਦੇਣ ਲਈ ਸਦਿਆ ਗਿਆ। ਆਪ ਜੀ ੩੬ ਨਾਮਧਾਰੀ ਸਿੰਘਾਂ ਸਮੇਤ ੨੮ ਜੁਲਾਈ ਨੂੰ ਬਸੀਏਂ ਪਹੁੰਚੇ ਅਤੇ ਅਦਾਲਤ ਵਾਲੀ ਥਾਂ ਦੇ ਕੋਲ ਹੀ ਡੇਰਾ ਕੀਤਾ । ਇਸ ਸਮੇਂ ੧੦ ਘੋੜਸਵਾਰ ਭੀ ਆਪ ਜੀ ਨਾਲ ਸਨ । ਆਪ ਜੀ ਨੇ ਬਸੀਏਂ ਪਹੁੰਚ ਕੇ ਦੱਲ ਸਿੰਘ ਵਾਅਦਾ ਮੁਆਫ ਗਵਾਹ, ਬਾਕੀ ਝੂਠੇ ਗਵਾਹਾਂ ਅਤੇ ਖਾਸ ਕਰ ਗੁਲਾਬ ਸਿੰਘ ਦੇ ਝੂਠਾਂ ਦੇ ਖੂਬ ਪਾਜ ਖੋਹਲੇ । (ਹਵਾਲਾ ਸਿਸ਼ਨ ਜੱਜ ਵਾਲੀ ਮਿਸਲ) । ਸਤਿਗੁਰ ਬਿਲਾਸ ਵਿਚ ਬਸੀਏਂ ਜਾ ਕੇ ਗਵਾਹੀ ਦੇਣ ਦਾ ਹਾਲ ਇਸ ਤਰ੍ਹਾਂ ਲਿਖਿਆ ਹੈ ।

ਸੁਤਰ ਅਸਵਾਰ ਆਇਆ, ਪਰਵਾਨਾ ਦਿਖਾਇਆ ਆਪ ਕੋ ਬਸੀਆਂ "ਯਾਦ ਕੀਤਾ ਹੈ ।" ਦੋ ਅਖੰਡ ਪਾਠ ਧਰਾਇਕੇ ਦੀਨਾ ਨਾਥ ਜੀ ਟੁਰੇ, ਅਰਦਾਸਾ ਕਰਕੇ । ਜਾਂ ਗੁਜਰਵਾਲ ਮੇਂ ਆਏ ਤਾਂ ਬਚਨ ਕੀਤਾ, ਅੱਸੀ ਸੌ ਸਿੰਘ ਧਰਮ ਹੇਤ ਲਗ ਜਾਣ ਤਾਂ ਕੀ ਬਹੁਤ ਹੈ । ਜੇ ਧਰਮ ਰਹਿ ਜਾਇ । ਬਸੀਏਂ ਆਏ ਤਾਂ ਫਰੰਗੀ ਨੇ ਪੁਛਿਆ, ਬਾਬਾ ਰਾਮ ਸਿੰਘ ਤੁਸਾਂ ਨੇ ਬੂਚੜ ਬਢਣ ਕਾ ਹੁਕਮ ਦੀਆ ਹੈ ਸਿੰਘਾਂ



Sri Satguru Jagjit Singh Ji eLibrary NamdhariElibrary@gmail.com

ਨੂੰ। ਮੁਕਬਲ ਕਹਿੰਦੇ ਹੈਂ, ਤੁਸੀਂ ਆਪ ਹੁਕਮ ਦਿਤਾ ਹੈ। ਗੁਰੂ ਜੀ ਬਚਨ ਕੀਤਾ ਮੈਂ ਇਨ੍ਹਾਂ ਨੂੰ ਕਾਸ ਨੂੰ ਹੁਕਮ ਦਿਤਾ ਹੈ। ਆਪੋ ਆਪ ਜਾਇ ਕੇ 'ਬਢਦੇ ਫਿਰਦੇ ਹੈਂ, ਸਾਨੂੰ ਕੁਝ ਖਬਰ ਨਹੀਂ ਹੈ। ਕਾਨ੍ਹਾਂ, ਦੱਲੂ ਤੇ ਗੁਲਾਬੂ ਤਿੰਨੇ ਹੀ ਸਾਹਮਣੇ ਆਖਣ ਲਗੇ ਕਿ ਤੈਂ ਟੋਰੇ ਹੈਂ ਖਰਚਾ ਦੇ ਕੇ। ਜਾਓ ਬੁੱਚੜਾਂ ਨੂੰ ਵਡੋ। ਆਖਣ ਲਗੇ, ਜੇ ਖਰਚਾ ਦਿਤਾ ਹੋਊ ਤਾਂ ਵਹੀ ਮੈਂ ਲਿਖਿਆ ਹੋਊ। ਫਰੰਗੀ ਨੇ ਬਹੀਆਂ ਮੰਗਵਾਈਆਂ, ਨਾਵਾਂ ਨਾ ਨਿਕਲਿਆ। ਗੁਪਾਲ ਸਿੰਘ ਨੇ ਕਿਹਾ, ਜਿਸ ਨੂੰ ਮੈਂ ਦੇਂਦਾ ਹਾਂ, ਨਾਵਾਂ ਲਿਖ ਛਡਦਾ ਹਾਂ। "ਜੇਕਰ ਮੈਂ ਹੁਕਮ ਦੇਣਾ ਹੁੰਦਾ, ਤਾਂ ਏਨਾਂ ਨੂੰ ਦੇਣਾ ਸੀ। ਚੰਗੇ ਸਿੰਘ ਮੇਰੇ ਕੋਲ ਸੇ, ਉਨ੍ਹਾਂ ਨੂੰ ਮੈਂ ਹੁਕਮ ਕਰ ਦੇਂਦਾ, ਇਨ੍ਹਾਂ ਨੂੰ ਮੈਂ ਕਿਉਂ ਹੁਕਮ ਦੇਣਾ ਸੀ।"

੧ ਅਗਸਤ ੧੮੭੧ ਨੂੰ ਚੀਫ ਕੋਰਟ ਪੰਜਾਬ, ਦੇ ਜੱਜ ਸੀ. ਬੋਲੀਨੌਸ ਨੇ ਚਾਰਾਂ ਮੁਲਜ਼ਮਾਂ ਨੂੰ ਫਾਂਸੀ ਦੀ ਸਜ਼ਾ ਪੱਕੀ ਕਰ ਦਿਤੀ। ਦੂਸਰੇ ਜੱਜ ਜੇ. ਐਸ. ਕੇਮਪਬੈਲ ਨੇ ਭੀ ਇਸੀ ਤਾਰੀਖ ਨੂੰ ਇਸ ਫੈਸਲੇ ਨਾਲ ਆਪਣੀ ਸੰਮਤੀ ਦੇ ਦਿਤੀ।

ਇਸ ਮੁਕੱਦਮੇ ਦਾ ਖਾਸ ਪਹਿਲੂ ਇਹ ਹੈ, ਕਿ ਚੀਫ ਕੋਰਟ ਤੋਂ ਫਾਂਸੀ ਦਾ ਹੁਕਮ ਹੋਵਣ, ਪਿਛੋਂ ਗੁਲਾਬ ਸਿੰਘ ਨੂੰ ਵਾਅਦਾ ਮੁਆਫ ਗਵਾਹ ਬਣਾਇਆ ਗਿਆ। ਕੀ ਕਾਨੂੰਨ ਅਨੁਸਾਰ ਐਸਾ ਹੋ ਸ਼ਕਦਾ ਸੀ? ਪਰ ਨਾਮਧਾਰੀਆਂ ਉੱਤੇ ਕਾਨੂੰਨ ਦੀ ਥਾਂ ਸਿਆਸਤ ਲਾਗੂ ਸੀ, ਕਿਉਂਕਿ ਉਨ੍ਹਾਂ ਨੇ ਬੁੱਚੜ ਵਡਕੇ ਸਰਕਾਰੀ ਹੁਕਮ ਤੋੜੇ ਸਨ, ਅਤੇ ਸਰਕਾਰ ਦਾ ਵਕਾਰ ਮਿਟੀ ਵਿਚ ਮਿਲਾ ਦਿੱਤਾ ਸੀ।

ਕਰਨਲ ਬੇਲੀ ਨੇ ਅੰਮ੍ਰਿਤਸਰ ਤਾਰ ਦਿਤੀ ਕਿ ਗੁਲਾਬ ਸਿੰਘ ਵਾਅਦਾ ਮੁਆਫ ਗੁਆਹ ਨੇ ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਦੀ ਸੂਹ ਦੇ ਦਿਤੀ ਹੈ, ਅਤੇ ਉਹ ਉਸਨੂੰ ਨਾਲ ਲੈਕੇ ਅੰਮ੍ਰਿਤਸਰ ਪਹੁੰਚ ਰਿਹਾ ਹੈ। ਇਹ ਗੁਲਾਬ ਸਿੰਘ ਬੂਹੜ ਚੱਕ ਜ਼ਿਲਾ ਫੀਰੋਜ਼ਪੁਰ ਦਾ ਸੀ, ਮੌੜਾਂ ਰਿਆਸਤ ਪਟਿਆਲਾ ਦਾ ਸੀ, ਮਰਹਾਣੇ ਜ਼ਿਲਾ ਅੰਮ੍ਰਿਤਸਰ ਦਾ ਸੀ, ਯਾਂ ਖਡੂਰ ਜਿਲਾ ਲੁਧਿਆਣਾ ਦਾ ਸੀ, ਇਸ ਦਾ ਥੌਹ ਪਤਾ ਸਰਕਾਰੀ ਕਾਗਜ਼ਾਂ ਵਿਚੋਂ ਕੁਝ ਨਹੀਂ ਲਗਦਾ। ਸ਼ਾਇਦ ਇਹ ਗੁਲਾਬ ਸਿੰਘ ਉਹੀ ਲੁੱਚਾ ਅਤੇ ਗੁੰਡਾ ਬੰਦਾ ਸੀ, ਜਿਸ ਦਾ ਜ਼ਿਕਰ ਗੁਰੂ ਰਾਮ ਸਿੰਘ ਜੀ ਦੀਆਂ ਚਿਠੀਆਂ ਦੀਆਂ ਅੰਗਰੇਜ਼ੀ ਨਕਲਾਂ ਵਾਲੀ ਕਤਾਬ ਵਿਚ ਮਿਸਟਰ ਵਾਰਬਰਟਨ ਨੇ ਇਕ ਨੋਟ ਵਿਚ ਕੀਤਾ ਹੈ। ਇਹ ਦਮਦਮੇ ਸਾਹਿਬ ਵਿਦਿਆ ਪੜ੍ਹਿਆ ਸੀ। ਕਾਮੀ, ਦੁਰਾਚਾਰੀ ਅਤੇ ਬਦਮਾਸ਼ ਹੋਣ ਕਰਕੇ ਗੁਰੂ ਰਾਮ ਸਿੰਘ ਜੀ ਨੇ ਇਸ ਨੂੰ ਸੰਗਤ ਪੰਗਤ ਵਿਚੋਂ ਛੇਕ ਦਿਤਾ ਸੀ। ਸੰਮਤ ੧੯੨੦ ਵਾਲੀ ਗਸ਼ਤੀ ਚਿੱਠੀ ਵਿਚ ਭੀ ਗੁਰੂ ਰਾਮ ਸਿੰਘ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਸੀ ਕਿ ਇਸ ਭਰਿਸ਼ਟੇ ਹੋਏ ਨੂੰ ਸੰਗਤਾਂ ਵਿਚ ਨਾ ਆਉਣ ਦਿਓ"। ਮਲੂਮ ਦਿੰਦਾ ਹੈ ਕਿ ਇਹੋ ਗੁਲਾਬ ਸਿੰਘ ਵਾਅਦਾ ਮਆਫ ਗੁਆਹ ਬਣਿਆ।

ਮੁਲਜ਼ਮ ੨੪ ਜੁਲਾਈ ਨੂੰ ਨਾਭੇ ਅਤੇ ਪਟਿਆਲੇ ਦੀਆਂ ਰਿਆਸਤਾਂ ਵਿਚੋਂ ਪਕੜਕੇ ਬਸੀਏਂ ਅੰਗਰੇਜ਼ੀ ਅਲਾਕੇ ਵਿਚ ਲਿਆਂਦੇ ਗਏ। ਪੁਲੀਸ ਅਫਸਰਾਂ ਨੇ ਇਕ ਦੋ ਦਿਨ ਵਿਚ ਮੈਜਸਟਰੇਟ ਦੇ ਸਾਹਮਣੇ ਬਿਆਨ ਦਵਾਏ। ਮੈਜਸਟਰੇਟ ਨੇ ੨੭ ਤਾਰੀਖ ਤਕ ਮੁਲਜ਼ਮਾਂ ਨੂੰ ਫ਼ਾਂਸੀ ਦੀਆਂ ਸਜ਼ਾਵਾਂ ਦੇ ਦਿਤੀਆਂ। ਇਸ ਤੋਂ ਪਿਛੋਂ ੪ ਦਿਨ ਦੇ ਅੰਦਰ ਅੰਦਰ ਚੀਫ ਕੋਰਟ ਨੇ ਫ਼ਾਂਸੀ ਦੀਆਂ ਸਜ਼ਾਵਾਂ ਪੱਕੀਆਂ ਕਰ ਦਿਤੀਆਂ। ਸਾਰਾ ਮੁਕੱਦਮਾ ੯ ਦਿਨ ਵਿਚ ਖਤਮ ਕਰ ਦਿਤਾ ਗਿਆ।

੨੮ ਤਾਰੀਖ ਤੋਂ ਪਿਛੋਂ ਫ਼ਾਂਸੀ ਵਾਲੇ ਮੁਲਜ਼ਮਾਂ, ਗਿਆਨੀ ਸਿੰਘ ਅਤੇ ਰਤਨ ਸਿੰਘ ਨਾਈਵਾਲੀਏ ਨੂੰ ਲੁਧਿਆਣਾ ਜੇਹਲ ਵਿਚ ਲਿਆਂਦਾ ਗਿਆ। ਚੀਫ ਕੋਰਟ ਤੋਂ ਸਜ਼ਾਵਾਂ ਪੱਕੀਆਂ ਹੋਵਣ ਤੇ ਫ਼ਾਂਸੀ ਦੇਵਣ ਦਾ ਸਾਰਾ ਸਾਮਾਨ ਅਤੇ ਮੁਲਜ਼ਮਾਂ ਨੂੰ ਰਾਏਕੋਟ ਲੈ ਆਂਦਾ ਗਿਆ। ਡਿਪਟੀ ਕਮਿਸ਼ਨਰ ਮਿਸਟਰ ਐਲ. ਕਾਵਨ ਖੁਦ ਭੀ ਰਾਏਕੋਟ ਆਇਆ। ਬੁਚੜਖਾਨੇ ਦੇ ਨਾਲ ਹੀ ਫਾਂਸੀ ਗੱਡੀ ਗਈ ਅਤੇ ੫ ਅਗਸਤ ੧੮੭੧ ਨੂੰ ਸੂਰਜ ਦੀ ਟਿੱਕੀ ਚੜ੍ਹਣ ਨਾਲ ਹੀ ਲੋਕਾਂ ਦੇ ਸਾਹਮਣੇ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਪਿੱਥੋਵਾਲਿਆਂ ਨੂੰ ਫਾਂਸੀਆਂ ਦਿਤੀਆਂ ਗਈਆਂ। ਇਸ ਸਮੇਂ ਕੋਈ ੨੦੦ ਕੁ ਆਦਮੀ ਫ਼ਾਸੀਆਂ ਹੁੰਦੀਆਂ ਦੇਖਣ ਆਏ ਹੋਏ ਸਨ, ਜਿਨ੍ਹਾਂ ਵਿਚ ੧੦ ਯਾ ੧੨ ਕੂਕੇ ਸਨ। ਪਿਥੋਂ ਤੋਂ ਇਨ੍ਹਾਂ ਦੇ ਵਾਰਸ ਆਏ ਹੋਏ ਸਨ। ਉਹ ਲਾਸ਼ਾਂ ਪਿਥੋ ਲੈ ਗਏ, ਜਿਥੇ ਉਨ੍ਹਾਂ ਦੇ ਦਾਹ ਸੰਸਕਾਰ ਕੀਤੇ ਗਏ। (ਹਵਾਲਾ ਪੰਜਾਬ ਸਰਕਾਰ ਕਮਯੂਨਿਕ ਨੰ: ੧੦੬੦ ਤਾਰੀਖ ੧੦ ਸਤੰਬਰ ੧੮੭੧)

****



Sri Satguru Jagjit Singh Ji eLibrary NamdhariElibrary@gmail.com

(੨)

# ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲੀਏ ਨੂੰ ਫ਼ਾਂਸੀਆਂ

ਪੰਜਾਬ ਦੇ ਡਿਪਟੀ ਇਨਸਪੈਕਟਰ ਜਨਰਲ ਪੁਲੀਸ ਦੀ ਇਹ ਰਾਏ ਸੀ ਕਿ ਜੇ ਕੂਕਿਆਂ ਨੂੰ ਸਖਤ ਸਜ਼ਾਵਾਂ ਦੇ ਕੇ ਹੁਣੇ ਹੀ ਨਾ ਦਬਾਇਆ ਗਿਆ, ਤਦ ਉਹ ਕਿਸੇ ਨਾ ਕਿਸੇ ਦਿਨ ਸਰਕਾਰ ਅੰਗਰੇਜ਼ੀ ਨਾਲ ਜ਼ਰੂਰ ਟੱਕਰ ਲੈਣਗੇ। ਕਈ ਅੰਗਰੇਜ਼ ਅਫਸਰਾਂ ਦਾ ਖਿਆਲ ਸੀ ਕਿ ਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਬੜੇ ਬੜੇ ਨਾਮੀ ਸੂਬਿਆਂ ਤੇ ਮੁਕੱਦਮੇ ਚਲਾ ਕੇ ਫੈਲਦੀ ਜਾਂਦੀ ਨਾਮਧਾਰੀ ਲਹਿਰ ਨੂੰ ਖਤਮ ਕਰ ਦਿਤਾ ਜਾਵੇ। ਗਿਆਨੀ ਰਤਨ ਸਿੰਘ ਮੰਡੀ ਵਾਲਾ ਨਾਮਧਾਰੀ ਸਿੰਘਾਂ ਵਿਚ ਚੰਗਾ ਵਿਦਵਾਨ, ਸਿਆਣਾ ਅਤੇ ਮਾਨ ਪ੍ਰਤਿਸ਼ਟਾ ਵਾਲਾ ਸੱਜਣ ਸੀ। ਨਾਮਧਾਰੀ ਸਿੰਘਾਂ ਨੇ ਗੁਰੂ ਰਾਮ ਸਿੰਘ ਜੀ ਦਿਆਂ ਹੁਕਮਾਂ ਅਨੁਸਾਰ ਹਕੂਮਤ ਦੀਆਂ ਸਰਕਾਰੀ ਕਚਹਿਰੀਆਂ ਦਾ ਬਾਈਕਾਟ ਕੀਤਾ ਹੋਇਆ ਸੀ। ਆਪਸ ਦੇ ਝਗੜੇ ਮੁਕਾਵਣ ਲਈ ਨਾਮਧਾਰੀਆਂ ਵਿਚੋਂ ਹੀ ਮੁਕੱਦਮੇ ਸੁਨਣ ਵਾਲੇ ਪੰਚ, ਸਰਪੰਚ, ਅਦਾਲਤੀ ਅਤੇ ਜੱਜ ਵੀ ਬਣਾਏ ਹੋਏ ਸਨ। ਗਿਆਨਾ ਸਿੰਘ ਜਾਂ ਗਿਆਨੀ ਰਤਨ ਸਿੰਘ ਮੰਡੀ ਵਾਲਾ ਹਿਠਾੜ ਸਤਲੁਜ ਦੇ ਇਲਾਕਿਆਂ ਵਿਚ ਨਾਮਧਾਰੀਆਂ ਦਾ ਵੱਡਾ ਅਦਾਲਤੀ ਮੰਨਿਆ ਜਾਂਦਾ ਸੀ। ਉਹ ਖੁਦ ਹਰ ਜਗ੍ਹਾ ਪਹੁੰਚ ਕੇ ਇਨ੍ਹਾਂ ਦੇ ਆਪਸ ਦੇ ਝਗੜਿਆਂ ਅਤੇ ਮੁਕੱਦਮਿਆਂ ਦੇ ਫੈਸਲੇ ਦਿੰਦਾ। ਇਸ ਕੰਮ ਲਈ ਉਸ ਨੂੰ ਹਰ ਸਮੇਂ ਥਾਂ ਥਾਂ ਆਉਣਾ ਜਾਣਾ ਪੈਂਦਾ ਸੀ।

ਰਾਏ ਕੋਟ ਦੇ ਮੁਕੱਦਮੇ ਵਿਚ ੩ ਕਤਲਾਂ ਬਦਲੇ ੩ ਆਦਮੀਆਂ ਨੂੰ ਫ਼ਾਸੀ ਆਈ ਸੀ। ਨਾਲ ਦੀ ਨਾਲ ਹੀ ਇਸੇ ਮੁਕੱਦਮੇ ਦਾ ਹਵਾਲਾ ਦੇ ਕੇ ਗਿਆਨਾ ਸਿੰਘ ਉਰਫ਼ ਰਤਨ ਸਿੰਘ ਮੰਡੀਵਾਲਾ ਅਤੇ ਰਤਨ ਸਿੰਘ ਨਾਈਵਾਲੀਏ ਨੂੰ ਹਿੰਦ ਡੰਡਾਵਲੀ ਦੀਆਂ ਧਾਰਾਂ ੧੦੯ ਅਤੇ ੩੦੨ ਹੇਠ ੨੧ ਸਤੰਬਰ ੧੮੭੧ ਨੂੰ ਮਜਿਸਟਰੇਟ ਨੇ ਸਿਸ਼ਨ ਦੇ ਸਪੁਰਦ ਕਰ ਦਿਤਾ। ਇਲਜ਼ਾਮ ਇਹ ਸੀ ਕਿ ਕਾਤਲਾਂ ਨੇ ਕਤਲ ਇਨ੍ਹਾਂ ਦੀ ਮਦਦ ਨਾਲ ਅਤੇ ਇਨ੍ਹਾਂ ਦੇ ਕਹੇ ਤੇ ਕੀਤੇ ਹਨ। ਮਿਸਲਾਂ ਦੇ ਪੇਟ, ਮੁਖਬਰਾਂ ਅਤੇ ਗਵਾਹਾਂ ਦੇ ਬਿਆਨਾਂ ਨਾਲ ਭਰੇ ਪਏ ਸਨ। ਸਿਸ਼ਨ ਜੱਜ ਨੇ ਦਲ ਸਿੰਘ ਅਤੇ ਗੁਲਾਬ ਸਿੰਘ ਵਾਅਦਾ ਮੁਆਫ ਸਰਕਾਰੀ ਗਵਾਹਾਂ ਅਤੇ ਦਲ ਸਿੰਘ ਦੀ ਘਰ ਵਾਲੀ ਰਾਮ ਕੌਰ ਦੀਆਂ ਗਵਾਹੀਆਂ ਦੂਜੀ ਵਾਰ ਆਪਣੀ ਕਚੇਹਰੀ ਵਿਚ ਲਈਆਂ। ਫੈਸਲੇ ਵਿਚ ਸਿਸ਼ਨ ਜੱਜ ਸਾਹਿਬ ਲਿਖਦੇ ਹਨ ਕਿ ਇਸ ਵਾਰ ਦਲ ਸਿੰਘ ਦੀ ਗਵਾਹੀ ਪਹਿਲੇ ਮੁਕੱਦਮੇ ਨਾਲੋਂ ਕਈਆਂ ਨੁਕਤਿਆਂ ਤੇ ਬਹੁਤ ਸਾਫ ਹੈ।

ਸਰਕਾਰੀ ਗਵਾਹ ਗੁਲਾਬ ਸਿੰਘ ਨੇ ਸਿਸ਼ਨ ਜੱਜ ਅਗੇ ਬਿਆਨ ਦਿਤਾ ਕਿ ਉਹ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲ ਵਿਚ ਕਾਤਲਾਂ ਨਾਲ ਸ਼ਾਮਲ ਸੀ। ਗੁਰੂ ਰਾਮ ਸਿੰਘ ਜੀ ਪਾਸੋਂ ਮਾਲਵੇ ਵਿਚ ਬੁੱਚੜਾਂ ਨੂੰ ਵੱਢਣ ਦਾ ਹੁਕਮ ਲੈ ਕੇ ਉਹ ਅਤੇ ਉਸ ਦੇ ਸਾਥੀ ਭਗਵਾਨ ਸਿੰਘ, ਲਛਮਣ ਸਿੰਘ ਅਤੇ ਜਵਾਹਰ ਸਿੰਘ ਪੈਂਡਾ ਕੱਟਕੇ ਪੰਜਵੇਂ ਦਿਨ ਪਿੰਡ ਖੁਡੀ ਗਿਆਨੀ ਸਿੰਘ ਪਾਸ ਪਹੁੰਚੇ। ਸਿਸ਼ਨ ਜੱਜ ਗੁਲਾਬ ਸਿੰਘ ਦੀ ਗਵਾਹੀ ਨੂੰ ਘੱਟ ਹੀ ਵਜ਼ਨ ਦਿੰਦਾ ਹੈ। ਫੈਸਲੇ ਵਿਚ ਲਿਖਦਾ ਹੈ ਕਿ ਮੇਰੇ ਸਾਹਮਣੇ ਭੁਗਤੇ ਗਵਾਹਾਂ ਵਿਚੋਂ ੨ ਜੱਟਾਂ ਨੂੰ ਛੱਡਕੇ ਬਾਕੀ ਦੀਦਾਰ ਸਿੰਘ ਸਾਧ, ਜੀਉਣ ਸਿੰਘ ਨੰਬਰਦਾਰ ਪਿੰਡ ਜੋਗਾ, ਕਾਲਾ ਸਿੰਘ, ਜਵਾਹਰ ਸਿੰਘ ਤੇ ਗੁਰਦਿਤ ਸਿੰਘ ਸਾਰਿਆਂ ਨੇ ਆਪਣੇ ਬਿਆਨ ਉਹੋ ਜਹੇ ਸਖਤ ਨਹੀਂ ਦਿਤੇ ਜਿਹੜੇ ਉਨ੍ਹਾਂ ਨੇ ਮੈਜਿਸਟਰੇਟ ਦੇ ਸਾਹਮਣੇ ਦਿਤੇ ਸਨ। ਪਤਾ ਲਗਾ ਹੈ ਕਿ ਮੇਰੇ ਸਾਹਮਣੇ ੨੩ ਤਰੀਖ ਨੂੰ ਮੁਕੱਦਮਾ ਸ਼ੁਰੂ ਹੋਣ ਤੋਂ ਇਕ ਦਿਨ ਪਹਿਲੋਂ ਇਹ ਭੇਣੀ ਗਏ ਸਨ। ਫੈਸਲਾ ਲਿਖਦੇ ਹੋਇਆਂ ਜੱਜ ਨੇ ਬੜੀਆਂ ਹੀ ਗੁੰਝਲਾਂ ਵਾਲੀਆਂ ਗੱਲਾਂ ਲਿਖਿਆਂ ਹਨ। ਅਖੀਰ ਨੂੰ ਮੁੜ ਘਿੜ ਕੇ ਉਹ ਗੁਲਾਬ ਸਿੰਘ ਦੇ ਗਿਆਨੀ ਸਿੰਘ ਨੂੰ ਖੁਡੀ ਮਿਲਣ ਵਾਲੀ ਗੱਲ ਤੇ ਆ ਜਾਂਦਾ ਹੈ।

ਫੈਸਲੇ ਵਾਲੀਆਂ ਸਤਰਾਂ ਵਿਚ ਲਿਖਿਆ ਹੈ ਕਿ "ਗਿਆਨੀ ਸਿੰਘ ਅਤੇ ਰਤਨ ਸਿੰਘ ਨਾਈਵਾਲੀਏ ਦੋਨਾਂ ਦਾ ਮੌੜਾਂ ਦੇ ਮੇਲੇ ਤੇ ਹਾਜ਼ਰ ਹੋਣਾ, ਤਲਵਾਰਾਂ ਕੱਠੀਆਂ ਕਰਨੀਆਂ ਅਤੇ ਹੋਰਨਾਂ ਬੰਦਿਆਂ ਨੂੰ ਬੁੱਚੜਾਂ ਦੇ ਕਤਲ ਕਰਨ ਲਈ ਚੁਕਣਾ, ਇਸ ਗੱਲ ਦੇ ਸਬੂਤ ਹਨ ਕਿ ਉਨ੍ਹਾਂ ਨੂੰ ਕਤਲਾਂ ਦੀ ਸਾਜ਼ਸ਼ ਦਾ ਪੂਰਾ ਪੂਰਾ ਇਲਮ ਸੀ। ਅਖੀਰ ਵਿਚ ਗਿਆਨੀ ਸਿੰਘ ਦਾ ਪਿੰਡ ਜੋਗੇ ਜਾ ਕੇ ਰਤਨ ਸਿੰਘ ਦੇ ਆਵਣ ਤਕ ਉਥੇ ਠਹਿਰਨਾ, ਅਤੇ ਰਤਨ ਸਿੰਘ ਨਾਲ



Sri Satguru Jagjit Singh Ji eLibrary NamdhariElibrary@gmail.com

ਆਏ ਭਗਵਾਨ ਸਿੰਘ ਕਾਤਲ ਨੂੰ ਮਿਲਣਾ, ਆਦਿ ਸਬੂਤਾਂ ਦੇ ਹੁੰਦਿਆਂ ਇਸ ਗੱਲ ਦੇ ਸ਼ੱਕ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗਿਆਨੀ ਸਿੰਘ ਨੇ ਮੁਜਰਮਾਂ ਨੂੰ ਚੁੱਕ ਦੇ ਕੇ, ਅਤੇ ਮਦਦ ਦੇ ਕੇ ਬੁੱਚੜਾਂ ਨੂੰ ਕਤਲ ਕਰਵਾਉਣ ਵਿਚ ਹਿਸਾ ਨਹੀਂ ਲਿਆ।"

ਹਿੰਦ ਡੰਡਾਵਲੀ ਦੀਆਂ ੧੦੯ ਅਤੇ ੩੦੨ ਧਾਰਾਂ ਹੇਠ ਸਿਸ਼ਨ ਜੱਜ ਨੇ ਗਿਆਨੀ ਸਿੰਘ ਮੰਡੀ ਵਾਲੇ ਅਤੇ ਰਤਨ ਸਿੰਘ ਨਾਈਵਾਲੀਏ ਨੂੰ ਫਾਂਸੀ ਦੀਆਂ ਸਜ਼ਾਵਾਂ ਦਿਤੀਆਂ। ਤਿੰਨਾਂ ਦੇਸੀ ਅਸੈਸਰਾਂ ਮੀਰ ਗੁਲਾਮ ਮੁਹੰਮਦ, ਸ੍ਰੀ ਚੰਦੂ ਲਾਲ ਅਤੇ ਸ੍ਰੀ ਕਨ੍ਹਯਾ ਲਾਲ ਨੇ ਭੀ ਦੋਸ਼ੀਆਂ ਨੂੰ ਕਤਲਾਂ ਦੇ ਮੁਜਰਮ ਕਰਾਰ ਦੇ ਕੇ ਸਾਹਿਬ ਬਹਾਦਰ ਦੇ ਫੈਸਲੇ ਦੀ ਪੁਸ਼ਟੀ ਕੀਤੀ।

ਮੁਕੱਦਮੇ ਦਾ ਫੈਸਲਾ ੨੬ ਅਕਤੂਬਰ ੧੮੭੧ ਨੂੰ ਹੋਇਆ।

ਮੈਕਨਾਬ ਸਾਹਿਬ ਨੇ ਫੈਸਲੇ ਦੀ ਨਕਲ ਆਪਣੀ ਚਿੱਠੀ ਨੰ: ੧੮੫ ਤਰੀਕ ੩੦ ਅਕਤੂਬਰ ੧੮੭੧ ਦੁਆਰਾ ਚੀਫ ਕੋਰਟ ਨੂੰ ਭੇਜ ਦਿਤੀ। ਇਹ ਫੈਸਲਾ ਫੌਜਦਾਰੀ ਮੁਕੱਦਮਾ ਨੰਬਰ ੬੫ ਸਾਲ ੧੮੭੧ ਦੇ ਹਵਾਲੇ ਨਾਲ, ਹਿੰਦ ਡੰਡਾਵਲੀ ਦੀ ਧਾਰਾਂ ੩੯੮ ਹੇਠ, ਚੀਫ ਕੋਰਟ ਦੇ ਤਿੰਨ ਜੱਜਾਂ ਸੀ, ਬੋਲੀਨੋਸ, ਸੀ. ਆਰ. ਲਿੰਡਸੇ ਅਤੇ ਜੇ ਸੀ. ਕੈਮਪਬੈੱਲ ਦੇ ਬੈਂਚ ਦੇ ਸਾਹਮਣੇ ਪੇਸ਼ ਹੋਇਆ। ਮੁਕੱਦਮੇ ਦੀ ਸਮੱਸਿਆ ਇਸ ਪ੍ਰਕਾਰ ਸੀ :—

"ਸਰਕਾਰ ਬਰਖਲਾਫ (੧) ਰਤਨ ਸਿੰਘ ਪੁੱਤਰ ਬੁਧ ਸਿੰਘ ਜ਼ਾਤ ਕੂਕਾ, ਉਮਰ ੨੮ ਸਾਲ ਪਿੰਡ ਨਾਈਵਾਲਾ, (੨) ਗਿਆਨੀ ਪੜਨਾਉਂ ਰਤਨ ਸਿੰਘ ਪੁਤਰ ਰਾਮ ਕਿਸ਼ਨ, ਜ਼ਾਤ ਕੂਕਾ, ਉਮਰ ੩੫ ਸਾਲ ਪਿਡ ਮੰਡੀ। ਜੁਰਮ, ਕਤਲ ਕਰਵੌਣ ਲਈ ਚੁਕਣਾ ਦੇਣੀ, ਹੇਠ ਹਿੰਦ ਡੰਡਾਵਲੀ ਦੀਆਂ ਧਾਰਾਂ ੧੦੯ ਅਤੇ ੩੦੨।

ਜੱਜ ਬੋਲੀਨੋਸ ਨੇ ਹਰ ਨੁਕਤੇ ਤੇ ਬੜੀ ਹੀ ਸਿਆਣਪ ਅਤੇ ਖੋਜ ਨਾਲ ਬਹਿਸ ਕੀਤੀ। ਉਸ ਨੇ ਲਿਖਿਆ ਕਿ ਸਿਸ਼ਨ ਜੱਜ ਨੇ ਰਤਨ ਸਿੰਘ ਨਾਈਵਾਲੀਏ ਦੇ ਬਿਆਨ ਨੂੰ ਗਵਾਹੀ ਬਣਾ ਕੇ ਗਿਆਨੀ ਸਿੰਘ ਨੂੰ ਮੌਤ ਦੀ ਸਜ਼ਾ ਦਿਤੀ ਹੈ। ਇਹ ਕਾਨੂੰਨ ਅਤੇ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਦੀ ਰੀਤ ਦੇ ਸਖਤ ਵਿਰੁਧ ਹੈ। ਦੋਨੋਂ ਮੁਲਜ਼ਮਾਂ ਉਤੇ ਇਕੱਠੇ ਹੀ ਇਕੋ ਜੁਰਮ ਵਿਚ ਇਕੋ ਹੀ ਮੈਜਿਸਟਰੇਟ ਦੇ ਸਾਹਮਣੇ, ਇਕੱਠਾ ਮੁਕੱਦਮਾ ਚਲ ਰਿਹਾ ਹੈ। ਇਸ ਲਈ ਜੋ ਕੁਝ ਭੀ ਰਤਨ ਸਿੰਘ ਨਾਈਵਾਲੀਆ, ਗਿਆਨੀ ਦੇ ਵਿਰੁਧ ਕਹਿੰਦਾ ਹੈ, ਕਾਨੂੰਨ ਅਨੁਸਾਰ ਉਸਨੂੰ ਗਵਾਹੀ ਤਸਲੀਮ ਨਹੀਂ ਕੀਤਾ ਜਾ ਸਕਦਾ। ਜੱਜ ਸਾਹਿਬ ਨੇ ਗੁਲਾਬ ਸਿੰਘ, ਦੀਦਾਰ ਸਿੰਘ ਸਾਧ ਮੋੜਾਂਵਾਲਾ, ਗੁਰਦਿਤ ਸਿੰਘ, ਰਾਮ ਕੌਰ, ਦਲ ਸਿੰਘ ਦੀਆਂ ਗਵਾਹੀਆਂ ਦੇ ਝੂਠ ਸੱਚ ਨੂੰ ਖ਼ੂਬ ਨਿਤਾਰਿਆ। ਇਥੋਂ ਤਕ ਲਿਖਿਆ ਕਿ ਦਲ ਸਿੰਘ ਤੇ ਰਾਮ ਕੌਰ ਆਪਣੇ ਆਪ ਨੂੰ ਬਚੌਣ ਲਈ ਗਿਆਨੀ ਦੇ ਖਿਲਾਫ ਐਸੀਆਂ ਗਵਾਹੀਆਂ ਦੇਂਦੇ ਹਨ, ਜੋ ਸੱਚ ਮੰਨੀਆਂ ਨਹੀਂ ਜਾ ਸਕਦੀਆਂ। ਇਹ ਭੀ ਲਿਖਿਆ, ਕਿ ਪੁਲੀਸ ਗਵਾਹਾਂ ਨੂੰ ਬਿਆਨ ਪੜ੍ਹਾਂਦੀ ਸਿਖਾਂਦੀ ਰਹੀ ਹੈ।

ਗੁਲਾਬ ਸਿੰਘ ਦੀ ਗਵਾਹੀ ਸਬੰਧੀ ਜੱਜ ਨੇ ਲਿਖਿਆ, ਕਿ ਇਹ ਗਵਾਹ ਗਿਆਨੀ ਸਿੰਘ ਦੇ ਖਿਲਾਫ ਬੜੀ ਸਖਤ ਗਵਾਹੀ ਦੇਂਦਾ ਹੈ। ਪਰ ਗੁਲਾਬ ਸਿੰਘ ਦੀ ਗਵਾਹੀ ਇਕ ਵਾਅਦਾ ਮੁਆਫ ਗਵਾਹ ਦੀ ਗਵਾਹੀ ਹੈ ਅਤੇ ਐਸੀ ਸੂਰਤ ਵਿਚ ਇਸ ਦੀ ਗਵਾਹੀ ਵਿਚ ਉਹ ਸਾਰੀਆਂ ਉਕਾਈਆਂ ਅਤੇ ਤਰੁੱਟੀਆਂ ਹਨ, ਜੋ ਐਸੇ ਗਵਾਹਾਂ ਦੀਆਂ ਗਵਾਹੀਆਂ ਵਿਚ ਹੁੰਦੀਆਂ ਹਨ। ਜੀਉਣ ਸਿੰਘ ਅਤੇ ਕਾਲਾ ਸਿੰਘ ਦੀਆਂ ਗਵਾਹੀਆਂ ਗਿਆਨੀ ਦੇ ਖਿਲਾਫ ਨਹੀਂ ਜਾਂਦੀਆਂ।

ਅਖੀਰ ਵਿਚ ਜੱਜ ਲਿਖਦਾ ਹੈ, ਕਿ ਮੈਂ ਮੁਕੱਦਮੇ ਦੇ ਸਾਰੇ ਪਹਿਲੂਆਂ ਨੂੰ ਵਿਚਾਰ ਕੇ ਮੌਤ ਦੀ ਸਜ਼ਾ ਦੇਣ ਤੋਂ ਝਿਜਕਦਾ ਹਾਂ। ਐਸੇ ਮੁਕੱਦਮਿਆਂ ਵਿਚ ਅਦਾਲਤ ਨੂੰ ਆਪਣੀ ਮਰਜ਼ੀ ਵਰਤਣ ਦੀ ਇਜਾਜ਼ਤ ਹੈ, ਸੋ ਮੈਂ ਬੜੇ ਜ਼ੋਰਦਾਰ ਤੌਰ ਤੇ ਮਹਿਸੂਸ ਕਰਦਾ ਹਾਂ, ਕਿ ਇਸ ਮੁਕੱਦਮੇ ਵਿਚ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਮਿਸਲ ਵਿਚ ਆਈਆਂ ਗਵਾਹੀਆਂ ਤੋਂ ਇਹ ਸਾਬਤ ਨਹੀਂ ਹੁੰਦਾ, ਕਿ ਗਿਆਨੀ ਨੇ ਸੱਚਮੁਚ ਇਨ੍ਹਾਂ ਕਤਲਾਂ ਵਿਚ ਸਿੱਧਾ ਹਿੱਸਾ ਲਿਆ ਹੈ। ਇਹ ਹੋ ਸਕਦਾ ਹੈ, ਕਿ ਕਤਲਾਂ ਦੀਆਂ ਸਲਾਹਾਂ ਵਿਚ ਉਹ ਭੀ ਰਾਏ ਦਿੰਦਾ ਰਿਹਾ ਹੋਵੇ। ਜੱਜ ਸਾਹਿਬ ਨੇ ਫ਼ੈਸਲਾ ਦਿਤਾ, ਕਿ ਮੈਂ ਗਿਆਨੀ ਜੀ ਦੀ ਮੌਤ ਦੀ ਸਜ਼ਾ ਨੂੰ ਬਦਲ ਕੇ ਇਸ ਨੂੰ ਕਾਲੇ ਪਾਣੀ ਦੀ ਸਜ਼ਾ ਦਿੰਦਾ ਹਾਂ ਅਤੇ ਰਤਨ ਸਿੰਘ ਨਾਈਵਾਲੀਏ ਨੂੰ ਭੀ ਮੌਤ ਦੀ ਸਜ਼ਾ ਬਦਲ ਕੇ ਕਾਲੇ ਪਾਣੀ ਦੀ ਸਜ਼ਾ ਦੇਂਦਾ ਹਾਂ।

ਜੱਜ ਸਾਹਿਬ ਬੋਲੀਨੋਸ ਨੇ ਆਪਣਾ ਇਹ ਫੈਸਲਾ ੧੧ ਨਵੰਬਰ ੧੮੭੧ ਨੂੰ ਲਿਖਿਆ।



Sri Satguru Jagjit Singh Ji eLibrary NamdhariElibrary@gmail.com

ਜੱਜ ਕੈਮਬੈਲ ਨੇ ਆਪਣਾ ਫੈਸਲਾ ੧੪ ਨਵੰਬਰ ੧੮੭੧ ਨੂੰ ਲਿਖਿਆ। ਉਸ ਨੇ ਫੈਸਲੇ ਵਿਚ ਇਸ ਮੁਕੱਦਮੇ ਨੂੰ ਇਕ ਨੀਮ ਸਿਆਸੀ ਸ਼ਕਲ ਦੇ ਕੇ ਮੁਲਜ਼ਮਾਂ ਲਈ ਸਿਸ਼ਨ ਜੱਜ ਵਾਲੀ ਫਾਂਸੀ ਦੀ ਸਜ਼ਾ ਹੀ ਪਕੀ ਕਰ ਦਿਤੀ।

ਜੱਜ ਲਿੰਡਸੇ ਨੇ ੨੩ ਨਵੰਬਰ ੧੮੭੧ ਨੂੰ ਥੋੜੇ ਸ਼ਬਦਾਂ ਵਿਚ ਆਪਣਾ ਫੈਸਲਾ ਦਿੰਦਿਆਂ ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ਸਿਸ਼ਨ ਜੱਜ ਵਲੋਂ ਦਿਤੀਆਂ ਗਈਆਂ ਮੌਤ ਦੀਆਂ ਸਜ਼ਾਵਾਂ ਪੱਕੀਆਂ ਕਰ ਦਿੱਤੀਆਂ।

੨੬ ਨਵੰਬਰ ੧੮੭੧ ਵਾਲੇ ਦਿਨ ਦੋਨਾਂ ਨਾਮਧਾਰੀ ਸਜਣਾਂ ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਫ਼ਾਂਸੀਆਂ ਦਿਤੀਆਂ ਗਈਆਂ। ਸਤਿਗੁਰ ਬਿਲਾਸ ਵਿਚ ਇਨ੍ਹਾਂ ਦੇ ਫ਼ਾਂਸੀ ਚੜ੍ਹਨ ਦਾ ਹਾਲ ਇਸ ਪ੍ਰਕਾਰ ਦਿੱਤਾ ਹੈ:

"ਫ਼ਾਂਸੀ ਵਾਲੇ ਦਿਨ ਦਹੀਂ ਨਾਲ ਇਸ਼ਨਾਨ ਕੀਤਾ, ਚਿੱਟੀਆਂ ਪੁਸ਼ਾਕਾਂ ਕਹਿਕੇ ਬਣਵਾਈਆਂ ਸਨ। ਚਿੱਟੀਆਂ ਪੁਸ਼ਾਕਾਂ ਨਾਲ ਚੜ੍ਹਾਂਗੇ। ਇਹ ਨੀਲੀ ਨਹੀਂ ਪਾਵਣੀ ਹੈ, ਨਾਲੇ ਤੰਦੀ ਨਹੀਂ ਗਲ ਵਿਚ ਪਾਵਣੀ, ਪੱਟ ਕੀਆਂ ਲਾਸਾਂ ਬਣਵਾਈਆਂ ਸੀਆਂ ਕਹਿਕੇ, ਫਾਂਸੀ ਗਡਵਾਈ, ਫ਼ੌਜਾਂ ਆਈਆਂ, ਹੋਰ ਲੋਕ ਭੀ ਬਹੁਤ ਆਏ ਦੇਖਣ, ਧਰਮ ਕੇ ਨਮਿਤ ਸਿੰਘ ਸ਼ਹੀਦ ਹੁੰਦੇ ਹੈ। ਬਾਬੇ ਗਿਆਨਾ ਸਿੰਘ ਨੂੰ ਲਾਲੀਆਂ ਦਗਦੀਆਂ ਹਨ। ਫਰੰਗੀ ਬੇਗੁਨਾਹਾਂ ਦੋਹਾਂ ਨੂੰ ਫ਼ਾਂਸੀ ਦੇਣ ਲਗੇ ਹੈਂ; ਕਿਉਂਕਿ ਕਤਲ ਵਿਚ ਨਾਂ ਸੇ, ਮੁਕਬਲਾਂ ਦੇ ਕਹੇ ਕਹਾਏ। (ਬਾਬੇ ਗਿਆਨਾ ਸਿੰਘ ਨੇ ਰਤਨ ਸਿੰਘ ਨੂੰ) ਬਚਨ ਕੀਤਾ "ਚੁਕਾ ਨਿਹੋਰਾ ਮੇਰੀ ਸਖੀ ਸਹੇਰੀ, ਭਰਮ ਗਿਆ ਗੁਰ ਪਿਰ ਸੰਗ ਮੇਰੀ"। ਜਾਂ ਬਾਬੇ ਗਿਆਨਾ ਸਿੰਘ ਤਖਤੇ ਪਰ ਚੜ੍ਹੇ, ਤਾਂ ਬੋਲਾ ਕੀਤਾ: ਬਿਲਿਆ ਮੂੰਹ ਤੇ ਸਾਹਮਣੇ ਰੱਖ, ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਫੇਰ ਆਇਆ ਜਾਣ, ਜੁਆਨ ਹੋ ਕੇ ਬਦਲੇ ਲਵਾਂਗੇ। ਸੁਣ ਓਏ ਬਿਲਿਆ ਤੇਰੀ ਮਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲੱਗੀ ਹੈ। ਮੈਨੂੰ ਮਾਰ ਕੇ ਕੋਈ ਬੰਦ ਤਾਂ ਨਹੀਂ ਹੋਏ ਜਾਣੇਂ ਹੈਂ। ਜਿਨ੍ਹਾਂ ਨੇ ਤੁਹਾਨੂੰ ਮਾਰਨਾ ਹੈ, ਸੋ ਰਾਮਦਾਸਪੁਰੇ ਮੇਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰਸੀ। ਇਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ। ਸ਼ੇਸ਼ਨਾਗ ਤਾਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰਸੀ। ਜੋ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੂਆ। ਤੁਹਾਡਾ ਕਾਲ ਤੁਹਾਡੇ ਸਿਰ ਉਤੇ ਬੈਠਾ ਹੈ...ਅਸੀਂ ਭੀ ਕਿਧਰੇ ਨਹੀਂ ਜਾਣਾ ਹੈ, ਕੋਈ ਮਾਓਂ ਜਣੇਗੀ ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ...ਤੁਸਾਂ ਦੇ ਤਹਿਤ ਨੂੰ ਉਠਾਵਾਂਗੇ, ਤੁਸਾਂ ਦੇ ਸਾਥ ਲੜਾਈ ਕਰਾਂਗੇ। ਬੋਲ ਕੀਤਾ:

ਸਾਂਈ ਨਾਲ ਤਿਨ੍ਹਾਂ ਦਾ ਦਾਵਾ,<br>
ਜਿਨ੍ਹਾਂ ਸਿਰ ਸਾਂਈ ਨੂੰ ਦਿਤਾ।<br>
ਬਹੁਤੀ ਥਾਵੇਂ ਚਿਤ ਚਾਇ ਖਲੋਤਾ,<br>
ਇਕ ਸਾਕ ਸਾਂਈ ਨਾਲ ਕਿਤਾ।<br>
ਜੇਸੀ ਲਾਵਣ ਤੋੜ ਨਿਭਾਵਣ,<br>
ਕਦੇ ਨਾ ਫੇਰਨ ਚਿਤਾ।<br>
ਬਿਨ ਸਿਰ ਦਿਤਿਆਂ ਸ਼ਹੁ ਨਹੀਂ ਮਿਲਦਾ,<br>
ਲਖਾਂ ਜੇਹੀ ਗੱਲ ਇਕਾ।

ਆਪ ਫ਼ਾਂਸੀ ਪਾਈ ਗਲ ਦੋਹਾਂ ਨੇ, ਸਤਿ ਸ੍ਰੀ ਅਕਾਲ ਬੁਲਾਈ ਅਰਦਾਸਾ ਕਰਕੇ, ਪਟੜਾ ਪੈਰਾਂ ਹੇਠੋਂ ਖਿਚ ਲਿਆ, ਤਾਂ ਅੰਤ ਕਾ ਝੂਟਾ ਆਇਆ, ਪ੍ਰਾਣ ਜੁਦਾ ਹੋਏ, ਦੋਨਾਂ ਸਿੰਘਾਂ ਕੋ ਬੁਢੇ ਦਰਿਆਏ ਤੇ ਲਜਾਇਕੇ ਦਾਹ ਦਿਤਾ ਹੈ। ਭੋਗ ਪਵਾਏ।"

ਇਨ੍ਹਾਂ ਮੁਕੱਦਮਿਆਂ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹਣ ਵਿਚ ਹਰ ਪ੍ਰਕਾਰ ਦੀ ਮਦਦ ਕਰਨ ਬਦਲੇ ਸਰਕਾਰ ਅੰਗਰੇਜ਼ੀ ਵਲੋਂ ਮਹਾਰਾਜਾ ਮਹਿੰਦਰ ਸਿੰਘ ਜੀ ਸਾਹਿਬ ਬਹਾਦੁਰ ਪਟਿਆਲਾ ਦਾ ਬਹੁਤ ਬਹੁਤ ਧੰਨਯਵਾਦ ਕੀਤਾ ਗਿਆ। ਇਨਸਪੈਕਟਰ ਪੁਲੀਸ ਸਰਦਾਰ ਨਰੈਣ ਸਿੰਘ ਨੂੰ ਈ. ਏ. ਸੀ. ਬਣਾ ਕੇ ਲੁਧਿਆਣੇ ਖਾਸ ਨਾਮਧਾਰੀਆਂ ਨੂੰ ਦਬੌਣ ਅਤੇ ਤਬਾਹ ਕਰਨ ਦੀ ਡਿਊਟੀ ਤੇ ਲਾ ਦਿਤਾ ਗਿਆ। ਇੰਨਸਪੈਕਟਰ ਇਮਦਾਦ ਅਲੀ ਨੂੰ ਤਰੱਕੀ ਦੇ ਕੇ ਵੱਡਾ ਅਫਸਰ ਬਣਾਇਆ ਗਿਆ।



Sri Satguru Jagjit Singh Ji eLibrary NamdhariElibrary@gmail.com

# ਭਾਰਤੀ ਚਿੰਤਨ 'ਚ ਪ੍ਰਤੀਕਵਾਦ

□ਤਰਲੋਕ ਮਨਸੂਰ

ਅਸੀਂ ਰੇਲ ਗੱਡੀ ਵਿਚ ਬੈਠੇ ਜਾਂ ਬਸ ਰਾਹੀਂ ਸਫਰ ਕਰਦੇ ਹਾਂ। ਕੋਈ ਨਦੀ ਪਾਰ ਕਰਨ ਲਗਦੇ ਹਾਂ। ਕੀ ਵੇਖਦੇ ਹਾਂ ਸਵਾਰੀਆਂ ਚੋਂ ਬਹੁਤ ਸਾਰੇ ਸ਼ਰਧਾਵਾਨ ਪ੍ਰਾਣੀ ਜੇਬਾਂ ਚੋਂ ਸਿੱਕੇ ਕਢ ਕਢ ਨਦੀ ਵਿਚ ਸੁਟਦੇ ਤੇ ਸੀਸ ਨਿਵਾਂਦੇ ਹਨ। ਕਈਆਂ ਦੀ ਜੇਬ ਚੋਂ ਧਾਤ ਦਾ ਕੋਈ ਸਿੱਕਾ ਨਹੀਂ ਨਿਕਲਦਾ ਤਾਂ ਉਹ ਰੁਪਿਆ ਦੋ ਰੁਪਏ ਦਾ ਨੋਟ ਸੁਟ ਕੇ ਹੀ ਮੱਥਾ ਟੇਕ ਦੇਂਦਾ ਹੈ।

ਜਿਸ ਕਿਸੇ ਨੂੰ ਵੀ ਸਨਿਆਸ ਲੈਣ ਦਾ ਚਾਅ ਉਠਦਾ ਹੈ ਉਹ ਗੇਰੂਏ ਕਪੜੇ ਪਾ ਕੇ ਘਰੋਂ ਨਿਕਲ ਜਾਂਦਾ ਹੈ, ਉਹ ਹਰੇ ਜਾਂ ਨੀਲੇ ਕਪੜੇ ਕਿਉਂ ਨਹੀਂ ਪਹਿਨਦਾ ?

ਮਨੁੱਖੀ ਨੈਣਾਂ ਨਕਸ਼ਾਂ ਵਾਲੇ ਦੇਵੀ ਦੇਵਤਾ ਤਾਂ ਚਲੋ ਹੋਏ ਉਹਨਾਂ ਦੀ ਪੂਜਾ ਤਾਂ ਮਨ ਲਈ ਪਰ ਇਹ ਥਾਂ ਥਾਂ ਤੇ ਧਰੇ ਸ਼ਿਵਲਿੰਗ ? ਇਸ ਗੋਲ ਤੇ ਲੰਬੂਤਰੇ ਅਕਾਰ ਦੇ ਪੱਥਰ ਚਿੰਨ੍ਹ ਨਾਲ ਮਨੁਖ ਦਾ ਕੀ ਵਾਸਤਾ ? ਇਹਦੀ ਪੂਜਾ ਕਾਹਦੇ ਲਈ ?

ਪਿੱਪਲ ਨੂੰ ਬ੍ਰਾਹਮਣਾ-ਦੇਵਤਾ ਦਸਦੇ ਹਨ। ਵਿਸ਼ਨੂੰ ਮਹਾਰਾਜ ਦੀ ਧੁੰਨੀ ਵਿਚੋਂ ਖਿਲਿਆ ਕੰਵਲ ਫੁਲ ? ਤੁਸਾਂ ਕਦੇ ਵੇਖਿਆ ਜਾ ਸੁਣਿਆ ਹੈ ਕਿਸੇ ਮਨੁਖ ਦੀ ਧੁਨੀ ਚੋਂ ਕੰਵਲ-ਫੁਲ ਜਾਂ ਗੁਲਾਬ-ਫੁਲ ਖਿਲਦਾ ? ਤੇ ਚੰਗੇ ਭਲੇ ਬੰਦੇ ਦੀ ਸ਼ਕਲ ਵਾਲੇ ਗਣੇਸ਼ ਜੀ ਦੇ ਚਿਹਰੇ ਉਤੇ ਨੱਕ ਦੀ ਥਾਂ ਹਾਥੀ ਦੀ ਸੁੰਡ ?

ਕਿਹਾ ਅੰਧ ਵਿਸ਼ਵਾਸ ਹੈ ਇਹ ? ਤੇ ਸਿਧੇ ਸਾਦੇ ਲੋਕ ਇਹਨਾਂ ਅਗੇ ਸਦੀਆਂ ਤੋਂ ਮੱਥੇ ਰਗੜਦੇ ਆ ਰਹੇ ਹਨ ਬਿਨਾਂ ਕਿਓਂ ? ਕਿਵੇਂ ? ਪੁਛਿਆਂ।

ਭਾਈ ਸਾਹਬ ਇਹ ਅੰਧ-ਵਿਸ਼ਵਾਸ ਨਹੀਂ ਨਾ ਹੀ ਇਹਦੇ ਵਿਚ ਕੋਈ ਵਿਗਿਆਨਕ ਉਕਾਈ ਹੈ ਤੇ ਨਾ ਹੀ ਕਿਉਂ, ਕਿਵੇਂ, ਦੀ ਗੁੰਜਾਇਸ਼। ਇਹ ਸਭ ਇਕ ਤਰ੍ਹਾਂ ਦੇ ਪ੍ਰਤੀਕ ਹਨ, ਸਿੰਬਲ, ਜੋ ਸਾਨੂੰ ਭਾਰਤੀ ਚਿੰਤਨ ਦੀ ਦੇਣ ਹਨ ਤੇ ਕਿਸੇ ਇਹਨਾਂ ਪ੍ਰਤੀਕਾਂ ਦੇ ਪਿਛੇ ਵਿਗਿਆਨਕ ਅਧਿਆਤਮਕ ਤੇ ਸਮਾਜਕ ਤੱਥ ਹਨ ਜਿਨ੍ਹਾਂ ਵਲ ਇਹ ਪ੍ਰਤੀਕ ਇਸ਼ਾਰਾ ਕਰਦੇ ਹਨ ਜਾਂ ਉਸ ਸੱਚ ਦੀ ਦਸ ਪਾਂਦੇ ਹਨ। ਸਮੇਂ ਦੀ ਧੂੜ ਨੇ ਉਹਨਾਂ ਸਚਾਈਆਂ, ਮਾਨਤਾਵਾਂ ਤੇ ਭਾਵਨਾਵਾਂ ਨੂੰ ਤਾਂ ਧੁੰਦਲਾ ਦਿਤਾ ਹੈ, ਪਰ ਉਹਨਾਂ ਪ੍ਰਤੀ ਵਰਤੇ ਜਾਂਦੇ ਚਿਨ੍ਹ/ਪ੍ਰਤੀਕ ਸ਼ਰਧਾ ਕਾਰਨਾਂ ਪੂਜਾ ਦੀ ਵਸਤੂ ਬਣਾ ਕੇ ਰਹਿ ਗਏ ਹਨ।

ਗਲ ਸ਼ਿਵਲਿੰਗ ਤੋਂ ਹੀ ਸ਼ੁਰੂ ਕਰ ਲੈਂਦੇ ਹਾਂ— ਭਾਰਤੀ ਚਿੰਤਨ ਵਿਚ ਵਾਹਿਗੁਰੂ ਸਿਰਜਣਾ-ਹਾਰ ਨੂੰ ਚਾਨਣਾ ਦੇ ਪੁੰਜ ਨਿਆਈ ਚਿਤਵਿਆ ਗਿਆ ਹੈ। ਠੰਡ ਵਰਤਾਂਦੀ ਸਦ ਰਹਿਣੀ, ਲਟ ਲਟ ਜਗਦੀ ਜੋਤ। ਸਿਮਰਨ ਸਮੇਂ ਵਾਹਿਗੁਰੂ ਦਾ ਧਿਆਨ ਧਰਨਾ ਹੈ, ਪਰ ਉਹ ਤੇ ਨਿਰਾਕਾਰ ਹੈ। ਜਿਸ ਦਾ ਕੋਈ ਨਿਸਚਿਤ ਰੂਪ ਰੰਗ ਨਹੀਂ ਉਸ ਤੇ ਧਿਆਨ ਕਿਵੇਂ ਟਿਕੇ ? ਸੋ ਉਸ ਦੀ ਪਹਿਚਾਣ ਲਈ ਨੂਰੀ ਜੋਤ ਦਾ ਰੂਪ ਕਲਪਿਆ ਗਿਆ। ਹੁਣ ਤੁਸੀਂ ਜਗਦੀ ਹੋਈ ਮੋਮਬੱਤੀ ਜਾਂ ਦੀਵੇ ਦੀ ਲਾਟ ਤੇ ਨਜ਼ਰ ਟਿਕਾਉ।-ਕਲਿਤਣ ਦੀ ਭਾਹ ਮਾਰਦਾ ਇਕ ਗੋਲ ਤੇ ਲੰਬੂਤਰਾ ਜਿਹਾ ਅਕਾਰ ਜਾਂ ਹਾਲਾ ਜਿਹਾ ਦਿਸ ਆਉਂਦਾ ਹੈ। ਇਹੀ ਠੋਸ ਰੂਪ ਵਿਚ ਸ਼ਿਵਲਿੰਗ ਹੈ। ਸ਼ਿਵ, ਉਸ ਕਲਿਆਣਕਾਰੀ ਤੇ ਸੁਖ-ਦਾਤੇ ਦਾ ਨਾਂਅ ਹੈ। ਗੁਰੂ ਗੋਬਿੰਦ ਸਿੰਘ ਏਸੇ ਸ਼ਿਵ ਨੂੰ ਅਰਜੋਈ ਕਰਦੇ ਹਨ—'ਦੇਹ ਸਿਵਾ ਬਰ ਮੋਹਿ ਇਹੈ......' ਪਤਾ ਨਹੀਂ ਕਦ ਤੇ ਕਿਵੇਂ ਚਤਰੂ ਪੰਡਤਾਂ ਨੇ ਜਾਂ ਕਿਸੇ ਸ਼ਿਵ ਜੀ-- ਭਗਤ ਨੇ ਇਸ ਰਬੀ ਪ੍ਰਤੀਕ ਨੂੰ ਦੇਵਤਿਆਂ ਦੀ ਤ੍ਰਿਕੜੀ ਚੋਂ ਸ਼ਿਵ ਜੀ ਦੇਵਤੇ ਦਾ ਮਰਦ-ਲਿੰਗ ਬਣਾ ਦਿਤਾ ਤੇ ਇਹ ਪਰਚਾਰਿਆ ਕਿ ਇਸ ਦੀ ਪੂਜਾ ਨਾਲ ਬਾਂਝ ਤੀਵੀਆਂ ਦੇ ਵੀ ਔਲਾਦ ਹੁੰਦੀ ਹੈ।

ਸਵਾਸਤਿਕ ਚਿਨ੍ਹ—ਹਿੰਦੂ ਘਰਾਂ ਵਿਚ ਘਰਾਂ ਦੇ ਵੇਹੜਿਆਂ ਵਿਚ ਚੂਨੇ ਨਾਲ ਜਾਂ ਚਿੱਟੀ ਮਿੱਟੀ ਨਾਲ ਇਕ ਮਧਾਣੀਂ-ਗੁਲ ਨਿਸ਼ਾਨ ਬਣਾਇਆ ਜਾਂਦਾ ਹੈ:—ਇਸ ਚਿਨ੍ਹ ਦੀ ਜੋਤਿਸ਼ ਵਿਦਿਆ ਵਿਚ ਵੀ ਆਮ ਵਰਤੋਂ ਕੀਤੀ ਜਾਂਦੀ ਹੈ। ਇਹਦੇ ਕੀ ਅਰਥ ਹਨ ? ਇਹ ਕਿਉਂ ਬਨਾਇਆ ਜਾਂਦਾ ? ਸ਼ਾਇਦ ਹੀ ਕੋਈ ਹਿੰਦੂ ਇਸ ਦਾ ਭਾਵ-ਅਰਥ ਦਸੇ। ਭਾਰਤੀ ਚਿੰਤਨ ਵਿਚ ਸਮੇਂ ਦੀ ਕਾਲ ਵੰਡ ਕੀਤੀ ਗਈ ਹੈ ਤੇ ਇਸਦੇ ਚਾਰ ਜੁਗ ਬਨਾ ਦਿਤੇ ਗਏ ਹਨ--ਸਤਿਜੁਗ, ਦੁਆਪਰ, ਤ੍ਰੇਤਾ ਤੇ ਕਲਜੁਗ, ਮਧਾਣੀਂ ਗੁਲ ਨਾਲ ਬਨਾਈਆਂ ਭੁਜਾਵਾਂ ਇਹਨਾਂ ਜੁਗਾਂ ਦੇ ਸੁਭਾਅ ਲਛਣਾਂ ਆਦਿ ਦੇ ਅਰਥਾਂ ਵਲ ਇਸ਼ਾਰਾ ਕਰਦੀਆਂ ਹਨ।

ਵਿਸ਼ਨੂੰ ਦੀ ਨਾਭੀ 'ਚ ਕੰਵਲ-ਫੁਲ :—ਤਿਨਾਂ ਦੇਵਤਿਆਂ ਚੋਂ ਬ੍ਰਹਮਾ ਪੈਦਾ ਕਰਨ ਵਾਲਾ ਮੰਨਿਆ ਗਿਆ ਹੈ। ਸ਼ਿਵਜੀ ਵਿਨਾਸ਼ ਕਰਨ ਵਾਲਾ ਤੇ ਵਿਸ਼ਨੂੰ ਪਾਲਣਾ-ਹਾਰ,



Sri Satguru Jagjit Singh Ji eLibrary NamdhariElibrary@gmail.com

ਉਹ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ। ਕਿਸੇ ਨੂੰ ਕੁਝ ਦੇ ਤਾਂ ਉਹੀ ਸਕਦਾ ਹੈ, ਜਿਸਦੇ ਹਿਰਦੇ ਵਿਚ ਦਇਆ ਭਾਵ ਹੋਵੇ, ਪ੍ਰੇਮ-ਮਈ ਤੇ ਕੋਮਲ-ਚਿੱਤ। ਕੰਵਲ ਫੁਲ ਨੂੰ ਭਾਰਤੀ ਚਿੰਤਨ ਵਿਚ ਕੋਮਲਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਏਸੇ ਲਈ ਵਿਸ਼ਨੂੰ ਦੇ ਹਿਰਦੇ ਦੀ ਕੋਮਲਤਾ ਨੂੰ ਦਰਸਾਣ ਲਈ ਉਹਦੀ ਨਾਭੀ ਵਿਚ ਕੰਵਲ ਉਗਾਇਆ ਗਿਆ ਹੈ। ਜਿਹੜਾ ਦਾਨੀ ਹੋਵੇ ਉਸ ਲਈ ਅਸੀਂ ਆਖਦੇ ਹਾਂ 'ਉਹ ਦੂਹੀਂ ਦੂਹੀਂ ਹਥੀਂ ਲੁਟਾਂਦਾ ਹੈ। ਤੇ ਫਿਰ ਵਿਸ਼ਨੂੰ ਭਗਵਾਨ ਦੇ ਕਿਉਂ ਨਾਂ ਚਾਰ ਚਾਰ ਬਾਹਵਾਂ ਲਾਈਆਂ ਜਾਣ।

ਵਗਦੇ ਪਾਣੀ 'ਚ ਪੈਸੇ ਸੁਟਣਾ—ਅੱਜ ਮਨੁਖੀ ਜੀਵਨ ਦੀ ਦੂਜੀ ਵਡੀ ਲੋੜ ਪਾਣੀ, ਟਿਊਬਵੈਲਾਂ ਰਾਹੀਂ ਵੀ ਪੂਰੀ ਹੁੰਦੀ ਹੈ, ਹੈਂਡ-ਪੰਪਾਂ ਰਾਹੀਂ ਵੀ ਤੇ ਨਗਰ ਨਿਗਮਾਂ ਵਲੋਂ ਘਰ ਘਰ 'ਚ ਲਾਏ ਨਲਕਿਆਂ ਨਾਲ ਵੀ। ਪਰ ਪੁਰਾਤਨ ਸਮਿਆਂ 'ਚ ਪਾਣੀ ਦਾ ਸ੍ਰੋਤ ਦਰਿਆ/ਨਦੀਆਂ ਹੀ ਹੁੰਦੇ ਸਨ। ਸਾਡੀ ਸਨਾਤਨ ਸਭਿਅਤਾ ਇਹਨਾਂ ਵਗਦੇ ਪਾਣੀਆਂ ਦੇ ਕੰਢਿਆਂ ਤੇ ਹੀ ਫਲੀ ਫੁਲੀ ਹੈ। ਇਹਨਾਂ ਪਾਣੀਆਂ ਨੂੰ ਡੰਗਰਾਂ ਦੇ ਨੁਹਾਣ ਵਾਸਤੇ ਵੀ ਵਰਤਿਆ ਜਾਂਦਾ ਸੀ, ਕਪੜੇ ਧੋਣ ਲਈ ਵੀ, ਮਤਲਬ ਸਭ ਗੰਦ ਮੰਦ ਏਸੇ ਵਿਚ ਧੋਤਾ ਜਾਂਦਾ ਸੀ। ਸਾਡੇ ਪੁਰਾਤਨ ਵਿਗਿਆਨਕਾਂ ਨੇ ਜਿਨ੍ਹਾਂ ਨੂੰ ਅਸੀਂ ਰਿਸ਼ੀ ਆਖਦੇ ਹਾਂ ਇਸ ਤੱਥ ਦਾ ਪਤਾ ਲਾ ਲਿਆ ਸੀ ਕਿ ਜੇ ਤਾਂਬੇ ਨੂੰ ਪਾਣੀ ਵਿਚ ਸੁਟਿਆ ਜਾਵੇ ਤਾਂ ਇਸ ਤੋਂ ਪੈਦਾ ਹੋਈ ਰਸਾਇਣਕ ਕਿਰਿਆ ਨਾਲ ਪਾਣੀ ਸ਼ੁਧ ਹੋ ਜਾਂਦਾ ਹੈ। ਸੋ ਟੁੱਟ ਭਜ ਗਏ ਤਾਂਬੇ ਦੇ ਬਰਤਨ ਪਾਣੀਆਂ ਵਿਚ ਸੁਟੇ ਜਾਂਦੇ ਸਨ। ਵਕਤ ਪਾ ਕੇ ਬਰਤਨ ਤਾਂ ਸਿਲਵਰ ਅਤੇ ਕਹੇਂ ਦੇ ਬਣਨ ਲਗ ਪਏ ਤੇ ਸਿਕੇ ਤਾਂਬੇ ਦੇ ਨਿਕਲ ਆਏ। ਰਿਵਾਜ ਨੂੰ ਚਲਦਾ ਰਖਣ ਲਈ ਇਹ ਸਿਕੇ ਨਦੀਆਂ ਵਿਚ ਪਾਏ ਜਾਣ ਲਗੇ। ਅੱਜ ਤਾਂਬੇ ਦੇ ਸਿਕੇ ਅਤੀਤ ਦੀ ਕਹਾਣੀ ਹੋ ਗਏ ਹਨ ਤੇ ਲੋਕ ਵਿਚਾਰੇ ਇਸ ਗਲੋਂ ਡਰਦੇ ਕਿ ਸ਼ਰਧਾ ਨੂੰ ਆਂਚ ਨਾ ਆ ਜਾਵੇ, ਕਾਗਜ਼ ਤੋਂ ਬਣੇ ਨੋਟ ਹੀ ਵਗਾਹੀ ਜਾਂਦੇ ਹਨ।

ਪਿੱਪਲ ਦੇਵਤਾ—ਅਧਿਆਤਮਵਾਦੀ ਮਿਸਾਲ ਦੇਂਦੇ ਹਨ ਕਿ ਮਨੁੱਖੀ ਮਨ ਪਿੱਪਲ ਦੇ ਪੱਤੇ ਦੇ ਨਿਆਈਂ ਹੈ। ਇਹ ਇਕ ਛਿਣ ਵੀ ਸਥਿਰ ਨਹੀਂ ਹੋ ਸਕਦਾ, ਟਿਕਦਾ ਨਹੀਂ। ਪਿੱਪਲ ਪੱਤੇ ਦੀ ਬਨਾਵਟ ਹੀ ਅਜੇਹੀ ਹੈ—ਲੰਮੀ ਡੰਡੀ ਤੇ ਅੱਗੋਂ ਚੌੜਾ ਪੱਤਾ। ਹਵਾ ਦੀ ਸਰਸਰਾਹਟ ਨਾਲ ਵੀ ਹਲੋਰੇ ਲੈਂਦਾ ਰਹਿੰਦਾ ਹੈ। ਜਦੋਂ ਦੂਜੇ ਰੁੱਖਾਂ ਦੇ ਪੱਤੇ ਰਾਤ ਪਈ, ਸਿਰ ਸੁਟ ਕੇ ਆਰਾਮ ਕਰਦੇ ਹਨ, ਇਹ ਉਸ ਵਕਤ ਵੀ ਕੁਝ ਨਾ ਕੁਝ ਹਿੱਲਦਾ ਹੀ ਰਹਿੰਦਾ ਹੈ। ਏਸ ਲਈ ਇਹ ਰਾਤ ਨੂੰ ਵੀ ਆਕਸੀਜਨ ਦੇਂਦਾ ਹੈ; ਜਦਕਿ ਦੂਜੇ ਰੁੱਖ ਦਿਨੇ ਆਕਸੀਜਨ (ਸ਼ੁਧ ਹਵਾ) ਦੇਂਦੇ ਹਨ ਤੇ ਰਾਤ ਨੂੰ ਕਾਰਬਨ ਛੱਡਦੇ ਹਨ। ਆਕਸੀਜਨ ਜੀਵਨ ਦਾਤੀ ਹੈ, ਇਸ ਲਈ ਇਹਦੇ ਦੇਵਣਹਾਰ ਪਿੱਪਲ ਦੇ ਸਾਨੂੰ ਰਿਣੀ ਹੋਣਾ ਬਣਦਾ ਹੈ। ਤਾਹੀਏਂ ਸਤਿਕਾਰ ਵਜੋਂ ਇਹਨੂੰ ਬ੍ਰਾਹਮਣ-ਦੇਵਤਾ ਮੰਨ ਲਿਆ ਗਿਆ ਹੈ। ਲੋਕ ਇਹਦੇ ਗੁਣ ਦਰਸਾਂਦੇ ਅਰਥ ਤਾਂ ਭੁਲ ਗਏ ਹਨ, ਪਰ ਇਹਨੂੰ ਸੰਧੂਰ ਮਲ ਕੇ ਤੇ ਇਸ ਥੱਲੇ ਦੀਵਾ ਜਲਾਨ ਦੀ ਪ੍ਰਥਾ ਨੂੰ ਪੀੜ੍ਹੀ ਦਰ ਪੀੜ੍ਹੀ ਢੋਈ ਜਾ ਰਹੇ ਹਨ।

ਗਣੇਸ਼ ਜੀ—ਜੋਤਿਸ਼ ਵਿਦਿਆ ਅਨੁਸਾਰ ਜਿਸ ਪ੍ਰਾਣੀ ਦਾ ਨੱਕ ਲੰਮਾ ਹੋਵੇ ਉਹ ਬੁੱਧੀਵਾਨ ਹੁੰਦਾ ਹੈ। ਜੀਵਾਂ ਵਿਚੋਂ ਸਭ ਤੋਂ ਵਧ ਸੂਝਵਾਨ ਹਾਥੀ ਗਿਣਿਆ ਜਾਂਦਾ ਹੈ। ਗਣੇਸ਼ ਆਪਣੇ ਸਮੇਂ ਦੇ ਪ੍ਰਮੁਖ ਬੁੱਧੀਵਾਨ ਮਨੁੱਖ ਹੋਏ ਹਨ, ਜਿਨ੍ਹਾਂ ਦੇ ਲੰਮੇ ਨੱਕ ਨੂੰ ਸ਼ਰਧਾਵਾਨਾਂ ਨੇ ਹਾਥੀ ਦੀ ਸੁੰਡ ਬਣਾ ਕੇ ਛੱਡਿਆ ਹੈ ਤੇ ਇਸ ਨੂੰ ਇਕ ਰੱਬੀ ਕਰਾਮਾਤ ਮੰਨ ਕੇ ਇਸ ਦੀ ਪੂਜਾ ਅਪਾਰ ਸ਼ਰਧਾ ਨਾਲ ਕੀਤੀ ਜਾਂਦੀ ਹੈ।

ਸੰਨਿਆਸ ਤੇ ਗੇਰੂਏ ਬਸਤਰ—ਗੇਰੂਆ ਰੰਗ ਅੱਗ ਦੀ ਲਾਟ ਦਾ ਹੈ। ਸੰਨਿਆਸ ਲੈਣਾ ਅੱਗ ਦੀ ਲਾਟ ਵਿਚੋਂ ਲੰਘਣਾ ਹੈ। ਸੋਨੇ ਦਾ ਕੁਠਾਲੀ 'ਚ ਪੈ ਕੇ ਕੁੰਦਨ ਹੋਣਾ ਹੈ। ਇਸ ਲਾਟ 'ਚੋਂ ਲੰਘਦਿਆਂ ਬਦੀਆਂ ਭਸਮ ਹੁੰਦੀਆਂ ਹਨ। ਬਲਦੀ ਲਾਟ 'ਚੋਂ ਲੰਘ ਜਾਣਾ ਹਰ ਕਿਸੇ ਦੇ ਵੱਸ ਦਾ ਨਹੀਂ। ਗੇਰੂਏ ਵਸਤਰਾਂ ਦਾ ਪਹਿਨਣਾ ਮਨ ਦਾ ਪ੍ਰਦੇਸੀ ਹੋ ਜਾਣਾ ਹੈ। ਅੱਜ ਇਹਨਾਂ ਬਸਤਰਾਂ ਨੂੰ ਪਹਿਨਕੇ ਲੋਕ ਮੰਗਤੇ ਵੀ ਬਣੀ ਫਿਰਦੇ ਹਨ ਤੇ ਠੱਗ ਵੀ। ਬਿਨਾਂ ਇਸਦੇ ਅਰਥ ਸਮਝਿਆਂ ਜਣਾਖਣਾ ਹੀ ਇਸਨੂੰ ਪਹਿਨੀ ਜਾ ਰਿਹਾ ਹੈ। ਬੋਧੀਆਂ ਵਿਚ ਗੇਰੂਏ ਦੀ ਥਾਂ ਪੀਲੇ ਰੰਗ ਨੂੰ ਦਿਤੀ ਗਈ ਹੈ। ਪੀਲੇ ਦੀ ਤੁਲਨਾ ਉਸ ਪੱਤੇ ਨਾਲ ਹੈ ਜੋ ਪੀਲਾ ਪੈ ਗਿਆ ਹੈ, ਕਿਸੇ ਪਲ ਵੀ ਰੁਖ ਨਾਲੋਂ ਝੜ ਸਕਦਾ ਹੈ। ਮੌਤ ਨਿਸ਼ਚਿਤ ਹੈ। ਇਹ ਆਈ ਕਿ ਆਈ, ਪੀਲੇ ਵਸਤਰ ਪੈਨ੍ਹਣ, ਮੌਤ ਲਈ ਤਿਆਰ ਹੋਣਾ ਹੈ, ਦੁਨਿਆਵੀ ਮੋਹ ਨੂੰ ਤਿਆਗਣਾ ਹੈ।

ਰਾਵਣ ਦੇ ਦਸ ਸਿਰ ਸੰਕੇਤ ਕਰਦੇ ਹਨ ਕਿ ਉਸ ਵਿਚ ਦਸਾਂ ਬੰਦਿਆਂ ਜਿੰਨੀ ਅਕਲ ਸੀ। ਤਾਂ ਵੀ ਜਦੋਂ

(ਬਾਕੀ ਪੰਨਾ ੪੦ ਕਾਲਮ ੨)



Sri Satguru Jagjit Singh Ji eLibrary NamdhariElibrary@gmail.com

# ਛੱਵ੍ਹੀਆਂ ਦੀ ਰੁਤ

**✻ ਜਗਦੀਸ਼ ਸਿੰਘ**

ਮੇਰੇ ਹੱਥ ਵਿਚ ਇਕ ਕਰਦ ਵਰਗੀ ਛੋਟੀ ਜਿਹੀ ਬਰਛੀ ਵੇਖ ਕੇ ਸਾਰੇ ਮੁੰਡੇ ਹੈਰਾਨ ਹੋ ਗਏ। ਉਹ ਛੋਟੀ ਤਾਂ ਸੀ, ਪਰ ਬਣੀ ਹੋਈ ਬਹੁਤ ਖੂਬਸੂਰਤ ਸੀ। ਪਿੰਡ ਵਿਚ ਹਥਿਆਰ ਲੈ ਕੇ ਚੱਲਣ ਦਾ ਰਿਵਾਜ ਵਧਦਾ ਜਾ ਰਿਹਾ ਸੀ। ਕਿਰਪਾਨ, ਗੰਡਾਸਾ, ਬਰਛਾ, ਛਵੀ ਜਾਂ ਘਟੋ ਘਟ ਡਾਂਗ ਤਾਂ ਕੋਲ ਚਾਹੀਦੀ ਸੀ, ਪਰ ਇਹਨਾਂ ਦੇ ਆਮ ਬਾਜ਼ਾਰ ਤਾਂ ਹੈ ਨਹੀਂ ਸਨ। ਪਿੰਡ ਦਾ ਮੁਸਲਮਾਨ ਲੁਹਾਰ ਤਾਂ ਜੱਟਾਂ ਦੇ ਸੰਦ—ਹਲ ਫਾਲੇ ਆਦਿ ਚੰਡਣ ਵਾਸਤੇ ਸੀ। ਵਿਚੋਂ ਵਿਚ ਉਹ ਕੋਈ ਬਰਛਾ ਆਦਿ ਵੀ ਤਿਆਰ ਕਰ ਦੇਂਦਾ, ਪਰ ਉਹਨੇ ਖੁਲ੍ਹੇ-ਆਮ ਕਾਰਖਾਨਾ ਤਾਂ ਲਾਇਆ ਨਹੀਂ ਸੀ। ਅੰਮ੍ਰਿਤਸਰੋਂ ਜਾ ਕੇ ਕਿਰਪਾਨ ਕੋਈ ਕੋਈ ਹੀ ਲਿਆ ਸਕਦਾ। ਜਿਵੇਂ ਰਾਮ ਲੀਲਾ ਦੇ ਦਿਨਾਂ ਵਿਚ ਜਣਾ ਖਣਾ ਹੀ ਤੀਰ ਕਮਾਨ ਚੁੱਕੀ ਫਿਰਦਾ ਹੈ ਇਸ ਤਰ੍ਹਾਂ ਹੁਣ ਹਥਿਆਰ ਲੈ ਕੇ ਚੱਲਣ ਦਾ ਸ਼ੌਕ ਬੱਚਿਆਂ ਵਿਚ ਵੀ ਸੀ ਇਸ ਹਾਲਤ ਵਿਚ ਇਕ ਛੋਟੀ ਜਿਹੀ ਬਰਛੀ ਅਤੇ ਉਹ ਵੀ ਖੂਬਸੂਰਤ ਬਣੀ ਹੋਈ, ਕਿਉਂ ਨਾ ਖਿੱਚ ਦਾ ਕਾਰਣ ਬਣਦੀ। ਦੋਸਤਾਂ ਪੁਛਿਆ—'ਤੂੰ ਇਹ ਬਰਛੀ ਕਿਥੋਂ ਲਈ ਆ?' ਮੈਂ ਜਵਾਬ ਦਿਤਾ—'ਗਾਹੜੂਵਾਲ ਤੋਂ।'

ਗਾਹੜੂਵਾਲ ਸਦਾ ਹੀ ਮੇਰੇ ਸੁਪਨਿਆਂ ਦਾ ਪਿੰਡ ਰਿਹਾ ਸੀ—ਇਕ ਵਲੈਤ ਜਿਹੀ। ਜਦੋਂ ਵੀ ਮੈਂ ਆਪਣੇ ਪਿਤਾ ਜੀ ਨੂੰ ਸਿਫਾਰਸ਼ ਪਾਉਣੀ ਤਾਂ ਇਹ ਹੀ ਕਹਿਣਾ, 'ਭਾਪਾ ਜੀ ਮੈਨੂੰ ਗਾਹੜੂਵਾਲ ਲੈ ਚਲੋ! ਗਾਹੜੂਵਾਲ ਮੇਰਾ ਬਹੁਤ ਹੀ ਜੀਅ ਲਗਦਾ।' ਪੰਜ ਛੇ ਮੀਲ ਦੂਰ ਹੋਵੇਗਾ, ਪਰ ਉਦੋਂ ਇਹ ਸਫ਼ਰ ਵਾਹਵਾ ਲਗਦਾ ਹੁੰਦਾ ਸੀ। ਇਹ ਮੇਰੀ ਭੂਆ ਤੇਜੋ ਦਾ ਪਿੰਡ ਸੀ।

ਨਾਰੋਵਾਲ ਤੋਂ ਲਾਹੌਰ ਜਾਣ ਵਾਲੀ ਰੇਲ ਗੱਡੀ ਦੀ ਲਾਈਨ ਦੇ ਕੰਢੇ ਤੇ ਵਸਿਆ ਪਿੰਡ। ਇਥੇ ਰੇਲਵੇ ਸਟੇਸ਼ਨ ਸੀ, ਜਿਸਦੇ ਫੱਟੇ ਤੇ ਭਾਵੇਂ 'ਰੱਈਆ' ਲਿਖਿਆ ਸੀ, ਪਰ ਬਣਿਆ ਗਾਹੜੂਵਾਲ ਦੀ ਜ਼ਮੀਨ ਵਿਚ ਹੀ ਸੀ। ਰੱਈਆ, ਸਿਆਲਕੋਟ ਦੀ ਇਕ ਤਹਿਸੀਲ ਦਾ ਕੇਂਦਰੀ ਨਗਰ ਸੀ। ਰੱਈਏ ਨੂੰ ਜਾਣ ਵਾਲੀ ਸੜਕ ਵੀ ਗਾਹੜੂਵਾਲ ਕੋਲੋਂ ਜਾਂਦੀ ਸੀ। ਇਹ ਸਾਰਾ ਕੁਝ ਬਹੁਤ ਸੁਹਾਵਣਾ ਜਿਹਾ ਲਗਦਾ। ਮੇਰੀ ਭੂਆ ਦਾ ਲੜਕਾ ਬੰਸਾ (ਸ. ਹਰਬੰਸ ਸਿੰਘ) ਮੈਥੋਂ ਕੁਝ ਵੱਡਾ ਸੀ। ਉਸ ਦੀ ਜ਼ਬਾਨ ਵਿਚ ਬੜਾ ਰਸ ਸੀ। ਉਹ ਪੜ੍ਹਾਈ ਵਿਚ ਵੀ ਹੁਸ਼ਿਆਰ ਸੀ ਅਤੇ ਗੱਲਾਂ ਵੀ ਸਿਆਣੀਆਂ ਕਰਦਾ। ਬਹੁਤ ਸਾਰੇ ਮਾਮਲਿਆਂ ਦੀ ਉਹਨੂੰ ਪੂਰੀ ਜਾਣਕਾਰੀ ਲਗਦੀ ਸੀ। ਉਹਨੂੰ ਤਵਿਆਂ ਵਾਲੇ ਵਾਜੇ (ਗਰਾਮੋਫ਼ੋਨ) ਤੇ ਵੱਜਦੇ ਗਾਣਿਆਂ ਦੀਆਂ ਧੁਨਾਂ ਵੀ ਯਾਦ ਸਨ ਤੇ ਗਾਉਣ ਵਾਲਿਆਂ ਦੇ ਨਾਂਅ ਵੀ। ਭੂਆ ਦਾ ਮੱਖਣ ਦਾ ਪੇੜਾ ਤਾਂ ਉਂਝ ਵੀ ਕਹਾਵਤ ਬਣੀ ਹੋਈ ਹੈ। ਭੂਆ ਕਿਆਂ ਦਾ ਟੱਬਰ ਵੀ ਵੱਡਾ ਸੀ। ਫੁੱਫੜ ਜੀ ਦੇ ਭਰਾ ਸਨ। ਉਹਨਾਂ ਵਿਚ ਆਪਣੀਆਂ ਰਿਸ਼ਤੇਦਾਰੀਆਂ ਸਨ। ਪਿੰਡ ਵਿਚ ਹੋਰ ਵੀ ਰਿਸ਼ਤੇਦਾਰ ਸਨ। ਇਕ ਫੌਜ ਵਿਚ ਗਏ ਤਾਇਆ ਹਜ਼ਾਰਾ ਸਿੰਘ ਹੋਰਾਂ ਦਾ ਘਰ ਸੀ। ਇਕ ਪਿਤਾ ਜੀ ਦਾ ਮਸੇਰ ਭਰਾ ਧਰਮ ਸਿੰਘ ਸੀ, ਜਿਸ ਦੀ ਆਪਣੀ ਮੋਟਰ ਵੀ ਸੀ। ਰਾਮਗੜ੍ਹੀਆ ਬਰਾਦਰੀ ਦੇ ਉਥੇ ਹੋਰ ਵੀ ਬਹੁਤ ਘਰ ਸਨ। ਲੱਕੜ ਦੇ ਗੱਡੇ ਵੀ ਉਹ ਬਣਾਉਂਦੇ। ਪਹੀਏ ਡੌਲਦੇ ਤੇ ਰੌਣਕਾਂ ਲਾਈ ਰਖਦੇ। ਉਥੇ ਲੱਕੜ ਦੇ ਵੱਡੇ ਵੱਡੇ ਮੋਛਿਆਂ ਅਤੇ ਦਰਖਤਾਂ ਦੇ ਤਣਿਆਂ ਦੇ ਢੇਰ ਲਗੇ ਰਹਿੰਦੇ। ਬਰਸਾਤ ਵਿਚ ਪਿੰਡ ਦੇ ਆਲੇ-ਦੁਆਲੇ ਪਾਣੀ ਖਲੋ ਜਾਂਦਾ ਤਾਂ ਉਹਨਾਂ ਲੱਕੜਾਂ ਦੇ ਉਤੋਂ ਦੀ ਲੰਘ ਕੇ ਆਰ-ਪਾਰ ਜਾਣ ਦਾ ਬੜਾ ਮਜ਼ਾ ਆਉਂਦਾ।

ਅਸੀਂ ਨਿਯਮ ਨਾਲ ਰੇਲ ਗੱਡੀ ਦੇ ਆਉਣ ਵੇਲੇ ਸਟੇਸ਼ਨ ਵਲ ਆਉਂਦੇ ਅਤੇ ਗੱਡੀ ਦਾ ਨਜ਼ਾਰਾ ਵੇਖਦੇ। ਜਦੋਂ ਗੱਡੀ ਸਟੇਸ਼ਨ ਤੋਂ ਲਾਹੌਰ ਵਲ ਚੱਲਦੀ ਤਾਂ ਅਸੀਂ ਵੀ ਨਾਲ ਨਾਲ ਹੀ ਦੌੜ ਲਾਉਂਦੇ। ਗੱਡੀ ਦੀ ਛੁੱਕ ਛੁੱਕ ਵਧਦੀ ਜਾਂਦੀ, ਨਾਲ ਹੀ ਸਾਡੀ ਦੌੜ ਦੀ ਲੈਅ। ਅਸੀਂ ਦੌੜਦੇ ਦੌੜਦੇ ਬਹੁਤ ਵੱਡੇ ਬੋਹੜ ਕੋਲ ਪਹੁੰਚਦੇ, ਜਿਥੋਂ ਰੋਜ਼ ਹੀ ਪੰਛੀਆਂ ਦਾ ਇਕ ਤਗੜਾ ਝੁੰਡ ਗੱਡੀ ਦੀ ਆਵਾਜ਼ ਸੁਣ ਕੇ ਆਕਾਸ਼ ਵਲ ਉਡਾਰੀ ਲਾਉਂਦਾ ਤੇ ਮੁੜ ਹੌਲੀ ਹੌਲੀ ਵਾਪਸ ਆ ਜਾਂਦਾ। ਤੋਤੇ, ਘੁੱਗੀਆ, ਚਿੜੀਆਂ ਤੇ ਕਾਂਵਾਂ ਦਾ ਭਾਰੀ ਨਿਵਾਸ-ਅਸਥਾਨ ਸੀ ਇਹ ਬੋਹੜ।

ਛੁੱਟੀਆਂ ਵਿਚ ਸਕੂਲ ਤੋਂ ਮਿਲਿਆ ਕੰਮ ਤਾਂ ਭਰਾ ਹਰਬੰਸ ਸਿੰਘ ਦੀ ਕਿਰਪਾ ਨਾਲ ਚੁਟਕੀ ਵਿਚ ਮੁਕ ਜਾਂਦਾ ਤੇ ਸਾਡਾ ਸਾਰਾ ਦਿਨ ਖੋਜ ਕਾਰਜ ਜਾਰੀ ਰਹਿੰਦਾ—ਫਿਰਨਾ,



Sri Satguru Jagjit Singh Ji eLibrary NamdhariElibrary@gmail.com

ਮਿਲਣਾ-ਗਿਲਣਾ, ਗੱਪਾਂ ਮਾਰਨੀਆਂ ਤੇ ਖਾਣਾ-ਪੀਣਾ, ਹੱਸਣਾ ਖੇਡਣਾ ਤੇ ਸੌਣਾ। ਇਹ ਹੀ ਕਾਰਨ ਸਨ ਕਿ ਗਾਹੜੂਵਾਲ ਮੇਰਾ ਬਹੁਤ ਜੀ ਲਗਦਾ।

ਪਰ ਇਸ ਵਾਰ ਇਹ ਗੱਲ ਨਹੀਂ ਸੀ। ਗਰਮੀਆਂ ਦੀਆਂ ਛੁਟੀਆਂ ਵਿਚ ਮੁੜ ਅਸੀਂ ਬੜੇ ਚਾਅ ਨਾਲ ਗਾਹੜੂਵਾਲ ਲਈ ਚਲੇ। ਪਿਤਾ ਜੀ ਨੇ ਸਾਇਕਲ ਦੇ ਡੰਡੇ ਤੇ ਪਰਨਾ ਬੰਨ੍ਹ ਕੇ ਮੇਰੀ ਸੀਟ ਬਾਣਈ। ਪਿੰਡ ਦੇ ਪੱਹੇ ਦਾ ਰਾਹ ਇਕਸਾਰ ਹੀ ਉੱਚਾ-ਨੀਵਾਂ ਸੀ। ਸਾਇਕਲ ਦੇ ਪਹੀਏ ਕਦੇ ਥੱਲੇ ਕਦੇ ਉਤੇ ਹੋਣ। ਇਸ ਨਿਯਮਤ ਅੜਿਕੇ ਵਿਚ ਸਾਇਕਲ ਚਲਾਉਣਾ ਮੁਸ਼ਕਲ ਸੀ। ਜਦੋਂ ਸਾਇਕਲ ਕਦੇ ਬਹੁਤ ਉਚਾ ਕਦੇ ਨੀਵਾਂ ਹੋਣ ਨਾਲ ਹੁੱਝਕੇ ਵਜਣ ਲਗੇ ਤਾਂ ਪਿਤਾ ਜੀ ਕਹਿਣ ਲਗੇ "ਲੈ ਤੈਨੂੰ ਅਜ ਡਾਚੀ ਦੀ ਸਵਾਰੀ ਦਾ ਵੀ ਮਜ਼ਾ ਮਿਲ ਗਿਆ।" ਬਾਅਦ ਵਿਚ ਜਦੋਂ ਸਾਇਕਲ ਚੱਲਣ ਲਗਾ ਤਾਂ ਅਸੀਂ ਨਿਕੀਆਂ ਨਿਕੀਆਂ ਗੱਲਾਂ ਕਰਦੇ ਜਾ ਰਹੇ ਸਾਂ ਕਿ ਤਾਹੀਓਂ ਇਕ ਮੈਦਾਨ ਚੋਂ ਲੰਘਦਿਆਂ ਆਵਾਜ਼ ਆਈ "ਸਰਦਾਰਾ ਠਹਿਰ ਜਾ।" ਪਿਤਾ ਜੀ ਨੇ ਸਾਇਕਲ ਰੋਕਿਆ ਤਾਂ ਕੁਝ ਮੁਸਲਮਾਨ ਜਵਾਨਾਂ ਦੇ ਜੱਥੇ ਨੇ ਸਾਨੂੰ ਘੇਰਾ ਪਾ ਲਿਆ। ਪਿਤਾ ਜੀ ਨੇ ਸਾਇਕਲ ਸਟੈਂਡ ਤੇ ਖੜਾ ਕੀਤਾ ਤੇ ਝੱਟ ਨਾਲ ਲਿਆਂਦੀ ਕਿਰਪਾਨ ਦੀ ਮੁੱਠ ਨੂੰ ਹੱਥ ਪਾ ਲਿਆ ਤੇ ਤਿਰਛੇ ਜਿਹੇ ਹੋ ਕੇ ਖਲੋ ਗਏ ਜਿਵੇਂ ਗਤਕਾ ਖੇਡਣ ਲਗਿਆਂ ਹੁੰਦੇ ਜਨ। ਲੋਕਾਂ ਪੁਛਿਆ ਕੌਣ ਹੋ ਕਿਥੇ ਰਹਿੰਦੇ ਹੋ। ਪਿਤਾ ਜੀ ਦਾ ਉੱਤਰ ਸੀ "ਜੱਗ ਜਾਣਦਾ ਹੈ ਅਸੀਂ ਢੇ ਦੇ ਹਾਂ ਗਾਹੜੂਵਾਲ ਚਲੇ ਹਾਂ। ਉਥੇ ਮੇਰੀ ਭੈਣ ਹੈ, ਹੋਰ ਰਿਸ਼ਤੇਦਾਰ ਹਨ, ਅਸੀਂ ਇਥੋਂ ਉਮਰਾਂ ਦੇ ਲੰਘਦੇ ਹਾਂ" ਇਕ ਕਹਿਣ ਲਗਾ ਜੇ ਤੇਰੀ ਤਲਵਾਰ ਖੋਹ ਲਈਏ। ਪਿਤਾ ਜੀ ਕਿਹਾ ਆਹ ਜਿੰਨੇ ਤੁਸੀਂ ਇਥੇ ਖੜੇ ਹੋ ਏਨਿਆਂ ਕੋਲੋਂ ਤਾਂ ਨਹੀਂ ਖੋਹੀ ਜਾਣੀ। ਬਾਕੀ ਆ ਗਏ ਤਾਂ ਘਰਾਂ ਨੂੰ ਪੂਰੇ ਨਹੀਂ ਜਾਣਗੇ। ਕੁਝ ਚਿਰ ਖਾਮੋਸ਼ੀ ਰਹੀ ਉਹਨਾਂ ਚੋਂ ਇਕ ਸਿਆਣਾ ਕਹਿਣ ਲਗਾ "ਓਏ ਚਲੋ ਛਡੋ ਏਸ ਗਲ ਨੂੰ ਜਾਓ ਸਰਦਾਰ ਜੀ ਅਪਣੇ ਸਫਰ ਤੇ। ਚਲੋ ਓਏ ਮੁੰਡਿਓ ਘਰਾਂ ਨੂੰ ਜਾਓ।" ਉਹ ਵੇਖਦੇ ਹੀ ਰਹਿ ਗਏ ਤੇ ਅਸੀਂ ਸਾਂਇਕਲ ਤੇ ਚੜ੍ਹ ਕੇ ਗਾਹੜੂਵਾਲ ਆ ਗਏ।

ਗਾਹੜੂਵਾਲ ਆ ਕੇ ਜਦੋਂ ਅਸਾਂ ਇਹ ਗਲ ਦੱਸੀ ਤਾਂ ਸਾਰੇ ਕਹਿਣ ਲਗੇ ਏਧਰ ਤਾਂ ਹਾਲਤ ਬਹੁਤ ਬੁਰੇ ਹਨ। ਅਸੀਂ ਤਾਂ ਰਾਤ ਸੌਂਦੇ ਨਹੀਂ ਘਰਾਂ ਦੀ ਰਾਖੀ ਕਰਦੇ ਹਾਂ। ਗਾਹੜੂਵਾਲ ਪਿੰਡ ਤਾਂ ਪੂਰਾ ਜੰਗ ਦੀ ਤਿਆਰੀ ਵਿਚ ਰੁੱਝਾ ਹੋਇਆ ਸੀ। ਗੱਡੇ ਬਨਾਉਣ ਵਾਲੇ ਕਾਰੀਗਰ ਤਲਵਾਰਾਂ ਤੇ ਬਰਛੇ ਬਣਾ ਰਹੇ ਹਨ। ਮੇਰੇ ਸਾਹਮਣੇ ਹੀ ਇਕ ਬੰਦਾ ਲਾਹੌਰ ਤੋਂ ਲੋਹੇ ਦੀਆਂ ਪੱਤੀਆਂ ਲਿਆਇਆ। ਲੰਮੀਆਂ ਚੋਰਸ ਚਮਕਦੀਆਂ ਮੋਟੇ ਲੋਹੇ ਦੀਆਂ ਪੱਤੀਆਂ ਬੜੇ ਸਲੀਕੇ ਨਾਲ ਲੰਮੇ ਰੁਕ ਛੈਣੀ ਨਾਲ ਉਸ ਦੇ ਦੋ ਹਿੱਸੇ ਕੀਤੇ ਗਏ ਅਤੇ ਅੱਗ ਤੇ ਤੱਪਾ ਕੇ ਕੁਟ ਕੁਟ ਕੇ ਦੋ ਤਲਵਾਰਾਂ ਉਸ ਦੀਆਂ ਬਣਾਈਆਂ ਗਈਆਂ। ਪੱਥਰੀ ਤੇ ਰਗੜ ਰਗੜ ਕੇ ਤਿੱਖੀਆਂ ਕੀਤੀਆਂ ਗਈਆਂ। ਇਹ ਤਲਵਾਰਾਂ ਆਮ ਬਾਜ਼ਾਰੀ ਤਲਵਾਰਾਂ ਨਾਲੋਂ ਕੁਝ ਚੋੜੀਆਂ ਤੇ ਮੋਟੀਆਂ ਸਨ। ਮੁੱਠ ਵੀ ਸਾਦੀ ਜਿਹੀ ਬਣਾ ਲੈਂਦੇ ਸਨ। ਇਹ ਤਲਵਾਰਾਂ ਧੜਾ ਧੜ ਬਣ ਰਹੀਆਂ ਸਨ। ਇਕ ਬੰਦਾ ਵਡਾ ਸਾਰਾ ਲੋਹੇ ਦਾ ਡੰਡਾ ਲੈ ਆਇਆ। ਕਹਿਣ ਲਗਾ ਇਹ ਮੈਂ ਰੇਲ ਗੱਡੀ ਤੋਂ ਲਾਹ ਕੇ ਲਿਆਇਆ ਹਾਂ। ਇਹਦਾ ਕੋਈ ਨਾ ਕੋਈ ਹਥਿਆਰ ਜ਼ਰੂਰ ਬਣਾ ਦਿਓ। ਛਵੀਆਂ ਬਰਛੇ ਟਕੂਏ ਤਾਂ ਉਹ ਝੱਟ ਬਣਾ ਲੈਂਦੇ ਸਨ। ਇਹ ਹਥਿਆਰ ਖੁਲ੍ਹੇਆਮ ਬਣ ਰਹੇ ਸਨ।

ਰਾਤ ਨੂੰ ਅਸੀਂ ਕੋਠਿਆਂ ਤੇ ਲੇਟੇ ਤਾਂ ਗਲਾਂ ਕਰਦਿਆਂ ਚੋਖੀ ਰਾਤ ਹੋ ਗਈ। ਜਦ ਸੌਣ ਲਗੇ ਤਾਂ ਇਕ ਦਮ ਰੌਲਾ ਪੈ ਗਿਆ। ਹਮਲਾ ਹੋ ਗਿਆ ਹੈ। ਮੁਸਲਮਾਨ ਆ ਗਏ ਹਨ। ਸਾਰੇ ਬੰਦੇ ਤਲਵਾਰਾਂ ਬਰਛੇ ਲੈ ਕੇ ਬਾਹਰ ਨੂੰ ਦੌੜ ਗਏ। ਘਰ ਖਾਲੀ ਹੋ ਗਏ। ਭੂਆ ਦਾ ਘਰ ਸਟੇਸ਼ਨ ਵਾਲੇ ਪਾਸੇ ਮੈਦਾਨ ਦੇ ਨਾਲ ਬਾਹਰ ਵਾਰ ਹੀ ਸੀ। ਸਾਨੂੰ ਸਾਰਾ ਨਜ਼ਾਰਾ ਦਿਸ ਰਿਹਾ ਸੀ। ਚੰਨ ਦੀ ਚਾਨਣੀ ਵਿਚ ਕਦੇ ਬੰਦੇ ਏਧਰ ਦੌੜ ਜਾਣ ਕਦੇ ਓਧਰ। ਅਲਾਹ ਹੂ ਅਕਬਰ ਤੇ ਸਤਿ ਸ੍ਰੀ ਅਕਾਲ ਦੇ ਨਾਅਰੇ ਸਾਫ਼ ਸੁਣਾਈ ਦਿੰਦੇ ਸਨ। ਅਸੀਂ ਢੇ ਪਿੰਡ ਵਿਚ ਤਾਂ ਬੜੇ ਆਰਾਮ ਨਾਲ ਰਹਿ ਰਹੇ ਸਾਂ। ਏਥੇ ਅਜੀਬ ਹੀ ਵਾਤਾਵਰਨ ਸੀ। ਖਤਰਾ ਸੀ ਮੁਸਲਮਾਨ ਪਿੰਡ ਵਿਚ ਕਤਲ ਤੇ ਲੁਟ ਮਾਰ ਕਰਨਗੇ। ਮੇਰੇ ਵਾਸਤੇ ਤਾਂ ਅਜਿਹੇ ਮੌਕਿਆਂ ਲਈ ਇਕੋ ਹੀ ਸ਼ਸਤਰ ਸੀ। ਮੈਨੂੰ ਦਸਿਆ ਗਿਆ ਸੀ ਕਿ ਅਕਾਲ ਪੁਰਖ ਦਾ ਭਜਨ ਸਭ ਮੁਸੀਬਤਾਂ ਮੁਕਾ ਦੇਂਦਾ ਹੈ। ਮੈਂ ਤਾਂ ਇਕ ਟਕ ਇਹ ਭਜਨ ਕਰ ਰਿਹਾ ਸਾਂ। ਕੋਈ ਦੋ ਤਿੰਨ ਘੰਟੇ ਬਾਅਦ ਸ਼ਾਂਤੀ ਹੋ ਗਈ। ਸਾਰੇ ਬੰਦੇ ਵਾਪਸ ਘਰਾਂ ਨੂੰ ਤਾਂ ਆ ਗਏ ਪਰ ਉਹ ਬਾਕੀ ਰਾਤ ਸੌਂ ਨਾ ਸਕੇ।

ਅਗਲੇ ਦਿਨ ਪਿਤਾ ਜੀ ਨੇ ਵੀ ਇਕ ਤਲਵਾਰ ਬਣਵਾ



Sri Satguru Jagjit Singh Ji eLibrary NamdhariElibrary@gmail.com

ਲਈ ਅਤੇ ਵਾਧਾ ਇਹ ਕੀਤਾ ਕਿ ਆਪ ਹੀ ਲੱਕੜ ਲੈ ਕੇ ਉਸ ਦੀ ਮਿਆਨ ਵੀ ਤਿਆਰ ਕਰ ਲਈ। ਮੈਂ ਆਪ ਦੇਖਿਆ ਉਹਨਾਂ ਨੰਗੀ ਤਲਵਾਰ ਲਕੜ ਤੇ ਰੱਖ ਕੇ ਨਿਸ਼ਾਨ ਲਾਏ। ਲੱਕੜ ਨੂੰ ਨਿਸ਼ਾਨਾਂ ਦੇ ਵਿਚੋਂ ਸੱਥਰੀ ਤੇ ਚੌਰਸੀ ਨਾਲ ਕੁਰੇਦਿਆ। ਏਦਾਂ ਦੀਆਂ ਦੋ ਲਕੜਾਂ ਨੂੰ ਉਹਨਾਂ ਸੁਰੇਸ਼ ਨਾਲ ਜੋੜਿਆ ਸਾਫ ਕੀਤਾ ਮੁੱਠ ਲਾਈ ਤੇ ਮਿਆਨ ਤਿਆਰ ਸੀ। ਕਿਰਪਾਨ ਮਿਆਨ ਦੇ ਅੰਦਰ ਸਮਾ ਗਈ, ਪਰ ਮਿਆਨ ਤੇ ਰੰਗ ਜਾਂ ਪਾਲਿਸ਼ ਕੋਈ ਨਹੀਂ ਸੀ। ਉਸ ਵੇਲੇ ਬਹੁਤ ਲੋਕਾਂ ਨੇ ਅਜਿਹੀਆਂ ਘਰੀਂ ਬਣਾਈਆਂ ਤਲਵਾਰਾਂ ਉਤੇ ਕੱਪੜੇ ਦੇ ਮਿਆਨ ਹੀ ਵਲੇਟੇ ਹੋਏ ਸਨ। ਸਾਡੇ ਫੁਫੜ ਜੀ ਦਾ ਭਰਾ ਮੈਨੂੰ ਕਹਿਣ ਲੱਗਾ 'ਦੀਸ਼ੇ ਤੈਨੂੰ ਵੀ ਕੁਝ ਬਣਾ ਦੇਈਏ, ਦੱਸ ਕੀ ਚਾਹੀਦਾ?' ਮੈਂ ਕਿਹਾ ਛੋਟੀ ਜਿਹੀ ਬਰਛੀ ਬਣਾ ਦਿਓ। ਉਹਨਾਂ ਪੰਦਰਾਂ ਮਿੰਟ ਵੀ ਨਾ ਲਾਏ ਤੇ ਇਕ ਨਿਕਚੂ ਜਿਹੀ ਬਰਛੀ ਕੁੱਟ ਧਰੀ। ਇਕ ਪਤਲੀ ਜਿਹੀ ਸੋਟੀ ਤੇ ਇਹ ਬਰਛੀ ਮੈਂ ਅੜਾ ਲਈ।

ਮੇਰੇ ਪਿਤਾ ਜੀ ਅਗੇ ਤਾਂ ਮੈਨੂੰ ਉਥੇ ਛਡ ਆਉਂਦੇ ਹੁੰਦੇ ਸੀ ਪਰ ਇਸ ਵਾਰ ਛੇਤੀ ਹੀ ਵਾਪਸ ਹੀ ਅਪਣੇ ਪਿੰਡ ਲੈ ਆਏ। ਵਾਪਸ ਆਇਆਂ ਸਾਡੇ ਆਲੇ ਦੁਆਲੇ ਵੀ ਹਵਾ ਗਰਮ ਸੀ। ਪਹਿਲਾਂ ਤਾਂ ਲਾਗਦੇ ਪਿੰਡਾਂ ਚੋਂ ਰਾਤ ਨੂੰ ਢੋਲ ਵਜਣ ਦੀ ਮੁਲਖਈਏ ਦੀਆਂ ਗਲਾਂ ਤੇ ਚਾਂਗਰਾਂ ਦੀ ਆਵਾਜ਼ ਆਉਂਦੀ। ਫਿਰ ਦਿਨ ਵੇਲੇ ਵੀ ਢੋਲ ਦੀ ਆਵਾਜ਼ ਆਉਣ ਲਗ ਪਈ। ਦੂਰ ਦੂਰ ਜਥਿਆਂ ਦਾ ਤੋਰਾ ਫੇਰਾ ਵੀ ਦਿਸਣ ਲਗ ਪਿਆ। ਹੁਣ ਘਰਾਂ ਵਿਚ ਗਲਾਂ ਹੋ ਰਹੀਆਂ ਸਨ ਪਾਕਿਸਤਾਨ ਬਣਨ ਵਾਲਾ ਹੈ। ਇਥੇ ਹੁਣ ਮੁਸਲਮਾਨਾਂ ਦਾ ਰਾਜ ਹੋ ਜਾਣਾ ਹੈ। ਇਸ ਵਿਚ ਇਹ ਵੀ ਗਲਾਂ ਹੁੰਦੀਆਂ ਕਿ ਅਸੀਂ ਪੁਸ਼ਤਾਂ ਤੋਂ ਇਥੇ ਰਹਿ ਰਹੇ ਹਾਂ ਵੇਖਾਂਗੇ ਸਾਡੇ ਵਲ ਕੌਣ ਵੇਖਦਾ ਹੈ। ਫੇਰ ਗਲਾਂ ਚਲਦੀਆਂ ਕਿ ਮੁਸਲਮਾਨਾਂ ਨੇ ਹਮਲੇ ਕਰਨੇ ਨੇ। ਮੁੰਡੇ ਆਖਦੇ ਫੇ ਵਾਲਿਆਂ ਦੀਆਂ ਪੱਕੀਆਂ ਰੈਫਲਾਂ ਦਾ ਸਾਰੇ ਇਲਾਕੇ ਨੂੰ ਪਤਾ ਹੈ। ਘਰਾਂ ਵਿਚ ਔਰਤਾਂ ਗਲਾਂ ਕਰਦੀਆਂ ਹੁਣ ਅੰਗਰੇਜ਼ਾਂ ਦਾ ਰਾਜ ਬਦਲ ਜਾਣਾ ਹੈ। ਮੁਸਲਮਾਨਾਂ ਦਾ ਆ ਜਾਣਾ ਹੈ। ਚਲੋ ਮੁਸਲਮਾਨਾਂ ਦਾ ਆ ਜਾਵੇ ਸਦਾ ਤੋਂ ਹੀ ਹੁਕਮਰਾਨ ਬਦਲਦੇ ਰਹੇ ਨੇ ਅਸੀਂ ਤਾਂ ਰਿਆਇਆ ਹਾਂ। ਜਿਹੜਾ ਆਵੇਗਾ ਅਸਾਂ ਕਿਸੇ ਨੂੰ ਕੀਹ ਕਹਿਣਾ ਹੈ। ਜੋ ਹੋਣਾ ਹੈ ਉਹ ਤਾਂ ਹੋ ਕੇ ਰਹੇਗਾ ਹੀ।

ਸਾਡੇ ਪਿੰਡ ਦੇ ਵਡੇਰਿਆਂ ਦੀ ਫੇਰ ਮੀਟਿੰਗ ਹੋਈ। ਦਸਿਆ ਕਿਹਾ ਗਿਆ ਕਿ ਆਲੇ ਦੁਆਲੇ ਢੋਲ ਵਜ ਰਹੇ ਨੇ ਹਾਲਤ ਬਦਤਰੀਨ ਹੋ ਗਏ ਨੇ। ਭਾਰੀ ਫਸਾਦਾਂ ਤੇ ਖੂਨ ਖਰਾਬੇ ਦਾ ਖਤਰਾ ਹੈ। ਮਨਾਂ ਅੰਦਰ ਸ਼ਹਿਰਾਂ ਵਿਚ ਹੋ ਰਹੇ ਫਸਾਦਾਂ ਅਤੇ ਔਰਤਾਂ ਦੀ ਬੇਪਤੀ ਦੀਆਂ ਖਬਰਾਂ ਦਾ ਸਹਿਮ ਵੀ ਸੀ। ਵਡੇਰੇ ਪੁਰਖਾਂ, ਸਿਖਾਂ, ਮੁਸਲਮਾਨਾਂ ਦਾ ਮੁੜ ਸਰਬ ਸੰਮਤ ਫੈਸਲਾ ਸੀ ਕਿ ਆਲੇ ਦੁਆਲੇ ਭਾਵੇਂ ਕੁਝ ਵਾਪਰ ਜਾਵੇ, ਅਸੀਂ ਵੇ ਪਿੰਡ ਦੇ ਅਮਨ ਨੂੰ ਆਂਚ ਨਹੀਂ ਆਉਣ ਦੇਣੀ। ਸਿੱਖ ਅਤੇ ਮੁਸਲਮਾਨ ਇਕਠੇ ਹੋ ਕੇ ਬਾਹਰੋਂ ਆਉਣ ਵਾਲੇ ਧਾੜਵੀਆਂ ਨੂੰ ਰੋਕਣਗੇ ਭਾਵੇਂ ਉਹ ਸਿਖ ਹੋਣ ਜਾਂ ਮੁਸਲਮਾਨ। ਅਸਾਂ ਸਦੀਆਂ ਤੋਂ ਆਪਣੇ ਪਿੰਡ ਵਿਚ ਬਣਾਈ ਏਕਤਾ ਟੁਟਣ ਨਹੀਂ ਦੇਣੀ। ਹਵਾ ਵਿਚ ਇਕ ਦਹਿਸ਼ਤ ਡਰ ਅਤੇ ਸਹਿਮ ਸੀ।

ਇਕ ਦਿਨ ਤਾਂ ਸਾਰਾ ਦਿਨ ਢੋਲ ਦੀ ਆਵਾਜ਼ ਆਉਂਦੀ ਰਹੀ। ਸਾਰੇ ਕਹਿਣ ਅੱਜ ਸੁਖ ਰਹੇ ਸਹੀ। ਸ਼ਾਮ ਦਾ ਸੂਰਜ ਬਿਸਰਾਮ ਲਈ ਤਿਆਰੀ ਕਰ ਰਿਹਾ ਸੀ ਕਿ ਖਬਰ ਆ ਗਈ ਕਿ ਪੱਖੋਵਾਲ ਤੋਂ ਸਿਖਾਂ ਦਾ ਜੱਥਾ ਪਿੰਡ ਵਲ ਆ ਰਿਹਾ ਹੈ। ਅਸੀਂ ਸਾਰੇ ਤਮਾਸ਼ਾ ਵੇਖਣ ਵਾਸਤੇ ਚਲੇ ਗਏ। ਬਰਛੀ ਮੇਰੇ ਕੋਲ ਸੀ। ਮੁੰਡਿਆਂ ਕੋਲ ਸੋਟੀਆਂ ਤੇ ਕਾਨੇ ਵੀ ਸਨ। ਬਾਹਰ ਜਾ ਕੇ ਅਸੀਂ ਵੇਖਿਆ ਕਿ ਪਖੋਵਾਲ ਦੇ ਲੰਮ ਸਲਮੇਂ ਗਭਰੂ ਖੜੇ ਸਨ। ਮੋਟੇ ਲੰਮੇ ਬਾਸਾਂ ਉਤੇ ਉਹਨਾਂ ਦੇ ਬਰਛੇ ਲਿਸ਼ਕ ਰਹੇ ਸਨ। ਦਸਤਾਰਾਂ ਤੇ ਪਟਕੇ ਬੰਨੇ ਸਨ ਜਿਵੇਂ ਬੰਦਾ ਬਹਾਦਰ ਦੀ ਫੌਜ ਹੋਵੇ। ਕੋਈ ੩੦-੩੫ ਇਕੋ ਜਿਹੇ ਸੁਣੱਖੇ ਜਵਾਨ ਸਨ। ਸਾਡੇ ਪਿੰਡ ਦੇ ਸਿੱਖ ਵਡੇਰੇ ਉਹਨਾਂ ਨਾਲ ਬਹਿਸ ਕਰ ਰਹੇ ਸਨ ਤੁਸੀਂ ਕੀ ਕਰਨ ਆਏ ਹੋ? ਉਹਨਾਂ ਦਾ ਉਤਰ ਸੀ "ਤੁਹਾਡੇ ਪਿੰਡ ਹਮਲਾ ਹੋਣ ਵਾਲਾ ਹੈ ਅਸੀਂ ਤੁਹਾਡੀ ਮਦਦ ਲਈ ਆਏ ਹਾਂ। ਹੁਣ ਸਮਾਂ ਆ ਗਿਆ ਹੈ ਕਿ ਇਕ ਦੂਜੇ ਦੀ ਮਦਦ ਨਾਲ ਹੀ ਬਚਿਆ ਜਾ ਸਕਦਾ ਹੈ।" ਲੰਮੀ ਗਲਬਾਤ ਹੁੰਦੀ ਰਹੀ। ਸਾਡੇ ਪਿੰਡ ਵਾਲਿਆਂ ਕਿਹਾ ਜਲ ਪਾਣੀ ਛੱਕੋ ਤੇ ਆਪਣੇ ਪਿੰਡ ਵਾਪਸ ਮੁੜ ਜਾਵੋ। ਸਾਡੇ ਪਿੰਡ ਦੀਆਂ ਸਾਰੀਆਂ ਧਿਰਾਂ ਦਾ ਅਮਨ ਏਕਤਾ ਦਾ ਫੈਸਲਾ ਹੈ। ਇਹ ਮਾਹੌਲ ਬਣਿਆ ਰਹਿਣ ਦਿਓ। ਇਥੋਂ ਵਾਸਤੇ ਬੇਫਿਕਰ ਰਹੋ। ਤੁਹਾਡੇ ਆਉਣ ਨਾਲ ਸਗੋਂ ਡਰ ਵਧੇਗਾ। ਅਸੀਂ ਕਿਸੇ ਕੀਮਤ ਤੇ ਬਾਹਰੋਂ ਮਦਦ ਨਹੀਂ ਲੈਣੀ। ਮਾਯੂਸ ਜਿਹਾ ਹੋਕੇ ਉਹ ਜੱਥਾ ਵਾਪਸ ਮੁੜ ਗਿਆ।



Sri Satguru Jagjit Singh Ji eLibrary NamdhariElibrary@gmail.com

ਤਸ਼ੱਕ ਦੀ ਕਲਮ

.................

# ਆਤਮਾ ਦਾ ਬੋਝ

—: ਪ੍ਰੀਤਮ ਸਿੰਘ ਪੰਛੀ

**ਅੱਜ** ਮਹੀਨੇ ਦਾ ਪਹਿਲਾ ਦਿਨ ਸੀ। ਤੀਹ ਦਿਨ ਦੀ ਮਿਹਨਤ ਅਤੇ ਮਾਲਕਾਂ ਦੀਆਂ ਝਿੜਕਾਂ ਦਾ ਫਲ ਕੁਝ ਸੌ ਰੁਪਈਆਂ ਦੇ ਰੂਪ ਵਿਚ ਉਸਦੀ ਜੇਬ ਵਿਚ ਸੀ। ਇਕ ਛੋਟੇ ਜਿਹੇ ਅਦਾਰੇ ਵਿਚ ਚਪੜਾਸੀ ਸੀ, ਉਸ ਨੂੰ ਪਹਿਲੀ ਤਾਰੀਖ ਦੀ ਉਡੀਕ ਰਹਿੰਦੀ ਸੀ। ਤਨਖਾਹ ਅਤੇ ਉਸਦੀ ਜੇਬ੍ਹ ਦਾ ਸਬੰਧ ਸਿਰਫ ਏਨਾ ਹੀ ਸੀ ਜਿੰਨਾ ਕਿ ਘਰ ਤੋਂ ਦਫਤਰ ਦਾ ਰਸਤਾ। ਦਸ ਮਿੰਟ ਜਾਂ ਇਸ ਤੋਂ ਵੀ ਘਟ। ਘਰ ਜਾਂਦਿਆਂ ਹੀ ਉਹ ਸਾਰੀ ਰਕਮ ਬੀਵੀ ਦੇ ਹਵਾਲੇ ਕਰ ਦਿੰਦਾ ਸੀ, ਜੋ ਖਰਚਿਆਂ ਦਾ ਹਿਸਾਬ ਲਾ ਕੇ ਪਹਿਲਾਂ ਆਪਣੀ ਕਿਸਮਤ ਨੂੰ ਕੋਸਦੀ, ਫਿਰ ਉਸ ਨੂੰ ਖਰੀਆਂ ਖਰੀਆਂ ਸੁਣਾਉਂਦੀ। ਉਹ ਸਭ ਕੁਝ ਸੁਣਦਾ ਅਤੇ ਖਾਮੋਸ਼ ਰਹਿੰਦਾ।

ਉਹ ਹਰੇਕ ਚੀਜ਼ ਨੂੰ ਘੂਰਦਾ ਹੋਇਆ ਘਰ ਵਲ ਚਲਿਆ ਜਾ ਰਿਹਾ ਸੀ ਕਿ ਅਚਾਨਕ ਉਸਦੀ ਨਜ਼ਰ ਇਕ ਛੋਟੇ ਜਿਹੇ ਲਾਲ ਰੰਗ ਦੇ ਥੈਲੇ ਤੇ ਪਈ। ਕੁਝ ਕਾਗਜ਼ ਥੈਲੇ ਤੋਂ ਬਾਹਰ ਝਾਕ ਰਹੇ ਸਨ। ਉਹ ਨੇੜਿਓਂ ਲੰਘਿਆ, ਪਰ ਕੁਝ ਕਦਮ ਅੱਗੇ ਜਾ ਕੇ ਉਸ ਨੂੰ ਖਿਆਲ ਆਇਆ ਕਿ ਉਹ ਕਿਉਂ ਨਾ ਥੈਲੇ ਨੂੰ ਚੁਕ ਕੇ ਅਸਤਰ ਦੇ ਤੌਰ ਤੇ ਕੋਟ ਦੇ ਹੇਠਾਂ ਲਗਾ ਲਏ। ਉਹ ਮੁੜਿਆ ਤੇ ਥੈਲਾ ਚੁਕ ਕੇ ਕੋਟ ਦੇ ਹੇਠਾਂ ਦੇ ਲਿਆ ਤਾਂ ਕਿ ਸਰਦੀ ਤੋਂ ਬਚਾਅ ਰਹੇ। ਉਹ ਡੌਰ-ਭੌਰ ਰਹਿ ਗਿਆ ਜਦੋਂ ਨੋਟਾਂ ਦੀਆਂ ਦੋ ਥੱਦੀਆਂ ਥੈਲੇ 'ਚੋਂ ਨਿਕਲਕੇ ਹੇਠਾਂ ਜਾ ਡਿਗੀਆਂ। ਇਕੜ-ਦੁੱਕੜ ਲੋਕ ਆ ਜਾ ਰਹੇ ਸਨ। ਸਟਰੀਟ ਲਾਈਟ ਬੰਦ ਸੀ। ਉਸ ਨੇ ਥੱਦੀਆਂ ਹੇਠ ਝੁਕਕੇ ਚੁਕ ਲਈਆਂ। ਹਜ਼ਾਰ ਹਜ਼ਾਰ ਦੇ ਨੋਟਾਂ ਦੀਆਂ ਦੋ ਮੋਟੀਆਂ ਥੱਦੀਆਂ ਉਸ ਦੇ ਹੱਥ ਵਿਚ ਸਨ। ਉਸ ਨੇ ਜਲਦੀ ਨਾਲ ਨੋਟ ਥੈਲੇ ਵਿਚ ਪਾ ਲਏ ਅਤੇ ਆਪਣੇ ਕੋਟ ਦੇ ਪਾਟੇ ਹੋਏ ਅਸਤਰ ਵਿਚ ਥੈਲਾ ਪਾ ਲਿਆ। ਉਹ ਬੜਾ ਸੰਭਲ ਸੰਭਲ ਕੇ ਆਪਣੇ ਘਰ ਵਲ ਚਲ ਪਿਆ।

ਘਰ ਪਹੁੰਚਦਿਆਂ ਹੀ ਉਸ ਦੀ ਅਜੀਬ ਹਾਲਤ ਹੋ ਗਈ ਸੀ। ਉਸ ਦੀ ਬੀਵੀ ਨੇ ਤਾੜ ਲਿਆ। ਆਖਰ ਜ਼ਿੰਦਗੀ ਦੇ ਗਰਮ-ਸਰਦ ਦਿਨ ਇਕੱਠਿਆਂ ਗੁਜ਼ਾਰੇ ਸਨ। ਉਸ ਨੇ ਕੋਟ ਨਹੀਂ ਸੀ ਉਤਾਰਿਆ। ਸ਼ਾਇਦ ਉਸ ਨੂੰ ਕੰਬਣੀ ਛਿੜੀ ਹੋਈ ਸੀ। ਰਾਤ ਲੰਮੀ ਹੋ ਗਈ ਸੀ। ਨੀਂਦ ਵੀ ਰੁੱਸ ਗਈ ਸੀ। ਨੋਟਾਂ ਦੀਆਂ ਨੋਕਾਂ ਨਿਕਲ ਆਈਆਂ ਸਨ। ਜਿਸਮ ਦਾ ਜ਼ਾਵੀਆ ਤਬਦੀਲ ਕਰਦਿਆਂ ਉਹ ਥੱਕ ਗਿਆ ਸੀ ਅਤੇ ਬੇਚੈਨੀ ਵਧਦੀ ਚਲੀ ਜਾ ਰਹੀ ਸੀ। ਪਤਾ ਨਹੀਂ, ਰਾਤ ਦੇ ਕਿਸ ਪਹਿਰ ਉਸ ਦੀ ਅੱਖ ਲਗ ਗਈ। ਉਹ ਅਜੀਬ ਅੰਦਾਜ਼ ਵਿਚ ਬਿਸਤਰੇ ਅੰਦਰ ਘੁਸਿਆ ਹੋਇਆ ਸੀ। ਦੋਨੋਂ ਗੋਡੇ ਕਮਰ ਵਿਚ ਅਤੇ ਹੱਥ ਛਾਤੀ ਨਾਲ ਬੱਝੇ ਹੋਏ। ਕੋਟ ਨੂੰ ਜਿਸਮ ਤੇ ਕੱਸਿਆ ਹੋਇਆ ਸੀ। ਮੰਜੀ ਝੂਲਾ ਬਣੀ ਹੋਈ ਸੀ।

ਸਵੇਰ ਨੂੰ ਉਹ ਕਿਸੇ ਹੱਦ ਤਕ ਲੇਟ ਹੋ ਚੁੱਕਾ ਸੀ। ਉਹ ਅਜੀਬ ਤਰ੍ਹਾਂ ਭੈ ਭੀਤ ਸੀ। ਉਸਨੂੰ ਆਪਣੀ ਆਤਮਾ ਮਣਾਂ ਮੂੰਹੀਂ ਬੋਝ ਹੇਠ ਦਬੀ ਮਹਿਸੂਸ ਹੋ ਰਹੀ ਸੀ। ਸੂਰਜ ਉਸਦੀ ਝੌਂਪੜੀ ਦੀ ਛੋਟੀ ਦੀਵਾਰ ਤੋਂ ਝਾਕਣਾ ਸ਼ੁਰੂ ਕਰ ਦਿਤਾ ਸੀ। ਏਨੀ ਦੇਰ ਤਕ ਤਾਂ ਉਹ ਕਦੇ ਨਹੀਂ ਸੀ ਸੁੱਤਾ। ਭਾਵੇਂ ਦਫਤਰ ਜਾਣਾ ਹੋਵੇ, ਭਾਵੇਂ ਨਾਂ। ਉਸ ਦੀ ਬੀਵੀ ਹੁਣ ਉਸ ਦੀ ਇਸ ਹਾਲਤ ਤੋਂ ਪ੍ਰੇਸ਼ਾਨੀ ਮਹਿਸੂਸ ਕਰ ਰਹੀ ਸੀ। ਪਰ ਉਸ ਨੇ ਉਸ ਦੀ ਤਬੀਅਤ ਬਾਰੇ ਨਹੀਂ ਸੀ ਪੁਛਿਆ।

ਆਖਰ ਉਹ ਉਠਿਆ ਅਤੇ ਰਸੋਈ ਵਿਚ ਜਾ ਕੇ ਕਸੈਲੀ ਚਾਹ ਸੰਘ ਅੰਦਰ ਸੁਟ ਕੇ ਉਹ ਬਾਹਰ ਨਿਕਲ ਆਇਆ। ਉਸਦੇ ਚਾਰੇ ਬੱਚੇ ਗਲੀ ਵਿਚ ਦੂਜੇ ਬਚਿਆਂ ਨਾਲ ਖੇਡ ਰਹੇ ਸਨ। ਉਹ ਗਲੀ ਤੋਂ ਬਾਹਰ ਨਿਕਲ ਆਇਆ। ਆਪਣੇ ਹੱਥਾਂ ਨਾਲ ਨੋਟਾਂ ਨੂੰ ਛੋਹਿਆ। ਉਹ ਮੌਜੂਦ ਸਨ। ਉਹ ਐਵੇਂ ਹੀ ਚਲਦਾ ਰਿਹਾ। ਸਮਝ ਵਿਚ ਨਹੀਂ ਸੀ ਆਉਂਦਾ ਕਿ ਉਹ ਕੀ ਕਰੇ। ਹੁਣ ਤਾਂ ਉਸ ਦਾ ਦਿਲ ਚਾਹੁੰਦਾ ਸੀ ਕਿ ਨੋਟਾਂ ਨੂੰ ਉਥੇ ਹੀ ਸੁਟ ਦੇਵੇ, ਪਰ ਮਨੁਖ ਸੀ ਜਿਸ ਦੀਆਂ ਸਾਰੀਆਂ ਲੋੜਾਂ ਅਤੇ ਖੁਸ਼ੀਆਂ ਪੈਸੇ ਦੇ ਦੁਆਲੇ ਘੁੰਮਦੀਆਂ ਹਨ। ਕਿਵੇਂ ਏਡੀ ਵੱਡੀ ਰਕਮ ਛੱਡ ਦਿੰਦਾ। ਦੁਪਹਿਰ ਹੋ ਚਲੀ ਸੀ ਉਹ ਸੜਕ ਦੇ ਕੰਢੇ ਲਗੇ ਮੀਲ-ਪੱਥਰ ਤੇ ਬੈਠ ਗਿਆ।

ਸੂਰਜ ਹੇਠਾਂ ਵਲ ਸਰਕ ਰਿਹਾ ਸੀ। ਉਸ ਦੀ ਆਤਮਾ ਦੋ ਪਾਟਾਂ ਵਿਚਾਲੇ ਪਿਸੀ ਜਾ ਰਹੀ ਸੀ ਅਤੇ ਅੰਦ-



Sri Satguru Jagjit Singh Ji eLibrary NamdhariElibrary@gmail.com

ਰਲੇ ਸੰਘਰਸ਼ ਨੇ ਉਸਨੂੰ ਦੁਬਿਧਾ ਦੀ ਡੂੰਘੀ ਖੱਡ ਵਿਚ ਸੁਟ ਦਿਤਾ ਸੀ। ਉਹ ਇਕ ਘੰਟਾ ਆਪਣੇ ਇਕ ਦੋਸਤ ਦੀ ਦੁਕਾਨ ਤੇ ਜਾ ਕੇ ਵੀ ਬੈਠਾ ਰਿਹਾ ਸੀ।

ਆਖਰ ਉਹ ਬਿਨਾ ਮਕਸਦ ਘੁੰਮਦਿਆਂ ਘੁੰਮਦਿਆਂ ਫਿਰ ਉਸੇ ਜਗ੍ਹਾ ਆ ਗਿਆ ਜਿਥੋਂ ਉਸਨੂੰ ਥੈਲਾ ਮਿਲਿਆ ਸੀ। ਰਾਤ ਹੋ ਚੁਕੀ ਸੀ। ਉਹ ਉਸ ਦੁਕਾਨ ਦੇ ਸਾਹਮਣੇ ਜਾ ਖਲੋਤਾ ਜਿਥੇ ਥੈਲਾ ਪਿਆ ਹੋਇਆ ਸੀ। ਇਕ ਪਲ ਲਈ ਉਸ ਦਾ ਦਿਲ ਕੀਤਾ ਕਿ ਥੈਲੇ ਨੂੰ ਉਥੇ ਹੀ ਸੁਟ ਦੇਵੇ ਅਤੇ ਇਸ ਬੋਝ ਤੋਂ ਛੁਟਕਾਰਾ ਪਾ ਜਾਏ। ਉਸਨੇ ਥੈਲੇ ਨੂੰ ਜੇਬ ਵਿਚੋਂ ਘਸੀਟ ਲਿਆ ਪਰ ਉਹ ਦੂਜੇ ਹੀ ਪਲ ਘਬਰਾ ਗਿਆ। ਇਕ ਫੌਲਾਦੀ ਹੱਥ ਨੇ ਉਸ ਦਾ ਗੁਟ ਫੜ ਲਿਆ ਸੀ। ਉਸ ਨੇ ਹੱਥ ਛੁਡਾਉਣ ਦੀ ਕੋਸ਼ਿਸ਼ ਕੀਤੀ।

"ਹੁਣ ਕਿਥੇ ਜਾਨਾ ਏ।" ਮਜ਼ਬੂਤ ਡੰਡੇ ਦੀ ਇਕ ਹੀ ਚੋਟ ਨੇ ਉਸਨੂੰ ਬੈਠਣ ਲਈ ਮਜਬੂਰ ਕਰ ਦਿਤਾ। "ਦੋ ਦਿਨ ਤੋਂ ਡਾਕਾ ਮਾਰ ਰਿਹਾ ਹੈ। ਕੀ ਸਮਝਦਾ ਏ, ਹਰ ਵਾਰ ਬਚ ਜਾਵੇਗਾ ?"

ਉਹ ਚੀਖਣ ਲਗਿਆ, ਪਰ ਉਸਦੇ ਹੱਥਾਂ ਨੂੰ ਹੱਥਕੜੀ ਨੇ ਜਕੜ ਲਿਆ। ਉਸਦੀ ਤਲਾਸ਼ੀ ਲਈ ਜਾਣ ਲੱਗੀ।

ਕਈ ਵਿਅਕਤੀ ਬਹੁਤ ਨਾਕਾਮ ਹੁੰਦੇ ਹਨ। ਜੇ ਕਿਸਮਤ ਉਹਨਾਂ ਦਾ ਸਾਥ ਦੇ ਵੀ ਦੇਵੇ, ਤਾਂ ਵੀ ਉਹ ਆਪਣੀ ਆਤਮਾ ਦੇ ਬੋਝ ਹੇਠ ਦੱਬਕੇ ਨਾਕਾਮ ਰਹਿੰਦੇ ਹਨ।

)—(

## ਭਾਰਤੀ ਚਿੰਤਨ 'ਚ ਪ੍ਰਤੀਕਵਾਦ

(ਸਫਾ ੩੫ ਦੀ ਬਾਕੀ)

ਮੱਤ ਮਾਰੀ ਜਾਵੇ ਉਸਨੂੰ ਉਹਦਾ ਅਭਿਮਾਨ ਲੈ ਡੁਬਾ।

ਦੁਰਗਾ ਦੇਵੀ ਦਾ ਸ਼ੇਰ ਦੀ ਸਵਾਰੀ ਕਰਨਾ ਨਿਡਰਤਾ ਤੇ ਬੀਰਤਾ ਦੀ ਸਿਖਰ ਨੂੰ ਦਰਸਾਂਦਾ ਹੈ।

ਕਮਾਉਨੀ ਭਾਸ਼ਾ ਵਿਚ ਲਗਾਤਾਰ ਵਹਿੰਦੇ ਵਗਦੇ ਪਾਣੀ ਨੂੰ ਗੰਗਾ ਆਖਦੇ ਹਨ, ਭਉਲੀ ਗੰਗਾ, ਲਛਮਨ ਗੰਗਾ, ਮੰਦਾਕਨੀ ਗੰਗਾ ਆਦਿ ਕਈ ਨਿੱਕੀਆਂ ਨਿੱਕੀਆਂ ਨਦੀਆਂ ਰਲ ਕੇ ਹਰਦੁਆਰ ਨੇੜੇ ਆ ਕੇ ਸਾਡੀ ਪੂਜਨੀਕ ਨਦੀ ਵਡੀ ਗੰਗਾ ਬਣ ਜਾਂਦੀ ਹੈ। ਸ਼ਿਵ ਜੀ ਦੀਆਂ ਜਟਾਂ ਚੋਂ ਨਿਕਲਦੀ ਗੰਗਾ ਵਾਸਤਵ ਵਿਚ ਗਿਆਨ ਗੰਗਾ ਹੈ, ਜੋ ਸਦੀਵੀਂ ਹੈ ਤੇ ਨਿਰੰਤਰ ਇਸ ਦਾ ਵਹਾ ਹੈ।

ਇਹ ਤੇ ਇੰਜ ਦੇ ਹੋਰ ਪ੍ਰਤੀਕ ਨਿਰੀ ਸਾਡੀ ਪੁਰਾਤਨ ਸਭਿਅਤਾ ਦੀ ਹੀ ਪੈਦਾਇਸ਼ ਨਹੀਂ। ਇਹ ਮਨੁਖੀ ਸੋਚ ਦਾ ਹਿਸਾ ਹਨ। ਇਹ ਅੱਜ ਵੀ ਸਿਰਜੇ ਜਾ ਰਹੇ ਹਨ। ਜਿਵੇਂ ਅਮਨ ਦੀ ਪ੍ਰਤੀਕ ਅਸਾਂ ਘੁੱਗੀ ਮੰਨ ਲਈ ਹੈ। ਇਹ ਭੋਲਾ ਪੰਛੀ ਨਾ ਕਿਸੇ ਨੂੰ ਕੋਈ ਦੁਖ ਦੇਂਦਾ ਹੈ ਤੇ ਨਾ ਹੀ ਆਪਸ ਵਿਚ ਲੜਦਾ ਵੇਖਿਆ ਗਿਆ ਹੈ। ਇਸ ਲਈ ਇਹ ਸਾਡਾ ਅਮਨ ਦਾ ਪ੍ਰਤੀਕ ਹੋ ਗਿਆ ਹੈ ਤੇ ਇੰਜ ਹੀ ਜਦ ਤਕ ਮਨੁਖ ਰਹੇਗਾ, ਇਹ ਵਰਤਾਰਾ ਚਲਦਾ ਰਹੇਗਾ।

ESTD 1976 Phone : 573356

A House of

Quality Readymade Garments

GENERAL HOUSE

S.C.F. 33, Phase-2,
S. A. S. Nagar (Mohali) Pb.



Sri Satguru Jagjit Singh Ji eLibrary NamdhariElibrary@gmail.com

# ਸ਼ਹਿਨਾਈ ਸਮਰਾਟ ਉਸਤਾਦ ਬਿਸਮ ਅੱਲ੍ਹਾ ਖ਼ਾਂ

## ਨਾਲ ਰਾਮਾਸ਼ੀਸ ਵਿਸ਼ਵਾਨਾਥ ਦੀ ਗੱਲਬਾਤ

ਪੰਜਾਬੀ ਰੂਪ—ਸੁਰਜੀਤ ਖ਼ੁਰਸ਼ੀਦੀ

ਸ਼ਹਿਨਾਈ ਦਾ ਸੰਬੰਧ ਈਰਾਨ ਦੇਸ ਨਾਲ ਹੈ। ਮਿਸਰ ਦੇ ਇਕ ਤਿੰਨ ਹਜ਼ਾਰ ਵਰ੍ਹੇ ਪੁਰਾਣੇ ਮੀਨਾਰ ਤੇ "ਨੈ" ਨਾਂ ਦੇ ਇਕ ਸਾਜ਼ ਦੀ ਸ਼ਕਲ ਖੁਦੀ ਹੋਈ ਹੈ। ਉਹਨੀਂ ਦਿਨੀਂ "ਨੈ" ਇਕ ਇਹੋ ਜਿਹਾ ਸਾਜ਼ ਸੀ ਜਿਸਨੂੰ ਕੰਪਲੀਕਾ ਅਰਥਾਤ ਧਰੁਵ ਦੁਆਰ, ਜਿਸ ਵਿਚ ਛੇਕ ਬਣੇ ਹੁੰਦੇ ਸਨ, ਵਜਾਇਆ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਸੰਗੀਤਕਾਰ ਨੇ ਇਸ "ਨੈ" ਨੂੰ ਈਰਾਨ ਦੇ ਸ਼ਾਹ ਆਲਮ ਦੇ ਸਾਹਮਣੇ ਵਜਾਇਆ ਤਾਂ ਉਹ ਐਨੇ ਖ਼ੁਸ਼ ਹੋਏ ਕਿ ਇਸ ਸਾਜ਼ ਨੂੰ "ਨੈ ਏਸ਼ੀਆ" ਨਾਂ ਦੇ ਨਾਲ ਬੁਲਾਣ ਲੱਗੇ। ਬਾਅਦ ਵਿਚ ਇਹੋ ਸਾਜ਼ ਸ਼ਹਿਨਾਈ ਜਾਂ ਬਾਦਸ਼ਾਹਾਂ ਦੀ ਨੈ ਦੇ ਨਾਂ ਦੇ ਨਾਲ ਪਰਸਿਧ ਹੋਇਆ। ਭਾਰਤ ਵਿਚ ਸ਼ਹਿਨਾਈ ਮੁਸਲਿਮ ਦੌਰ ਵਿਚ ਆਈ। ਆਈਨੇ ਅਕਬਰੀ ਦੇ ਵਿਚ ਉਸਤਾਦ ਸ਼ਾਹ ਮੁਹੰਮਦ ਨੂੰ ਇਕ ਪਰਸਿਧ ਸ਼ਹਿਨਾਈ ਵਾਦਕ ਕਿਹਾ ਗਿਆ ਹੈ। ਇਤਿਹਾਸ ਦੱਸਦਾ ਹੈ ਕਿ ਸਮਰਾਟ ਅਕਬਰ ਦੇ ਨੌਬਤਖ਼ਾਨੇ ਦੇ ਵਿਚ ਨੌਂ ਸ਼ਹਿਨਾਈਆਂ ਵਜਿਆ ਕਰਦੀਆਂ ਸਨ। ਸ਼ਹਿਨਾਈ ਦੇ ਵਿਚ ਆਮ ਤੌਰ ਤੇ ਅੱਠ ਤੋਂ ਨੌਂ ਤਕ ਮੋਰੀਆਂ ਹੁੰਦੀਆਂ ਹਨ। ਇਹਨਾਂ ਵਿਚੋਂ ਉਪਰਲੀਆਂ ਸੱਤ ਮੋਰੀਆਂ ਵਜਾਣ ਦੇ ਕੰਮ ਆਂਦੀਆਂ ਹਨ। ਬਾਕੀ ਦੀਆਂ ਮੋਰੀਆਂ ਜਾਂ ਤਾਂ ਮੋਮ ਨਾਲ ਭਰ ਦਿਤੀਆਂ ਜਾਂਦੀਆਂ ਹਨ ਜਾਂ ਫੇਰ ਖੁਲ੍ਹੀਆਂ ਹੀ ਛੱਡ ਦਿਤੀਆਂ ਜਾਂਦੀਆਂ ਹਨ ਤਾਂ ਜੋ ਇਸ ਨਾਲ ਸੁਰ ਤੈ ਕੀਤੀ ਜਾ ਸਕੇ। ਇਹ ਇਕ ਪਰਕਾਰ ਦੀ ਕਾਲੀ ਲੱਕੜ ਤੋਂ ਬਣੀ ਹੁੰਦੀ ਹੈ। ਇਸ ਸਾਜ਼ ਦੀ ਲੰਬਾਈ ਇਕ ਤੋਂ ਡੇਢ ਫੁਟ ਤਕ ਹੁੰਦੀ ਹੈ। ਸ਼ਹਿਨਾਈ ਦੇ ਨਾਲ, ਪੁਰਾਣੇ ਸਮਿਆਂ ਵਿਚ, ਨਕਾਰਾ ਜਾਂ ਧਕੜੀ ਨਾਮੀ ਸਾਜ਼ ਸੰਗੀਤ ਦੇ ਲਈ ਵਜਾਇਆ ਜਾਂਦਾ ਸੀ ਜਿਹੜਾ ਕਿ ਤਾਲ ਰੱਖਣ ਦੇ ਲਈ ਕੰਮ ਆਂਦਾ ਸੀ।

ਕੁਝ ਥਾਵਾਂ ਤੇ ਇਹਨਾਂ ਨੂੰ ਲੱਕੜ ਦੇ ਨਿੱਕੇ ਡੰਡਿਆਂ ਦੇ ਨਾਲ ਵੀ ਵਜਾਇਆ ਜਾਂਦਾ ਸੀ। ਦਰਬਾਰੀ ਮਹਿਫ਼ਲਾਂ ਦੇ ਵਿਚ ਉਹਨਾਂ ਨੂੰ ਹੱਥ ਨਾਲ ਵਜਾਣ ਦਾ ਵੀ ਰਿਵਾਜ ਸੀ। ਸ਼ਹਿਨਾਈ ਤਿਹਵਾਰਾਂ ਅਤੇ ਜਲੂਸਾਂ ਵਿਚ ਵਜਾਈ ਜਾਂਦੀ ਰਹੀ ਹੈ। ਇਸ ਤੋਂ ਇਲਾਵਾ ਹਰ ਖ਼ੁਸ਼ੀ ਅਤੇ ਵਿਆਹ ਦੇ ਮੌਕੇ ਤੇ ਸ਼ਹਿਨਾਈ ਵਜਾਣ ਦਾ ਰਿਵਾਜ ਅੱਜ ਤਕ ਵੀ ਹੈ। ਇਹ ਗੱਲ ਦੱਸਣੀ ਕੁਥਾਂ ਨਹੀਂ ਹੋਵੇਗੀ ਕਿ ਬਨਾਰਸ ਵਿਖੇ, ਮੁਹੱਰਮ ਦੇ ਜਲੂਸ ਵਿਚ ਉਸਤਾਦ ਬਿਸਮ ਅੱਲ੍ਹਾ ਖ਼ਾਂ ਸੋਗਮਈ ਧੁਨ ਵਜਾਂਦੇ ਹੋਏ ਅਮਾਮ ਵਾੜਾ ਤੋਂ ਕਰਬਲਾ ਤੀਕ ਜਾਂਦੇ ਹਨ।

ਸ਼ਹਿਨਾਈ ਨੂੰ ਕਲਾਸਿਕੀ ਸਾਜ਼ ਦਾ ਦਰਜਾ ਦਿਲਵਾਣ ਦੇ ਵਿਚ ਅਤੇ ਸੰਗੀਤ ਦੀਆਂ ਮਹਿਫ਼ਲਾਂ ਤੀਕ ਲੈ ਜਾਣ ਦੇ ਵਿਚ, ਉਸਤਾਦ ਬਿਸਮ ਅੱਲ੍ਹਾ ਖ਼ਾਂ ਦਾ ਬਹੁਤ ਵਡਾ ਯੋਗਦਾਨ ਹੈ।

ਰਾਮ ਅਸ਼ੀਸ਼ ਵਿਸ਼ਵਾਨਾਥ ਪਬਲੀਕੇਸ਼ਨ ਡਵੀਜ਼ਨ ਦੇ ਵਿਚ ਅੰਗਰੇਜ਼ੀ ਦੇ ਐਡੀਟਰ ਅਤੇ ਸੰਗੀਤ ਪ੍ਰੇਮੀ ਹੋਣ ਦੇ ਨਾਲ ਨਾਲ ਉਹ ਵਾਇਲਨ ਵਜਾਣ ਵਿਚ ਬਹੁਤ ਮਾਹਰ ਹਨ।



Sri Satguru Jagjit Singh Ji eLibrary NamdhariElibrary@gmail.com

ਆਬਣ ਹੋ ਚੁੱਕੀ ਸੀ । ਰਾਤ ਆਪਣੀ ਜੁਆਨੀ ਦੀ ਦਹਿਲੀਜ਼ ਤੇ ਕਦਮ ਰਖ ਚੁਕੀ ਸੀ । ਸਾਡੀ ਗੱਡੀ ਪੁਰਾਣੀ ਦਿੱਲੀ ਦੇ ਭੀੜ ਭੜੱਕੇ ਵਾਲੇ ਇਲਾਕੇ ਹੌਜ਼ ਕਾਜ਼ੀ ਤੋਂ ਹੁੰਦੀ ਹੋਈ ਫ਼ਤਿਹ ਪੁਰੀ ਮਸਜਿਦ ਵੱਲ ਵਧਦਿਆਂ ਹੋਇਆਂ ਦੂਰੋਂ ਇਕ ਸੁਰ ਵੀ ਸੁਣਾਈ ਦੇਣ ਲੱਗੀ ਸੀ । ਰਾਗ ਸ਼ਿਆਮ ਕਲਿਆਨ ਦੇ ਨਾਲ ਮਿਲਦੀ ਜੁਲਦੀ ਸੁਰ । ਅਚਾਨਕ ਮੈਨੂੰ ਕਦੀ ਸੁਣੀ ਹੋਈ ਘਟਨਾ ਚੇਤੇ ਆ ਗਈ ਜਿਹੜੀ ਕਿ ਖ਼ਾਨ ਸਾਹਿਬ ਦੇ ਨਾਲ ਇਰਾਕ ਦੀ ਇਕ ਮਸੀਤ ਵਿਚ ਪੇਸ਼ ਆਈ ਸੀ । ਸ਼ਹਿਨਾਈ ਨਵਾਜ਼ ਉਸਤਾਦ ਬਿਸਮ ਅੱਲ੍ਹਾ ਖ਼ਾਂ ਮਸੀਤ ਦੀ ਇਮਾਰਤ ਦੇ ਇਕ ਹਿੱਸੇ ਵਿਚ ਸ਼ਹਿਨਾਈ ਨਵਾਜ਼ੀ ਦੇ ਲਈ ਅਮੰਤ੍ਰਿਤ ਸਨ । ਪਰੋਗਰਾਮ ਦੇ ਆਰੰਭ ਤੋਂ ਪਹਿਲਾਂ ਹੀ ਮਹਿਫ਼ਲ ਠੁੱਸਾ ਠੁਸ ਭਰੀ ਹੋਈ ਸੀ । ਤਦੇ ਇਕ ਮੌਲਵੀ ਸਾਹਿਬ ਮੰਚ ਤੇ ਆਏ ਅਤੇ ਫਰਮਾਣ ਲਗੇ, "ਇਸਲਾਮ ਸੰਗੀਤ ਨੂੰ ਹਰਾਮ ਕਰਾਰ ਦੇਂਦਾ ਹੈ ।" ਉਹਨਾਂ ਨੇ ਬਿਸਮ ਅੱਲ੍ਹਾ ਖਾਂ ਨੂੰ ਤਾੜਨਾ ਕੀਤੀ ਕਿ ਸੰਗੀਤ ਮਜ਼ਹਬ ਵਿਰੋਧੀ ਹੈ । ਉਹਨਾਂ ਨੇ ਖਾਨ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਸ਼ਹਿਨਾਈ ਦਾ ਪਰਦਰਸ਼ਨ ਕਰਨ ਤੋਂ ਮੁੜ ਜਾਣ ।

ਮੌਲਵੀ ਸਾਹਿਬ ਜਦੋਂ ਆਪਣੀ ਤਕਰੀਰ ਖਤਮ ਕਰ ਚੁਕੇ ਤਾਂ ਖ਼ਾਂ ਸਾਹਿਬ ਨੇ ਚਾਰੋਂ ਪਾਸੇ ਝਾਤ ਮਾਰੀ । ਉਹਨਾਂ ਦੀਆਂ ਅੱਖਾਂ ਵਿਚ ਹਮੇਸ਼ਾ ਵਾਂਗ ਪਿਆਰ ਦਾ ਜਾਦੂ ਸੀ । ਉਹਨਾਂ ਨੇ ਸ਼ਹਿਨਾਈ ਚੁੱਕੀ ਅਤੇ ਲਗਾਇਆ, "ਸਾ..." । ਸ਼ਹਿਨਾਈ ਦੀ ਫੂਕ ਵਿਚ ਸੁਰ ਦੀ ਅਜਿਹੀ ਪੁਕਾਰ ਸੀ ਕਿ ਸਰੋਤਿਆਂ ਦੇ ਦਿਲਾਂ ਦੀ ਗਹਿਰਾਈ ਨੂੰ ਛੂਹ ਗਈ ।

ਜਦੋਂ ਇਰਾਕ ਦੀ ਉਸ ਮਸੀਤ ਦੇ ਅਹਾਤੇ ਵਿਚ ਖ਼ਾਂ ਸਾਹਿਬ ਨੇ ਆਪਣੀ ਸ਼ਹਿਨਾਈ ਦੀਆਂ ਸਾਰੀਆਂ ਬਾਰੀਕੀਆਂ ਦੇ ਨਾਲ ਸਰੋਤਿਆਂ ਨੂੰ ਮੰਤ੍ਰ-ਮੁਗਧ ਕਰ ਦਿਤਾ ਤਾਂ ਕਿਸੇ ਨੇ ਵੀ ਉਹਨਾਂ ਨੂੰ ਨਾ ਟੋਕਿਆ । ਪ੍ਰੋਗਰਾਮ ਦੇ ਅੰਤ ਹੋਣ ਤੇ ਖ਼ਾਂ ਸਾਹਿਬ ਨੇ ਮੌਲਾਨਾ ਤੋਂ ਪੁਛਿਆ, "ਇਹ, ਜੋ ਕੁਝ ਮੈਂ ਹੁਣੇ ਹੁਣੇ ਕੀਤਾ ਹੈ, ਕੀ ਇਹ ਹਰਾਮ ਸੀ, ਕੀ ਇਹ ਪਾਪ ਹੈ ?" ਮੌਲਾਨਾ ਬਿਲਕੁਲ ਚੁੱਪ ਸਨ ।

ਮਾਹੌਲ ਵਿਚ ਇਕ ਅਜੀਬ ਜਿਹੀ ਖ਼ਾਮੋਸ਼ੀ ਪੱਸਰ ਗਈ ਸੀ, ਜਿਸ ਵਿਚ ਸਿਰਫ ਸੁਰਾਂ ਦੀ ਧੁਨ ਸੁਣਾਈ ਦੇ ਰਹੀ ਸੀ । ਮੌਲਾਨਾ ਸਾਹਿਬ ਖਾਮੋਸ਼ ਸਨ । ਬਿਸਮ ਅੱਲ੍ਹਾ ਖ਼ਾਂ ਸਾਹਿਬ ਨੇ ਫੇਰ ਕਿਹਾ, "ਜੇਕਰ ਸੁਰ ਦੇ ਇਸ ਸੰਗਮ ਦੇ ਨਾਲ ਬੰਦੇ ਅਤੇ ਰੱਬ ਦੇ ਵਿਚਕਾਰ ਪਿਆਰ ਦਾ ਸਿਲਸਲਾ ਜਾਰੀ ਰਹਿਂਦਾ ਹੈ ਤਦ ਫੇਰ ਸੰਗੀਤ ਨੂੰ ਹਰਾਮ ਕਿਵੇਂ ਕਿਹਾ ਜਾ ਸਕਦਾ ਹੈ ? ਅਤੇ ਜੇਕਰ ਇਸ ਸੰਗੀਤ ਨੂੰ ਪਾਪ ਮੰਨਿਆ ਜਾਂਦਾ ਹੈ ਤਾਂ ਮੈਂ ਹੋਰ ਇਹ ਪਾਪ ਕਰਾਂਗਾ ।"

ਅਸੀਂ ਇਰਾਕ ਨਹੀਂ ਫ਼ਤਹਿਪੁਰੀ ਮਸੀਤ ਦੇ ਲਾਗੇ ਸੀ । ਰਾਗ ਸ਼ਿਆਮ ਕਲਿਆਨ ਹੁਣ ਤੇਜ਼ੀ ਦੇ ਨਾਲ ਧਰੁਵ ਵਲ ਨੂੰ ਵਧਣ ਲਗਾ ਸੀ ਅਤੇ ਅਸੀਂ ਖ਼ਾਂ ਸਾਹਿਬ ਦੇ ਠਹਿਰਨ ਵਾਲੀ ਥਾਂ ਤੀਕ ਪੁੱਜ ਚੁਕੇ ਸੀ ।

ਖ਼ਾਂ ਸਾਹਿਬ ਗਾਓ ਤਕੀਆ ਦੇ ਸਹਾਰੇ ਪਲੰਘ ਤੇ ਦੋਨੋਂ ਪੈਰ ਸਾਹਮਣੇ ਪਸਾਰ ਕੇ ਬੈਠੇ ਹੋਏ ਸਨ । ਰਜ਼ਾਈ ਲੱਕ ਤੀਕ ਲਈ ਸੀ । ਆਪਣੇ ਮੁਸਕਰਾਂਦੇ ਹੋਏ ਹੋਠਾਂ ਵਿਚ ਸਿਗਰਿਟ ਦਾ ਇਕ ਧੀਮਾ ਜਿਹਾ ਕਸ਼ ਲੈਂਦੇ ਹੋਏ ਉਹਨਾਂ ਨੇ ਕਿਹਾ, "ਆਈਏ, ਯਹਾਂ ਬੈਠੀਏ", ਦੁਆ ਸਲਾਮ ਹੋਈ । ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ । ਉਹ ਸ਼ਾਮ ਦੇ ਪਰੋਗਰਾਮ ਦੇ ਬਾਰੇ ਖ਼ੁਸ਼ੀ ਭਰੇ ਅੰਦਾਜ਼ ਵਿਚ ਦੱਸਣ ਲਗੇ ਅਤੇ ਦੱਸਦੇ ਹੀ ਚਲੇ ਗਏ । ਅੱਧਾ ਘੰਟਾ ਬੀਤ ਗਿਆ । ਮੈਂ ਦੱਬੀ ਆਵਾਜ਼ ਵਿਚ ਕਿਹਾ, "ਖ਼ਾਂ ਸਾਹਿਬ ਇੰਟਰਵੀਊ......।" ਉਹ ਬੋਲੇ, "ਲਓ, ਤੁਸੀਂ ਹੁਣੇ ਸ਼ੁਰੂ ਹੋ ਜਾਵੋ । ਮੈਂ ਤਾਂ ਤਿਆਰ ਬੈਠਾ ਹਾਂ ।" ਮੈਂ ਵੀ ਤਿਆਰ ਹੀ ਸੀ :—

**?** ਖ਼ਾਂ ਸਾਹਿਬ, ਸੁਰ ਦੇ ਨਾਲ ਨਾਤਾ ਤੁਸੀਂ ਕਦੋਂ, ਕਿਥੇ ਅਤੇ ਕਿਵੇਂ ਜੋੜਿਆ ?

—ਸਾਡਾ ਨਾਤਾ ਸੁਰ ਦੇ ਨਾਲ ਕਈ ਪੀੜ੍ਹੀਆਂ ਤੋਂ ਜੁੜਿਆ ਹੋਇਆ ਹੈ ਅਤੇ ਸ਼ਹਿਨਾਈ ਦੇ ਨਾਲ ਵੀ ਐਨਾ ਹੀ ਪੁਰਾਣਾ ਹੈ । ਸਾਡੇ ਪੜਦਾਦਾ ਹੁਸੈਨ ਬਖ਼ਸ਼, ਦਾਦਾ ਰਸੂਲ ਬਖ਼ਸ਼ ਅਤੇ ਵਾਲਿਦ ਪੈਗੰਬਰ ਬਖ਼ਸ਼ ਬਿਹਾਰ ਦੇ ਭੋਜਪੁਰ ਜ਼ਿਲੇ ਦੇ ਡਮਰਾਓ ਨਵਾਬ ਸਾਹਿਬ ਦੇ ਦਰਬਾਰ ਵਿਚ ਸੰਗੀਤ ਸੇਵਾ ਕਰਦੇ ਆਏ ਹਨ । ਉਹਨਾਂ ਦਾ ਖ਼ਾਸ ਕੰਮ ਨਵਾਬ ਦੇ ਮੰਦਰ ਵਿਚ ਆਰਤੀ ਦੇ ਵਕਤ ਸ਼ਹਿਨਾਈ ਵਜਾਣਾ ਸੀ । ਉਸ ਵਕਤ ਮੈਂ ਤਿੰਨ ਚਾਰ ਵਰ੍ਹਿਆਂ ਦਾ ਬਾਲਕ ਸੀ । ਉਹਨੀਂ ਦਿਨੀਂ ਮੈਂ ਡਮਰਾਓ ਦੇ ਬਿਹਾਰੀ ਜੀ ਦੇ ਮੰਦਰ ਵਿਚ ਖ਼ੂਬ ਨਸਿਆ ਭੱਜਿਆ ਕਰਦਾ ਸੀ । ਸਾਡੇ ਬਜ਼ੁਰਗ ਉਥੇ ਵੀ ਸ਼ਹਿਨਾਈ ਵਜਾਂਦੇ ਸਨ । ਪਰ ਮੈਂ ਉਥੇ ਬਿਹਾਰੀ ਜੀ ਨੂੰ ਚੜ੍ਹਾਇਆ ਗਿਆ



Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਾਦ, ਖ਼ਾਸ ਕਰਕੇ ਲੱਡੂ ਖਾਣ ਦੇ ਲਾਲਚ ਵਿਚ ਜਾਇਆ ਕਰਦਾ ਸੀ। ਪੁਜਾਰੀ ਜੀ ਸਾਨੂੰ ਰੋਜ਼ ਸਵਾ ਸੇਰ ਦਾ ਲੱਡੂ ਦਿਆ ਕਰਦੇ ਸਨ ਅਤੇ ਉਹ ਮੈਂ, ਸਾਰੇ ਘਰ ਵਾਲਿਆਂ ਵਿਚ ਵੰਡ ਕੇ, ਖ਼ੁਦ ਵੀ ਖਾਇਆ ਕਰਦਾ ਸੀ। ਪਰ ਉਹਨੀਂ ਦਿਨੀਂ ਮੈਂ ਆਪ ਸ਼ਹਿਨਾਈ ਨਹੀਂ ਸੀ ਵਜਾਇਆ ਕਰਦਾ। ਭਾਵੇਂ ਘਰ ਵਿਚ ਹਮੇਸ਼ਾਂ ਸ਼ਹਿਨਾਈ ਵੱਜਦੀ ਸੀ। ਫੇਰ ਵੀ ਨਿਜੀ ਤੌਰ ਤੇ ਉਧਰ ਧਿਆਨ ਨਹੀਂ ਸੀ ਕੀਤਾ। ਮੈਨੂੰ ਤਾਂ ਸ਼ਹਿਨਾਈ ਦਾ ਸ਼ੌਕ ਉਦੋਂ ਪੈਦਾ ਹੋਇਆ ਜਦੋਂ ਮੈਂ ਮਾਪਿਆਂ ਦੇ ਨਾਲ ਬਨਾਰਸ ਆਇਆ ਅਤੇ ਆਪਣੇ ਮਾਮੇ ਅਲੀ ਬਖ਼ਸ਼ ਨੂੰ ਸੁਨਣ ਲਗਾ।

? ਪਰ ਖ਼ਾਂ ਸਾਹਿਬ ਇਹ ਕਿੰਨੀ ਅਜੀਬ ਗੱਲ ਹੈ ਹੈ ਕਿ ਤੁਸੀਂ ਘਰ ਵਿਚ ਆਪਣੇ ਵਾਲਿਦ ਆਦਿ ਦੀ ਸ਼ਹਿਨਾਈ ਨਵਾਜ਼ੀ ਵੱਲ ਧਿਆਨ ਨਾ ਦੇ ਸਕੇ ਪਰ ਉਸੇ ਸ਼ਹਿਨਾਈ ਨੂੰ ਜਦੋਂ ਤੁਸੀਂ ਆਪਣੇ ਮਾਮਾ ਉਸਤਾਦ ਅਲੀ ਬਖ਼ਸ਼ ਸਾਹਿਬ ਹੋਰਾਂ ਤੋਂ ਸੁਣਿਆ ਤਾਂ ਤੁਹਾਨੂੰ ਇਸ ਵੱਲ ਖਿਚ ਮਹਿਸੂਸ ਹੋਈ?

—ਬਿਲਕੁਲ ਇੰਝ ਹੀ ਹੋਇਆ। ਮੈਨੂੰ ਖੁਦ ਪਤਾ ਨਹੀਂ ਕਿ ਜਦੋਂ ਡਮਰਾਓਂ ਵਿਖੇ ਘਰ ਵਿਚ ਸ਼ਹਿਨਾਈ ਵੱਜਦੀ ਸੀ ਤਦ ਉਸ ਵਲ ਕੋਈ ਰੁੱਚੀ ਪੈਦਾ ਨਹੀਂ ਹੋਈ ਪਰ ਜਦੋਂ ਬਚਪਨ ਵਿਚ ਹੀ ਮੈਂ ਬਨਾਰਸ ਆਇਆ ਤਾਂ ਬੜਾ ਚੰਚਲ ਸੀ ਉਦੋਂ ਖੇਡਦਿਆਂ ਖੇਡਦਿਆਂ ਜਦੋਂ ਮਾਮੇ ਦੀ ਸ਼ਹਿਨਾਈ ਦੀ ਆਵਾਜ਼ ਸੁਣਾਈ ਦੇਂਦੀ ਸੀ ਤਾਂ ਉਦੋਂ ਝਟ ਮੇਰੇ ਮਨ ਵਿਚ ਇਸ ਪ੍ਰਤੀ ਮੋਹ ਪੈਦਾ ਹੋ ਜਾਂਦਾ ਸੀ। ਖੇਡਦਿਆਂ ਹੋਇਆਂ ਵੀ ਮੈਂ ਮਾਮੇ ਦੇ ਰਿਆਜ਼ ਨੂੰ ਸੁਣਨ ਦੀ ਆਦਤ ਬਣਾ ਲਈ। ਇਸ ਤੇ ਮੇਰੇ ਮਾਮੇ ਨੇ ਵਿਚਾਰ ਕੀਤੀ ਅਤੇ ਇਕ ਦਿਨ ਇਕ ਨਿੱਕੀ ਜਹੀ ਸ਼ਹਿਨਾਈ ਹੱਥ ਵਿਚ ਫੜਾ ਹੀ ਦਿਤੀ ਅਤੇ ਕਿਹਾ, "ਹੁਣ ਇਹਨੂੰ ਵਜਾ। ਇਸ ਪਰਕਾਰ ਸਾ, ਰੇ, ਗਾ, ਮਾ, ਪਾ, ਧਾ, ਨੀ, ਸਾ........., ਸਾ, ਨੀ, ਧਾ, ਪਾ, ਮਾ, ਗਾ, ਰੇ, ਸਾ ਵਜਾ। ਬਹੁਤ ਆਨੰਦ ਅਤੇ ਪੈਸਾ ਮਿਲੇਗਾ।"

ਓਦੋਂ ਮੈਂ ਸ਼ਹਿਨਾਈ ਨੂੰ ਇਕ ਖਡੌਣਾ ਸਮਝਦਾ ਸੀ। ਖੂਬ ਟੀਂ ਟੀਂ ਕਰਦਾ ਸੀ। ਪਰ ਹੌਲੀ ਹੌਲੀ ਮਨ ਲਗਣ ਲਗਾ ਅਤੇ ਮਾਮੇ ਨੇ ਖ਼ੁਸ਼ ਹੋ ਕੇ ਸਬਕ ਦੇਣਾ ਆਰੰਭ ਕਰ ਦਿਤਾ।

? ਖ਼ਾਂ ਸਾਹਿਬ ਤੁਹਾਨੂੰ ਪਹਿਲਾਂ ਕਿਸ ਤਰ੍ਹਾਂ ਦਾ ਸਬਕ ਸ਼ੁਰੂ ਕਰਵਾਇਆ?

—ਪਹਿਲਾਂ ਤਾਂ ਸੁਰ ਲਗਣ ਦਾ ਸਬਕ ਸ਼ੁਰੂ ਕਰਵਾਇਆ ਗਿਆ ਸੀ। ਮਾਮਾ ਕਹਿੰਦੇ ਸਨ, ਕੋਈ ਵੀ ਤਿੰਨ ਸੁਰ ਲੈ ਲਵੋ। ਉਸ ਤੋਂ ਉਪਰ ਹੇਠਾਂ ਜਾਣਾ ਮਨ੍ਹਾਂ ਹੈ। ਜਿਵੇਂ ਨਿਸ਼ਾਦ, ਸ਼ੜਜ ਅਤੇ ਰਿਸ਼ਭ, ਇਹਨਾਂ ਹੀ ਤਿੰਨ ਸੁਰਾਂ ਤੇ ਟਿਕੇ ਰਹੋ। ਇਹਨਾਂ ਨੂੰ ਸਜਾਓ, ਸੰਵਾਰੋ ਅਤੇ ਇਕ ਸੁੰਦਰ ਗੁਲਦਸਤਾ ਬਣਾਓ ਅਤੇ ਜਦੋਂ ਇਹਨਾਂ ਤਿੰਨਾਂ ਸੁਰਾਂ ਵਿਚ ਕਾਫ਼ੀ ਦੇਰ ਖੇਡ ਚੁਕੋ ਤਦ ਅਗੇ ਵਧੋ ਅਤੇ ਤਦ ਕੁਝ ਹੋਰ ਸੁਰ ਲੈ ਲਵੋ। ਸੁਰਾਂ ਦੇ ਇਸ ਸਾਗਰ ਤੋਂ ਇਕ ਸੁੰਦਰ ਨਮੂਨਾ ਤਿਆਰ ਕਰੋ। ਇੰਝ ਮਾਮੇ ਨੇ ਕਈ ਰਾਗਾਂ ਦੀ ਪਹਿਚਾਣ ਵਿਚ ਮੇਰੀ ਰਾਹਨੁਮਾਈ ਕੀਤੀ।

? ਖ਼ਾਂ ਸਾਹਿਬ ਆਪ ਜੀ ਨੂੰ ਬੰਦਸ਼ਾਂ ਦੀ ਸਿੱਖਿਆ ਕਿਵੇਂ ਪ੍ਰਾਪਤ ਹੋਈ।

—ਅਲੀ ਬਖ਼ਸ਼ ਮੈਨੂੰ ਰਾਗਾਂ ਦੀ ਸਥਾਈ ਅਤੇ ਅੰਤਰਾ ਸਿਖਾਇਆ ਕਰਦੇ ਸਨ ਅਤੇ ਉਹਨਾਂ ਨੂੰ ਸਹੀ ਤਰੀਕੇ ਦੇ ਨਾਲ ਚੇਤੇ ਕਰਨ ਲਈ ਕਹਿੰਦੇ ਸਨ। ਜੇ ਮੈਂ ਕਦੇ ਕੁਝ ਭੁੱਲ ਵੀ ਜਾਂਦਾ ਤਾਂ ਮੈਨੂੰ ਚੌਕਸ ਰਹਿ ਕੇ ਸਥਾਈ ਅੰਤਰਾ ਯਾਦ ਕਰਨ ਤੇ ਜ਼ੋਰ ਦਿੰਦੇ ਰਹਿੰਦੇ ਸਨ, "ਜੇਕਰ ਏਥੇ ਭੁੱਲ ਜਾਵੇਂਗਾ ਤਾਂ ਪ੍ਰੋਗਰਾਮ ਦੇ ਮੰਚ ਤੇ ਕਿਥੇ ਯਾਦ ਆਵੇਗਾ?" ਮੈਂ ਚੌਕਸ ਰਹਿਣ ਲਗਾ। ਬਹੁਤ ਛੇਤੀ ਮੈਂ ਕਈ ਰਾਗਾਂ ਦੇ ਸਥਾਈ ਅੰਤਰੇ ਯਾਦ ਕਰ ਲਏ। ਜਿਥੇ ਹੋਰਾਂ ਨੂੰ ਇਕ ਬੰਦਸ਼ ਯਾਦ ਕਰਨ ਵਿਚ ਹਫਤੇ ਲਗ ਜਾਂਦੇ ਸਨ, ਮੈਂ ਦੋ ਘੰਟੇ ਵਿਚ ਇਕ ਬੰਦਸ਼ ਯਾਦ ਕਰ ਲੈਂਦਾ ਸੀ ਅਤੇ ਇੰਝ ਤਿਆਰੀ ਦਾ ਮੁੱਢ ਬੱਝਾ। ਇਸ ਪ੍ਰਕਾਰ ਮੈਂ ੧੪ ਵਰ੍ਹਿਆਂ ਦੀ ਉਮਰ ਵਿਚ ਸਟੇਜ ਤੇ ਪੁੱਜਾ ਅਤੇ ਆਪਣੇ ਵਡੇ ਭਰਾ ਸ਼ਮਸ-ਉ-ਦੀਨ ਖ਼ਾਂ ਦੇ ਸਾਥ ਵਿਚ ਪ੍ਰੋਗਰਾਮ ਦੇਣ ਲੱਗਾ।

? ਖ਼ਾਂ ਸਾਹਿਬ, ਤੁਸੀਂ ਲੋਕ ਸੰਗੀਤ ਦੇ ਨਾਲ ਜੁੜੇ ਸਾਜ਼ ਸ਼ਹਿਨਾਈ ਨੂੰ ਸ਼ਾਸਤਰੀ ਸੰਗੀਤ ਦੇ ਉਚ ਦਰਜੇ ਤੇ ਪੁਜਾਇਆ ਹੈ। ਇਹ ਸੰਘਰਸ਼ ਤੁਸੀਂ ਆਪਣੇ ਜ਼ਿੰਮੇਂ ਕਿਵੇਂ ਲਿਆ?

—ਇਹ ਤਾਂ ਬੜਾ ਲੰਬਾ ਸਫ਼ਰ ਹੈ। ਸਾਡੇ ਪੁਰਖੇ ਪਹਿਲਾਂ ਗਾਇਕ ਸਨ, ਫੇਰ ਅੱਗੇ ਚਲਕੇ ਸਾਜ਼ਾਂ ਤੇ ਹੱਥ



Sri Satguru Jagjit Singh Ji eLibrary NamdhariElibrary@gmail.com

ਅਜ਼ਮਾਇਆ ਅਤੇ ਦੇਖਿਆ ਤਾਂ ਕੁਝ ਇਕ ਨੇ ਸਤਾਰ ਵਜਾਈ, ਕੁਝ ਇਕ ਨੇ ਸਰੋਦ ਤੇ ਆਪਣਾ ਰੰਗ ਜਮਾਇਆ। ਪਰ ਖੋਜ ਕਰਦੇ ਕਰਦੇ ਸ਼ਹਿਨਾਈ ਤੀਕ ਪੁਜੇ। ਉਹਨੀਂ ਦਿਨੀਂ ਸ਼ਹਿਨਾਈ ਸਿਰਫ ਲੋਕ ਸੰਗੀਤ, ਡਰਾਮਿਆਂ ਜਾਂ ਤਿਉਹਾਰਾਂ ਦੇ ਮੌਕਿਆਂ ਤੇ ਹੀ ਵਜਾਈ ਜਾਂਦੀ ਸੀ। ਇਸ ਦੀ ਨਾ ਤਾਂ ਤਕਨੀਕ ਪੱਖੋਂ ਕੋਈ ਤਿਆਰੀ ਸੀ ਅਤੇ ਨਾ ਹੀ ਗਾਇਕੀ ਦੀਆਂ ਬਾਰੀਕੀਆਂ ਨੂੰ ਪੇਸ਼ ਕਰਨ ਦਾ ਕੋਈ ਢੰਗ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸਾਡੇ ਬਜ਼ੁਰਗਾਂ ਨੇ ਸ਼ਹਿਨਾਈ ਤੇ ਤਕਨੀਕੀ ਖੂਬੀਆਂ ਨੂੰ ਉਜਾਗਰ ਕੀਤਾ। ਪਹਿਲਾਂ ਅਲਾਪ ਲਿਆਏ, ਫੇਰ ਜੋੜ ਦਾ ਕੰਮ ਪੇਸ਼ ਕੀਤਾ। ਬਾਅਦ ਵਿਚ ਤਾਲ ਵਜਾਣ ਲਗੇ। ਝਾਲਾ ਪੇਸ਼ ਕੀਤਾ ਅਤੇ ਕਰਦਿਆਂ ਕਰਦਿਆਂ ਜਦੋਂ ਸਾਡੇ ਮਾਮੇ ਦਾ ਜ਼ਮਾਨਾ ਆਇਆ ਉਦੋਂ ਸ਼ਹਿਨਾਈ ਸ਼ਾਸਤਰੀ ਸੰਗੀਤ ਨੂੰ ਪੇਸ਼ ਕਰਨ ਦੇ ਲਈ ਹਰ ਤਰ੍ਹਾਂ ਦੇ ਨਾਲ ਭਲੀ ਭਾਂਤੀ ਤਿਆਰ ਹੋ ਚੁੱਕੀ ਸੀ। ਬਸ ਅਸੀਂ ਇਸ ਨੂੰ ਲੈ ਕੇ ਅੱਗੇ ਵਧੇ।

? ਪਰ, ਖ਼ਾਂ ਸਾਹਿਬ ਤੁਸੀਂ ਆਪਣੇ ਸੰਗੀਤ ਦੇ ਆਰੰਭ ਦੇ ਸਮੇਂ ਕਿਹੋ ਜਿਹਾ ਮਾਹੌਲ ਪਾਇਆ ? ਉਦੋਂ ਵਿਚ ਅਤੇ ਅੱਜ ਵਿਚ ਤੁਸੀਂ ਕੀ ਤਬਦੀਲੀ ਦੇਖੀ ?

—ਬਈ ਅਸੀਂ ਤਾਂ ਸ਼ੁਰੂ ਵਿਚ ਹੀ ਖੂਬ ਸੁਆਦ ਮਾਣਿਆ। ਬਨਾਰਸ ਦੇ ਪ੍ਰਸਿਧ ਮੰਦਰ ਮਾਂ ਸਿਧੇਸ਼ਵਰੀ ਜੀ ਕਾ, ਦੇ ਬਾਹਰ ਇਕ ਦੋ ਮੁੰਡੇ ਬਹਿ ਕੇ ਮਸਤ ਹੋ ਜਾਇਆ ਕਰਦੇ ਸਨ ਅਤੇ ਸ਼ਹਿਨਾਈ ਤੇ ਧੁਨ ਚੇਯੰਤੀ ਆਦਿ ਵਜਾਇਆ ਕਰਦੇ ਸਨ। ਮੁਹੱਲੇ ਵਾਲਿਆਂ ਦੀ ਭੀੜ ਲਗ ਜਾਂਦੀ ਸੀ। ਲੋਕ ਕਿਹਾ ਕਰਦੇ ਸਨ, "ਵਾਹ ਪੁੱਤਰੋ, ਜੀਓ!" ਤਦ ਅਸੀਂ ਕਹਿੰਦੇ ਸੀ, "ਵਾਹ ਪੁਜਾਰੀ, ਸਾਨੂੰ ਕੋਈ ਪ੍ਰਸ਼ਾਦ ਨਹੀਂ ਮਿਲਿਆ। ਐਨੀ ਮਿਹਨਤ ਕੀਤੀ ਐ।" ਪੁਜਾਰੀ ਜੀ ਕਹਿੰਦੇ ਸਨ, "ਲੈ ਪੁੱਤਰ ਪ੍ਰਸ਼ਾਦ ਲੈ ਅਤੇ ਖੂਬ ਵਜਾਈ ਜਾ।" ਫੇਰ ਜਾ ਕੇ ਬੈਠਦੇ ਸੀ ਸ਼ੀਤਲਾ ਜੀ ਦੇ ਮੰਦਰ ਦੇ ਲਾਗੇ। ਘਾਟ ਦੀਆਂ ਪੌੜੀਆਂ 'ਤੇ ਅਤੇ ਵਜਾਇਆ ਕਰਦੇ ਸੀ, "ਗੰਗਾ ਤੇਰੇ ਦਵਾਰੇ ਬਜੱਈਆ ਬਾਜੇ, ਗੰਗਾ ਤੇਰੇ ਦਵਾਰੇ......" ਮੰਦਰ ਵਿਚ ਆਣ ਜਾਣ ਵਾਲੇ ਭਗਤ ਰੁਕ ਕੇ ਸਾਡੇ ਵਾਜੇ ਨੂੰ ਦੇਖਦੇ ਸਨ। ਉਥੋਂ ਦੇ ਪੁਜਾਰੀ ਵੀ ਸਾਨੂੰ ਡੂਨਿਆਂ ਵਿਚ ਪਤਾਸੇ ਅਤੇ ਲੱਡੂ ਦਾ ਪ੍ਰਸ਼ਾਦ ਦੇਂਦੇ। (ਹੁਣ ਉਹ ਘਾਟ ਰਾਜਿੰਦਰ ਪ੍ਰਸ਼ਾਦ ਘਾਟ ਦੇ ਨਾਂ ਨਾਲ ਮਸ਼ਹੂਰ ਹੈ।) ਮੈਂ ਤਾਂ ਅੱਲ੍ਹਾ ਨੂੰ ਕਹਿੰਦਾ ਹਾਂ, "ਹੇ ਮਾਲਕ, ਬਸ ਸੁਰ ਦੀ ਦੁਨੀਆਂ ਵਿਚ ਮੈਨੂੰ ਅਮਰ ਕਰ ਦੇ, ਹੋਰ ਸਭ ਕੁਝ ਤੋਂ ਸਾਨੂੰ ਕੀ ਮਤਲਬ?" ਬਈ ਅਸਲੀ ਸੁਆਦ ਤਾਂ ਸੁਰ ਵਿਚ ਹੈ। ਉਹ ਰਾਮ ਅਤੇ ਰਹੀਮ ਦੋਹਾਂ ਦਾ ਮੂਲ ਹੈ। ਸੁਰ ਦਾ ਕੋਈ ਮਜ਼ਹਬ ਨਹੀਂ। ਅਸੀਂ ਤਾਂ ਕਹਿੰਦੇ ਹਾਂ ਜੋ ਸੁਰ ਨੂੰ ਭਾਲੇਗਾ ਉਸ ਨੂੰ ਈਸ਼ਵਰ ਨੂੰ ਭਾਲਣ ਦੀ ਲੋੜ ਨਹੀਂ। ਦੋਵੇਂ ਇਕ ਹੀ ਖੋਜ ਹਨ। ਅਸੀਂ ਜਾਣਦੇ ਹਾਂ ਕਿ ਈਸ਼ਵਰ ਹੈ, ਪੂਰਾ ਯਕੀਨ ਹੈ, ਪਰ ਦਿਖਦਾ ਨਹੀਂ ਹੈ। ਇਸੇ ਪ੍ਰਕਾਰ ਸੁਰ ਹੈ। ਸੁਣਾਈ ਦੇਂਦੀ ਹੈ, ਦਿਖਾਈ ਨਹੀਂ ਦੇਂਦੀ। ਨਾ ਹੀ ਅਸੀਂ ਉਹਨੂੰ ਛੂਹ ਸਕਦੇ ਹਾਂ। ਸੁਆਦ ਵਾਲੀ ਗੱਲ ਇਹ ਹੈ ਕਿ ਜਦੋਂ ਬੰਦਾ ਸੁਰ ਲੱਭ ਲੈਂਦਾ ਹੈ ਤਾਂ ਉਸ ਨੂੰ ਈਸ਼ਵਰ ਅੱਲ੍ਹਾ ਰਬ ਦਿਖਣ ਲਗਦੇ ਹਨ। ਜਦੋਂ ਮਾਨਵ ਸੁਰ ਦੀ ਖੋਜ ਵਿਚ ਅੱਲ੍ਹਾ ਈਸ਼ਵਰ ਤੀਕ ਨਿਮਰਤਾ ਨਾਲ, ਅਧੀਨਗੀ ਦੇ ਨਾਲ ਪੁਜਦਾ ਹੈ ਤਾਂ ਭਗਵਾਨ ਖੁਸ਼ ਹੋ ਕੇ ਕਹਿੰਦੇ ਹਨ, "ਸੁਰ ਤਾਂ ਤੈਨੂੰ ਦੇ ਦਿਤੀ ਹੈ, ਲੈਅ ਵੀ ਲੈ ਜਾਵੋ"—ਭਾਵ ਈਸ਼ਵਰ ਸੰਗੀਤ-ਕਾਰ ਦੇ ਨਾਲ ਐਨਾ ਪਿਆਰ ਕਰਦਾ ਹੈ ਕਿ ਉਹਨੂੰ ਸੁਰ ਦੇ ਨਾਲ ਨਾਲ ਲੈਅ ਵੀ ਦੇ ਦੇਂਦਾ ਹੈ ਅਤੇ ਲੈਅ ਤੋਂ ਭਾਵ ਕੇਵਲ ਤਾਲ ਨਹੀਂ ਹੈ, ਗਿਆਨ ਵੀ ਹੈ।

ਬਾਤ ਚੀਤ ਨਿਰੰਤਰ ਚਲ ਰਹੀ ਸੀ। ਘੜੀ ਤਾਂ ਅਸੀਂ ਦੇਖੀ ਹੀ ਨਹੀਂ ਸੀ। ਤਦੇ ਕਿਸੇ ਨੇ ਪੁਛਿਆ, "ਖ਼ਾਂ ਸਾਹਿਬ ਤੁਸੀਂ ਖਾਣਾ ਨਹੀਂ ਖਾਓਗੇ। ਬਾਅਦ ਵਿਚ ਨਹੀਂ ਮਿਲਣਾ। ਸਭ ਨੇ ਘੜੀ ਦੇਖੀ, ਰਾਤ ਦੇ ਬਾਰਾਂ ਵਜ ਚੁਕੇ ਸਨ। ਸਾਨੂੰ ਅਗੇ ਹੋਰ ਕੁਝ ਵੀ ਪੁਛਦਿਆਂ ਝਿਜਕ ਹੋਣ ਲੱਗੀ। ੭੭ ਵਰ੍ਹਿਆਂ ਦੇ ਬਿਸਮ ਅੱਲ੍ਹਾ ਖ਼ਾਂ ਸਾਹਿਬ ਨੇ ਸਾਰੀ ਸ਼ਾਮ ਸ਼ਹਿਨਾਈ ਨਵਾਜ਼ੀ ਦੇ ਨਾਲ ਸੁਣਨ ਵਾਲਿਆਂ ਨੂੰ ਮੰਤਰ-ਮੁਗਧ ਕਰੀ ਰਖਿਆ। ਅਜੇ ਤੀਕ ਉਹਨਾਂ ਨੇ ਖਾਣਾ ਵੀ ਨਹੀਂ ਸੀ ਖਾਧਾ। ਅਸੀਂ ਚੁਪ ਬੈਠੇ ਹੋਏ ਸੀ। ਤਦੇ ਖ਼ਾਂ ਸਾਹਿਬ ਨੇ ਮੇਰਾ ਹੱਥ ਥੱਪ ਥਪਾਇਆ ਅਤੇ ਕਿਹਾ, 'ਬਈ ਇਹ ਵੀ ਇਕ 'ਲੈਅ' ਹੈ। ਹੁਣ ਰਾਤ ਹੋ ਰਹੀ ਹੈ। ਵਕਤ ਥੋੜਾ ਰਹਿ ਗਿਆ ਹੈ। ਜਦੋਂ ਵਕਤ ਦੀ ਗਤੀ ਆਪਣੇ ਨਿਸ਼ਚਿਤ ਸਥਾਨ ਤੇ ਪੁਜਦੀ ਹੈ ਤਾਂ ਉਦੋਂ ਉਹਨੂੰ ਸੰਗੀਤ ਦੀ ਭਾਸ਼ਾ ਵਿਚ 'ਸਮ' ਕਹਿੰਦੇ ਹਨ। ਹੁਣ ਇਸ ਇੰਟਰਵਿਊ ਦਾ ਵੀ 'ਸਮ' ਆ ਚੁਕਾ ਹੈ।" ਅਸੀਂ ਖ਼ਾਂ ਸਾਹਿਬ ਨੂੰ ਸਲਾਮ ਕੀਤੀ ਅਤੇ ਵਿਦਾਅ ਲਈ।



Sri Satguru Jagjit Singh Ji eLibrary NamdhariElibrary@gmail.com

# ਤਰਨ ਸਿੰਘ ਵਹਿਮੀ ਸਾਲਾਨਾ ਸਾਹਿਤ ਸਮਾਗਮ ਅਤੇ ਸਨਮਾਨ ਸਮਾਰੋਹ ੧੯੯੪

ਸੰਤ ਤਰਨ ਸਿੰਘ ਵਹਿਮੀ ਬੜੇ ਸਿਦਕਵਾਨ, ਨਿਸ਼ਠਾਵਾਨ ਅਤੇ ਸਿਰੜੀ ਲੇਖਕ ਹੋਏ ਹਨ। ਜਿਥੇ ਉਹਨਾਂ ਨਾਮਧਾਰੀ ਪੰਥ ਦੀ ਝੋਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸੰਬੰਧੀ 'ਜੱਸ ਜੀਵਨ' ਵਰਗੇ ਇਤਿਹਾਸਕ ਗ੍ਰੰਥ ਪਾਏ ਹਨ ਉਹਨਾਂ ਪੰਜਾਬੀ ਸਾਹਿਤ ਜਗਤ ਵਿਚ ਅਖੀਆਂ, ਪ੍ਰੇਮ ਅੱਖਰ, ਸੋਰਠ ਬੀਜਾ, ਜਿਹੇ ਕਿਸਾ ਕਾਵਿ ਜਿਹੀਆਂ ਅਨਮੋਲ ਰਚਨਾਵਾਂ ਪਾਈਆਂ। 'ਜੱਸ ਜੀਵਨ' ਜਿਸ ਦੀ ਤਾਂ ਕਥਾ ਵੀ ਕਈ ਥਾਂ ਹੁੰਦੀ ਹੈ ਉਹਨਾਂ ਆਪਣੇ ਉਦਮ ਨਾਲ ਪ੍ਰਕਾਸ਼ਤਵੀ ਕੀਤੇ। ਇਸ ਵਾਸਤੇ ਉਹਨਾਂ ਦੀ ਘਾਲਣਾ ਅਗੇ ਸਿਰ ਝੁਕਦਾ ਹੈ।

ਉਹਨਾਂ ਦੀ ਪੁਸਤਕਾਂ ਤਾਂ ਉਹਨਾਂ ਦਾ ਨਾਂਅ ਰੌਸ਼ਨ ਕਰ ਹੀ ਰਹੀਆਂ ਹਨ ਉਹਨਾਂ ਦਾ ਪਰਿਵਾਰ ਅਤੇ ਇਲਾਕੇ ਦੀ ਸਾਹਿਤ ਸਭਾ 'ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ' ਵੀ ਵਿਸ਼ੇਸ਼ ਸਾਹਿਤਕ ਸਮਾਗਮਾਂ ਦੁਆਰਾ ਇਕ ਤਾਂ ਉਹਨਾਂ ਦੀ ਯਾਦ ਨੂੰ ਉਜਾਗਰ ਕਰ ਰਹੇ ਹਨ ਦੂਸਰਾ ਇਲਾਕੇ ਵਿਚ ਸਾਹਿਤਕ ਸਰਗਰਮੀਆਂ ਨੂੰ ਜਾਰੀ ਰਖ ਕੇ ਪੰਜਾਬੀ ਮਾਂ ਦੀ ਸੇਵਾ ਕਰ ਰਹੇ ਹਨ। ਸੰਨ ੧੯੯੦ ਤੋਂ "ਤਰਨ ਸਿੰਘ ਵਹਿਮੀ ਸਾਹਿਤ ਸਨਮਾਨ' ਵੀ ਸ਼ੁਰੂ ਕੀਤਾ ਹੈ ਜੋ ਹਰ ਸਾਲ ਪੰਜਾਬੀ/ਨਾਮਧਾਰੀ ਸਮਾਜ ਨਾਲ ਸੰਬੰਧਤ ਸਾਹਿਤਕਾਰ ਲੇਖਕ ਨੂੰ ਦਿਤਾ ਜਾਂਦਾ ਹੈ।

ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਪੰਜਾਬੀ ਸਾਹਿਤ ਸਮਾਗਮ ਦਾ ਸਤਾਰਵਾਂ ਸਾਲਾਨਾ ਇਕੱਠ ਮਿਤੀ ੨੦ ਨਵੰਬਰ ੧੯੯੪ ਨੂੰ ਏਲਨਾਬਾਦ ਹਰਿਆਣਾ ਦੀ ਨਾਮਧਾਰੀ ਧਰਮਸ਼ਾਲਾ ਵਿਚ ਇਕ ਭਾਰੀ ਸਮਾਗਮ ਦੇ ਰੂਪ ਵਿਚ ਆਯੋਜਿਤ ਹੋਇਆ। ਪੰਜਾਬ ਅਤੇ ਹਰਿਆਣਾ ਚੋਂ ਸਾਹਿਤਕਾਰ ਲੇਖਕ ਕਵੀ ਤਾਂ ਇਕੱਠੇ ਹੋਬੇ ਹੀ, ਭਾਰੀ ਗਿਣਤੀ ਵਿਚ ਇਲਾਕਾ ਅਤੇ ਸ਼ਹਿਰ ਨਿਵਾਸੀ ਵੀ ਸ਼ਰਧਾ ਨਾਲ ਆਏ।

ਪ੍ਰਸਿਧ ਸਮਾਜ ਸੇਵਕ, ਲੇਖਕ ਅਤੇ ਬੁਲਾਰੇ ਕਾਮਰੇਡ ਸਵਰਨ ਸਿੰਘ ਵਿਰਕ ਦੇ ਸਯੋਗ ਸਟੇਜ ਪਰਬੰਧ ਵਿਚ ਸਮਾਗਮ ਪੰਜ ਘੰਟੇ ਸਫਲਤਾ ਨਾਲ ਚਲਿਆ ਅਤੇ ਇਸ ਦੇ ਤਿੰਨ ਮੁਖ ਭਾਗ ਸਨ। ਪਰਚੇ ਪੜਣੇ, ਸਨਮਾਨ ਸਮਾਰੋਹ ਅਤੇ ਕਵੀ ਦਰਬਾਰ।

ਸਾਥੀ ਨਰਭਿੰਦਰ ਸਿੰਘ ਨੇ "ਸੰਤ ਤਰਨ ਸਿੰਘ ਵਹਿਮੀ ਦੀ ਸਾਹਿਤਕ ਦੇਣ" ਵਿਸ਼ੇ ਤੇ ਪਰਚਾ ਪੜ੍ਹਿਆ ਜਿਸ ਵਿਚ ਵਹਿਮੀ ਜੀ ਦੀ ਸਾਹਿਤਕ ਦੇਣ ਨੂੰ ਉਜਾਗਰ ਕਰਨ ਦਾ ਸਫਲ ਯਤਨ ਸੀ। ਕਾਮਰੇਡ ਸਵਰਨ ਸਿੰਘ ਵਿਰਕ ਦਾ ਪਰਚਾ ਸੀ "ਹਰਿਆਣੇ ਵਿਚ ਪੰਜਾਬੀ ਦਾ ਮੁਲੰਕਣ।"

ਇਸ ਪਰਚੇ ਵਿਚ ਹਰਿਆਣਾ ਵਿਚ ਪੰਜਾਬੀ ਦੀ ਸਥਿਤੀ ਅਤੇ ਹਰਿਆਣਾ ਵਿਚ ਰਚੇ ਜਾ ਰਹੇ ਸਾਹਿਤ ਦਾ ਵੇਰਵਾ ਸੀ ਅਤੇ ਟਿਪਣੀਆਂ ਵੀ ਸਨ। ਪਰਚੇ ਤੇ ਬੋਲਣ ਵਾਲਿਆਂ ਵਿਚੋਂ ਪ੍ਰਮੁਖ ਸਨ ਡਾ. ਸੁਖਦੇਵ ਸਿੰਘ ਸਰਸਾ। ਡਾ. ਸੁਖਦੇਵ ਸਿੰਘ ਨੇ ਨਾਮਧਾਰੀਆਂ ਦੀਆਂ ਰਵਾਇਤਾਂ ਅਤੇ ਵਿਸ਼ਵ ਪਧਰ ਤੇ ਅਪਣੀ ਪਹਿਚਾਣ ਕਰਾਉਣ ਵਿਚ ਆਉਂਦੇ ਮਸਲਿਆਂ ਬਾਰੇ ਸੁਚੇਤ ਟਿਪਣੀਆਂ ਕੀਤੀਆਂ। ਉਹਨਾਂ ਕਿਹਾ ਕਿ ਇਹ ਰਵਾਇਤਾਂ ਵਿਕਾਸ ਦੇ ਰਾਹ ਵਿਚ ਬੰਧਨ ਨਹੀਂ ਬਨਣੀਆਂ ਚਾਹੀਦੀਆਂ। ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਡੀ. ਡੀ. ਚੌਧਰੀ ਨੇ ਪਰਚਿਆਂ ਦੀ ਪਰਸੰਸਾ ਕੀਤੀ ਅਤੇ ਹਰਿਆਣਾ ਵਿਚ ਪੰਜਾਬੀ ਦੀ ਸਥਿਤੀ ਤੇ ਵਿਚਾਰ ਪੇਸ਼ ਕੀਤੇ।

ਇਸ ਵਾਰ ਤਰਨ ਸਿੰਘ ਵਹਿਮੀ ਸਾਹਿਤ ਸਨਮਾਨ ਦੋ ਲੇਖਕਾਂ ਨੂੰ ਦਿਤੇ ਗਏ। ਉਹ ਸਨ ਪੰਜਾਬੀ ਦੇ ਪਰਸਿਧ ਨਾਵਲਕਾਰ, ਦਸ ਦਰਜਨ ਪੁਸਤਕਾਂ ਦੇ ਲੇਖਕ, ਪੰਜਾਬ ਸਰਕਾਰ ਅਤੇ ਸਾਹਿਤਕ ਸੰਸਥਾਵਾਂ ਦੇ ਸਨਮਾਨਿਤ ਲੇਖਕ ਅਤੇ ਸੰਤ ਤਰਨ ਸਿੰਘ ਵਹਿਮੀ ਦੇ ਨਿਕਟੀ ਦੋਸਤ ਸ੍ਰੀ ਹਰਨਾਮ ਦਾਸ ਸਹਿਰਾਈ।

ਦੂਸਰੇ ਸਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪੁਰਾਣੇ ਕਾਰਕੁਨ, ਪੰਜਾਬੀ ਲੇਖਕ ਸਭਾ ਜਲੰਧਰ ਦੇ ਸਾਬਕਾ ਸਕੱਤਰ, ਭਾਸ਼ਾ ਮਾਹਿਰ ਅਤੇ ਕੋਸ਼ਕਾਰ ਸ੍ਰੀ ਸੁਰਜੀਤ ਖੁਰਸ਼ੀਦੀ।

ਸਹਿਰਾਈ ਜੀ ਬਾਰੇ ਜਾਣਕਾਰੀ ਜਗਦੀਸ਼ ਸਿੰਘ ਵਰਿਆਮ ਨੇ ਦਿਤੀ ਅਤੇ ਖੁਰਸ਼ੀਦੀ ਜੀ ਬਾਰੇ ਸੁਖਜੀਤ ਸਿੰਘ (ਸਰਪੰਚ) ਹੋਰਾਂ ਛੋਟਾ ਜਿਹਾ ਪਰਚਾ ਪੜ੍ਹਿਆ।

ਦੋਹਾਂ ਹੀ ਲੇਖਕਾਂ ਨੂੰ ਇਕ ਇਕ ਸ਼ਾਲ, ਸਿਮ੍ਰਤੀ ਚਿੰਨ, ਅਤੇ ਗਿਆਰਾਂ ਸੌ ਰੁਪਏ ਮਹਾਰਾਜ ਬੀਰ ਸਿੰਘ ਜੀ ਦੇ ਹੱਥੀਂ ਭੇਟ ਕਰਕੇ ਸਭਾ ਵਲੋਂ ਸਨਮਾਨਤ ਕੀਤਾ ਗਿਆ।

ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਦੀ ਘਾਲਣਾ ਨੂੰ ਯਾਦ ਕਰ-



Sri Satguru Jagjit Singh Ji eLibrary NamdhariElibrary@gmail.com

ਦਿਆਂ ਆਏ ਸਾਹਿਤਕਾਰਾਂ ਨੂੰ ਜੀਅ ਆਇਆਂ ਕਿਹਾ ।

ਹਰਨਾਮ ਦਾਸ ਸਹਿਰਾਈ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਮੈਂ ਇਸ ਇਲਾਕੇ ਵਿਚ ਆ ਕੇ ਬਹੁਤ ਖੁਸ਼ ਹੋਇਆ ਹਾਂ ਬਹੁਤ ਧੰਨਵਾਦੀ ਹਾਂ । ਇਸ ਇਲਾਕੇ ਵਿਚ ਇਕ ਇੰਜੀਨੀਰਿੰਗ ਕਾਲਜ ਜ਼ਰੂਰ ਖੁਲਣਾ ਚਾਹੀਦਾ ਹੈ । ਸੁਰਜੀਤ ਖੁਰਸ਼ੀਦੀ ਹੋਰਾਂ ਆਪਣੀ ਹਾਜ਼ਰੀ ਭਾਸ਼ਨ ਨਹੀਂ ਕਵਿਤਾ ਰਾਹੀਂ ਲਵਾਈ । ਕਵੀ ਦਰਬਾਰ ਦਾ ਦੌਰ ਤਾਂ ਸ਼ੁਰੂ ਤੋਂ ਹੀ ਚਲਦਾ ਰਿਹਾ । ਇਸ ਵਿਚ ਹਰ ਰੰਗ ਦੀਆਂ ਕਵਿਤਾਵਾਂ ਹੋਈਆਂ । ਦਿੱਲੀ ਤੋਂ ਆਏ ਹਰਿੰਦਰ ਪਤੰਗਾ ਦੇ ਸੰਗੀਤ ਸੁਰਾਂ ਵਿਚ ਭਿੱਜੇ ਬੋਲ ਜਿਥੇ ਸਰੋਤਿਆਂ ਨੂੰ ਝੂਮਣ ਲਾ ਰਹੇ ਸਨ ਉਥੇ ਹਰੀ ਸਿੰਘ ਦਿਲਬਰ ਦੇ ਚੋਕਿਆਂ ਛੱਕਿਆਂ ਦੇ ਵਿਅੰਗ ਬਾਣ ਬਦੋ ਬਦੀ ਹਸਾ ਰਹੇ ਸਨ । ਗ਼ਜ਼ਲ, ਛੰਦ ਬੰਦ ਕਵਿਤਾ ਅਤੇ ਖੁਲੀ ਕਵਿਤਾ ਰਾਹੀਂ ਧਾਰਮਕ ਸਾਹਿਤਕ ਅਤੇ ਦਾਰਸ਼ਨਕ ਰੂਪਾਂ ਵਿਚ ਵਖ ਵਖ ਕਵੀਆਂ ਨੇ ਰੰਗ ਬੰਨੀ ਰਖਿਆ ।

ਸੁਰਿੰਦਰ ਸਾਗਰ, ਮਾ. ਅਮਰੀਕ ਸਿੰਘ, ਸੁਰਿੰਦਰ ਵਰਮਾ, ਕ੍ਰਿਸ਼ਨ ਭਨੋਟ, ਨਰਿੰਜਣ ਸੂਖਮ, ਸੁਖਜੀਤ, ਸਵਰਨ ਸਿੰਘ ਵਿਰਕ, ਗੁਰਦਿਆਲ ਦਲਾਲ, ਗੁਰਬਖਸ ਸਿੰਘ ਰਾਮਪੁਰੀ, ਜੁਗਿੰਦਰ ਸਿੰਘ ਮੁਕਤਾ, ਲਖਵਿੰਦਰ ਸਿੰਘ ਬਾਜਵਾ, ਬੀਬੀ ਪਰਮਜੀਤ ਕੌਰ, ਵਰਿਆਮ ਪਿਆਸਾ, ਜਸਵਿੰਦਰ ਭਿੰਡਰ, ਬੇਅੰਤ ਸਿੰਘ ਸੋਖਲ, ਰਾਜ ਸਿੰਘ ਅੰਮ੍ਰਿਤਸਰ ਕਲਾਂ, ਸਵਰਨ ਸਿੰਘ ਚੀਮਾ, ਬੂਟਾ ਸਿੰਘ ਪ੍ਰੀਤਮ, ਗੁਰਦੀਪ ਦੀਪ, ਗੁਰਦਿਆਲ ਸਿੰਘ ਪ੍ਰੀਤ ਅਤੇ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਵਖ ਵਖ ਅੰਦਾਜ਼ਾਂ ਵਿਚ ਸੁਣਾਈਆਂ।

ਅੰਤ ਉਤੇ ਮੁਖ ਮਹਿਮਾਨ ਜਗਦੀਸ਼ ਸਿੰਘ ਵਰਿਆਮ ਨੇ ਸਾਰੇ ਕਾਰਜ ਦੀ ਪ੍ਰਸੰਸਾ ਕਰਦਿਆਂ ਇਸ ਸਮਾਗਮ ਨੂੰ ਬਹੁਤ ਹੀ ਸਫਲ ਸਮਾਗਮ ਕਿਹਾ । ਉਹਨਾਂ ਕਿਹਾ ਕਿ ਜੇ ਰਚਨਾ ਵਿਚ ਸੱਚ ਨਾ ਹੋਵੇ ਤਾਂ ਉਹ ਸਾਹਿਤ ਨਹੀਂ ਰਹਿ ਜਾਂਦਾ । ਵਹਿਮੀ ਜੀ ਨਾਲ ਅਪਣੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਨਾਮਧਾਰੀ ਸਾਹਿਤ ਸਭਾ ਸੀ ਜੀਵਨ ਨਗਰ ਨੂੰ ਹੋਰ ਵੀ ਸਰਗਰਮ ਹੋਣ ਲਈ ਪ੍ਰੇਰਿਆ ।

ਸਮਾਗਮ ਵਿਚ ਆਏ ਸਜਨਾਂ, ਨਾਮਧਾਰੀ ਵਿਦਿਅਕ ਜਥਾ ਐਲਨਾਬਾਦ ਦਾ ਧੰਨਵਾਦ ਸਭਾ ਦੇ ਪ੍ਰਧਾਨ ਸ੍ਰੀ ਜੁਗਿੰਦਰ ਸਿੰਘ ਮੁਕਤਾ ਅਤੇ ਜਨਰਲ ਸਕੱਤਰ ਮਾਸਟਰ ਅਮਰੀਕ ਸਿੰਘ ਹੋਰਾਂ ਕੀਤਾ ।

ਸਮਾਗਮ ਨਾਮਧਾਰੀ ਵਿਦਿਅਕ ਜੱਥਾ ਐਲਨਾਬਾਦ ਬਹੁਤ ਰੀਝ ਨਾਲ ਸਹਿਯੋਗ ਦੇ ਕੇ ਸਫਲ ਬਣਾਇਆ । ਪੰਡਾਲ ਸਟੇਜ ਅਤੇ ਲੰਗਰ ਦਾ ਵਧੀਆ ਪਰਬੰਧ ਸੀ । ਜੇ ਕੋਈ ਕਸਰ ਦਿਸਦੀ ਸੀ ਤਾਂ ਉਹ ਵਹਿਮੀ ਜੀ ਦੇ ਵਡੇ ਸਪੁਤਰ ਸਾਧੂ ਸਿੰਘ ਕਿਸਾਨ ਦੀ ਗੈਰਹਾਜ਼ਰੀ ਸੀ ਜੋ ਮਦਰਾਸ ਗਏ ਹੋਏ ਸਨ ।

# ਠਾਕੁਰ ਦਲੀਪ ਸਿੰਘ ਜੀ ਦਾ ਸਨਮਾਨ

**ਚੰਡੀਗੜ੍ਹ**—ਉੱਤਰੀ ਭਾਰਤ ਦੇ ਫੋਟੋ ਕਲਾਕਾਰਾਂ ਦੀ ਸੰਸਥਾ ਕੰਸੈਪਟ ਵਲੋਂ ਸਿੱਖ ਇਤਿਹਾਸ ਦੇ ਸ਼ਰੋਮਣੀ ਚਿੱਤਰ-ਕਾਰ ਸ. ਕ੍ਰਿਪਾਲ ਸਿੰਘ ਜੀ ਦੀ ਯਾਦ ਵਿਚ ਚੰਡੀਗੜ੍ਹ ਦੀ ਆਰਟ ਗੈਲਰੀ ਦੇ ਆਡੀਟੋਰੀਅਮ ਵਿਚ ਸਨਮਾਨ ਸਮਾਰੋਹ ਦਾ ਆਯੋਜਿਤ ਕੀਤਾ ਗਿਆ । ਜਿਸ ਵਿਚ ਅੰਤਰ-ਰਾਸ਼ਟਰੀ ਪ੍ਰਸਿਧੀ ਦੇ ਫੋਟੋ ਕਲਾਕਾਰ ਠਾਕੁਰ ਦਲੀਪ ਸਿੰਘ ਨੂੰ ਫੋਟੋ ਕਲਾ ਵਿਚ ਅਦੁੱਤੀ ਪ੍ਰਾਪਤੀਆਂ ਸਦਕੇ ਤੇ ਪੰਜਾਬ ਦੇ ਪੋਰਟਰੇਟ ਪੇਂਟਰ ਸ੍ਰੀ ਜੀ. ਐਸ. ਬਾਂਸਲ ਨੂੰ ਚਿੱਤਰਕਾਰੀ ਦੇ ਖੇਤਰ ਵਿਚ ਵਿਲੱਖਣ ਯੋਗਦਾਨ ਨੂੰ ਵੇਖਦੇ ਹੋਏ "ਆਰਟਿਸਟ ਆਫ ਦੀ ਯੀਅਰ ੧੯੯੩" ਅਤੇ "ਆਰਟਿਸਟ ਆਫ ਦੀ ਯੀਅਰ ੧੯੯੪" ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ । ਇਸ ਐਵਾਰਡ ਵਿਚ ਸੰਸਥਾ ਵਲੋਂ ਸਨਮਾਨ-ਪੱਤਰ, ਸ਼ਾਲ, ਸਨਮਾਨ ਚਿੰਨ੍ਹ ਤੇ ਨਗਦੀ ਦੇ ਕੇ ਸਨਮਾਨਿਤ ਕੀਤਾ ।

ਇਸ ਸਮਾਗਮ ਦੇ ਮੁਖ ਮਹਿਮਾਨ ਉੱਘੇ ਪੋਰਟਰੇਟ ਚਿੱਤਰਕਾਰ ਸ. ਮੇਹਰ ਸਿੰਘ (ਦਿੱਲੀ) ਸਨ ਅਤੇ ਸਮਾਗਮ ਦੀ ਪ੍ਰਧਾਨਗੀ ਉਘੇ ਫੋਟੋ ਕਲਾਕਾਰ ਸ. ਸਤਵੰਤ ਸਿੰਘ ਨੰਦਰਾ (ਲੁਧਿਆਣਾ) ਨੇ ਕੀਤੀ । ਇਸ ਸਮਾਗਮ ਦੇ ਆਰੰਭ ਵਿਚ ਸਨਮਾਨਿਤ ਫੋਟੋਗਰਾਫਰ ਠਾਕੁਰ ਦਲੀਪ ਸਿੰਘ ਜੀ ਦੀਆਂ ਪ੍ਰਾਕਿਰਤੀ ਅਤੇ ਜੀਵਨ ਦੇ ਵਖ ਵਖ ਪਹਿਲੂਆਂ ਨੂੰ ਦਰਸਾਉਂਦੀਆਂ ਕਲਾਤਮਿਕ ਸਲਾਈਡਾਂ ਦਾ ਇਕ ਸ਼ੋਅ ਕੀਤਾ ਗਿਆ । ਇਸ ਸਲਾਈਡ ਸ਼ੋਅ ਵਿਚ ਕਈ ਸਲਾਈਡਾਂ ਠਾਕੁਰ ਦਲੀਪ ਸਿੰਘ ਨੇ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਿਚਰਦਿਆਂ ਕੈਮਰਾਬੱਧ ਕੀਤੀਆਂ । ਇਸ ਤੋਂ ਬਾਦ ਸੰਸਥਾ ਦੇ ਪ੍ਰਧਾਨ ਸ. ਜੈਤੇਗ ਸਿੰਘ ਅਨੰਤ ਨੇ ਆਏ ਹੋਏ ਮੁੱਖ ਮਹਿਮਾਨਾਂ ਤੇ ਕਲਾ ਪ੍ਰੇਮੀਆਂ ਨੂੰ ਜੀ ਆਇਆਂ ਆਖਦੇ ਹੋਏ ਕੰਸੈਪਟ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਰੌਸ਼ਨੀ ਪਾਈ । ਕੰਸੈਪਟ ਵਲੋਂ ਦਿਤੇ ਜਾਂਦੇ ਐਵਾਰਡਾਂ ਦੀ ਮਹੱਤਤਾ ਬਾਰੇ ਦੱਸਦੇ ਹੋਏ ਸ੍ਰੀ ਅਨੰਤ ਨੇ ਕਿਹਾ ਕਿ ਅੱਗੇ ਇਹ ਸਨਮਾਨ ਅੰਤਰ-ਰਾਸ਼ਟਰੀ ਖੇਤਰ ਵਿਚ ਵਰਨਣਯੋਗ ਪ੍ਰਾਪਤੀਆਂ ਕਰਨ ਵਾਲੇ ਕਲਾਕਾਰਾਂ ਨੂੰ ਦਿੱਤਾ ਜਾਂਦਾ ਰਿਹਾ ਹੈ । ਜਿਨ੍ਹਾਂ ਵਿੱਚ ਪਦਮ ਸ੍ਰੀ ਟੀ. ਕਾਂਸ਼ੀ ਨਾਥ, ਏ. ਐਲ. ਸਾਯਦ, ਟੀ. ਨਰਿੰਦਰਪਾਲ ਸਿੰਘ, ਮਿਰਨਾਲ ਸਰਕਾਰ (ਬੰਗਲਾ ਦੇਸ਼) ਸ਼ਾਮਲ ਹਨ । ਇਸ ਤੋਂ ਬਾਅਦ



Sri Satguru Jagjit Singh Ji eLibrary NamdhariElibrary@gmail.com



ਕੰਨਸੈਪਟ ਵਲੋਂ ਉਘੇ ਫੋਟੋਗਰਾਫਰ ਠਾਕੁਰ ਦਲੀਪ ਸਿੰਘ ਨੂੰ ਪ੍ਰਸਿਧ ਚਿੱਤਰਕਾਰ ਸ. ਮੇਹਰ ਸਿੰਘ ਸਨਮਾਨ ਦਿੰਦੇ ਹੋਏ । ਨਾਲ ਖੜੇ ਹਨ ਕੰਨਸੈਪਟ ਦੇ ਪ੍ਰਧਾਨ ਸ. ਜੈਤੇਗ ਸਿੰਘ ਅਨੰਤ ।

ਪੰਜਾਬ ਦੇ ਉਘੇ ਲੇਖਕ ਬਾਵਨੀਕਾਰ ਡਾ. ਆਤਮ ਹਮਰਾਹੀ ਨੇ ਆਪਣੀ ਸ਼ਕਤੀਸ਼ਾਲੀ ਸ਼ਬਦਾਵਲੀ ਵਿਚ ਸ. ਕ੍ਰਿਪਾਲ ਸਿੰਘ ਚਿੱਤਰਕਾਰ ਦਾ ਕਾਵਿ ਚਿੱਤਰ ਪੜ੍ਹਿਆ । ਇਸ ਤੋਂ ਬਾਅਦ ਪ੍ਰਸਿੱਧ ਕਲਾ ਆਲੋਚਕ ਡਾ. ਐਸ. ਐਸ. ਭੱਟੀ ਨੇ ਸ. ਕ੍ਰਿਪਾਲ ਸਿੰਘ, ਠਾਕੁਰ ਦਲੀਪ ਸਿਘ ਅਤੇ ਜੀ. ਐਸ. ਬਾਂਸਲ ਦੀ ਕਲਾ ਅਤੇ ਸ਼ਖਸੀਅਤ ਬਾਰੇ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕੀਤੇ । ਡਾ. ਭੱਟੀ ਨੇ ਸ. ਕ੍ਰਿਪਾਲ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਉਹ ਪੰਜਾਬ ਦੇ ਇਤਿਹਾਸ ਨੂੰ ਚਿਤਰ ਕੇ ਕਲਾ ਇਤਿਹਾਸ ਵਿੱਚ ਅਜਿਹਾ ਕੰਮ ਕਰ ਗਏ ਹਨ, ਜੋ ਆਪਣੀ ਮਿਸਾਲ ਆਪ ਹੈ । ਠਾਕੁਰ ਦਲੀਪ ਸਿੰਘ ਦੀ ਕਲਾ ਪ੍ਰਤੀ ਉਨ੍ਹਾਂ ਦਾ ਵਿਚਾਰ ਸੀ ਕਿ ਇਸ ਵਾਸਤੇ 'ਅਤੀ ਉਤਮ' ਲਫ਼ਜ਼ ਹੀ ਆਪ ਮੁਹਾਰੇ ਨਿਕਲਦੇ ਹਨ ।

ਸਨਮਾਨ ਸਮਾਰੋਹ ਤੋਂ ਪਹਿਲਾਂ ਉੱਘੇ ਚਿੱਤਰਕਾਰ ਸ. ਜਰਨੈਲ ਸਿੰਘ ਨੇ ਠਾਕੁਰ ਦਲੀਪ ਸਿੰਘ ਦਾ ਸਨਮਾਨ ਪੱਤਰ ਪੜ੍ਹਿਆ । ਉੱਘੇ ਚਿੱਤਰਕਾਰ ਸ. ਪ੍ਰੇਮ ਸਿੰਘ ਨੇ ਜੀ. ਐਸ. ਬਾਂਸਲ ਦਾ ਸਨਮਾਨ ਪੱਤਰ ਪੜ੍ਹਿਆ । ਇਥੇ ਇਹ ਵਰਨਣਯੋਗ ਹੈ ਕਿ ਠਾਕੁਰ ਦਲੀਪ ਸਿੰਘ ਜੀ ਦਾ ਫੋਟੋ ਕਲਾ ਵਿਚ ਵਿਸ਼ੇਸ਼ ਯੋਗਦਾਨ ਨੂੰ ਵੇਖਦੇ ਹੋਏ ਸੰਸਥਾ ਕੰਸੈਪਟ ਵਲੋਂ ਆਨਰੇਰੀ ਲਾਈਫ਼ ਮੈਂਬਰਸ਼ਿਪ ਸੰਸਥਾ ਦੇ ਪ੍ਰਧਾਨ ਜੈਤੇਗ ਸਿੰਘ ਅਨੰਤ ਵਲੋਂ ਪ੍ਰਦਾਨ ਕੀਤੀ ਗਈ । ਉੱਘੇ ਚਿੱਤਰਕਾਰ ਸ. ਗੁਲਜ਼ਾਰ ਸਿੰਘ ਗਿੱਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ । ਮੰਚ ਸੰਚਾਲਨ ਚਿੱਤਰਕਾਰ ਸ. ਜਰਨੈਲ ਸਿੰਘ ਵਲੋਂ ਨਿਭਾਇਆ ਗਿਆ । ਅੱਜ ਦੇ ਇਸ ਸਮਾਗਮ ਵਿੱਚ ਉੱਤਰੀ ਭਾਰਤ ਚੋਂ ਦਿੱਲੀ, ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਤੋਂ ਭਾਰੀ ਗਿਣਤੀ ਵਿਚ ਕਲਾਕਾਰ ਤੇ ਕਲਾ ਪ੍ਰੇਮੀ ਹਾਜ਼ਰ ਹੋਏ ।

ਇਸ ਤੋਂ ਪਹਿਲਾਂ ਕੰਸੈਪਟ ਵਲੋਂ ਪ੍ਰਾਚੀਨ ਕਲਾ ਕੇਂਦਰ ਵਿਚ ਸਵੇਰੇ ਇਕ ਫੋਟੋ ਵਰਕਸ਼ਾਪ ਦਾ ਆਯੋਜਿਨ ਵੀ ਕੀਤਾ ਗਿਆ । ਜਿਸ ਵਿਚ ਠਾਕੁਰ ਦਲੀਪ ਸਿੰਘ ਨੇ ਕੁਦਰਤ ਦੀ ਫੋਟੋਗਰਾਫੀ, ਇਸ ਉਤੇ ਕੰਮ ਕਰਨ ਦੇ ਢੰਗ ਅਤੇ ਲੋੜੀਂਦੇ ਸਾਜ਼ੋ-ਸਾਮਾਨ ਉਤੇ ਵਿਸਥਾਰ ਸਹਿਤ ਸਚਿੱਤਰ ਜਾਣਕਾਰੀ ਦਿਤੀ । ਇਸ ਦੇ ਨਾਲ ਹੀ ਉਨ੍ਹਾਂ ਨੇ ਫੋਟੋਗਰਾਫੀ ਦੀਆਂ ਵਖ ਵਖ ਤਕਨੀਕਾਂ ਉਤੇ ਆਪਣੇ ਅਨੁਭਵ ਡੈਲੀਗੇਟਾਂ ਨਾਲ ਸਾਂਝੇ ਕੀਤੇ । ਵਰਕਸ਼ਾਪ ਸੈਸ਼ਨ ਦੀ ਪ੍ਰਧਾਨਗੀ ਉਘੇ ਰਾਸ਼ਟਰੀ ਚਿੱਤਰਕਾਰ ਅਤੇ ਪੰਜਾਬ ਲਲਿਤ ਕਲਾ ਅਕੈਡਮੀ ਦੇ ਪ੍ਰਧਾਨ ਸ. ਜੋਧ ਸਿੰਘ ਨੇ ਕੀਤੀ ।



Sri Satguru Jagjit Singh Ji eLibrary NamdhariElibrary@gmail.com

## ਸ਼ਹੀਦੀ ਮੇਲਾ ਫਤਹਿਗੜ ਸਾਹਿਬ ਵਿਖੇ ਨਾਮਧਾਰੀ ਦੀਵਾਨ

ਸ੍ਰੀ ਫਤਹਿਗੜ੍ਹ ਸਾਹਿਬ (ਸਰਹੰਦ) ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਮਾਸੂਮ ਸਪੁਤਰਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਵਿਚ ਹਰ ਸਾਲ ਜੋੜ ਮੇਲਾ ਲਗਦਾ ਹੈ। ਇਸ ਵਾਰ ਇਹ ਮੇਲਾ ੨੬ ਦਸੰਬਰ ੧੯੯੪ ਨੂੰ ਬਹੁਤ ਧੂਮ ਧਾਮ ਨਾਲ ਹੋਇਆ। ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂਆਂ ਨੇ ਮਹਾਨ ਸ਼ਹੀਦਾਂ ਪ੍ਰਤੀ ਅਕੀਦਤ ਪੇਸ਼ ਕੀਤੀ। ਇਸ ਮੌਕੇ ਤੇ ਅਨੇਕਾਂ ਹੀ ਸ਼ਹੀਦੀ ਦੀਵਾਨ ਤੇ ਸਿਆਸੀ ਕਾਨਫਰੰਸਾਂ ਹੋਈਆਂ।

ਨਾਮਧਾਰੀ ਸੰਗਤ ਵਲੋਂ ਵੀ ਇਹ ਸਮਾਗਮ ਹਰ ਸਾਲ ਕੀਤਾ ਜਾਂਦਾ ਹੈ ਅਤੇ ਫਤਿਹਗੜ੍ਹ ਬਸੀ ਰੋਡ ਤੇ ਨਾਮਧਾਰੀ ਧਰਮਸ਼ਾਲਾ ਲਈ ਰਾਖਵੀਂ ਜ਼ਮੀਨ ਤੇ ਇਹ ਸਮਾਗਮ ਹੁੰਦਾ ਹੈ। ਇਸ ਸਮਾਗਮ ਦੀ ਮੇਜ਼ਬਾਨੀ ਸੰਤ ਸੁਦਾਗਰ ਸਿੰਘ ਹੋਰਾਂ ਦਾ ਪਰਿਵਾਰ ਹੀ ਕਰਦਾ ਹੈ। ਮੇਲੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਨੂੰ ਦਰਸਨ ਦੇ ਕੇ ਕ੍ਰਿਤਾਰਥ ਕਰਦੇ ਹਨ।

ਇਸ ਵਾਰ ਅਮ੍ਰਿਤ ਵੇਲੇ ਤੋਂ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਨਾਲ ਇਹ ਸਮਾਗਮ ਆਰੰਭ ਹੋਇਆ। ਸਾਰਾ ਦਿਨ ਹੱਲੇ ਦੇਅਤੇ ਕਵੀਸ਼ਰੀ ਦੇ ਦੀਵਾਨ ਲਗੇ ਰਹੇ। ਗਿਆਨ ਮਾਰਤੰਡ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ, ਸਰਬ ਜਥੇਦਾਰ ਇਕਬਾਲ ਸਿੰਘ ਜੀ, ਜਸਪਾਲ ਸਿੰਘ, ਗੁਰਦੀਪ ਸਿੰਘ, ਇੰਦਰ ਸਿੰਘ, ਪ੍ਰੀਤਮ ਸਿੰਘ ਆਦਿ ਨੇ ਦੀਵਾਨ ਸਜਾਏ। ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਸ. ਹੀਰਾ ਸਿੰਘ ਗਾਬੜੀਆ ਅਕਾਲੀ ਲੀਡਰ ਲੁਧਿਆਣਾ, ਨੇ ਆਪਣੇ ਵਖਿਆਨਾਂ ਦੁਆਰਾ ਸ਼ਹੀਦਾਂ ਨੂੰ ਸ਼ਰਧਾਂਜਲੀ ਦਿਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਰਵਚਨ ਵਿਚ ਕਿਹਾ ਕਿ ਇਹ ਸ਼ਹੀਦੀ ਦਿਵਸ ਸਾਰੇ ਜਗਤ ਵਾਸਤੇ ਇਕ ਭਾਰੀ ਪਵਿਤਰਤਾ ਦਾ ਦਰਜਾ ਰਖਦਾ ਹੈ ਅਤੇ ਭਾਰੀ ਸ਼ਰਧਾ ਭਾਵਨਾ ਅਤੇ ਅਕੀਦਤ ਨਾਲ ਮਨਾਇਆ ਜਾਣਾ ਚਾਹੀਦਾ ਹੈ। ਆਪ ਜੀ ਨੇ ਮਿਸਾਲ ਦਿਤੀ ਕਿ ਮੁਸਲਮਾਨ ਭਰਾਵਾਂ ਹਸਨ ਹੁਸੈਨ ਦੇ ਸ਼ਹੀਦੀ ਦਿਨ ਤੇ ਭਾਰੀ ਮਾਤਮ ਮਨਾਇਆ ਜਾਂਦਾ ਹੈ। ਉਹ ਸਰੀਰ ਨੂੰ ਤਸੀਹੇ ਦਿੰਦੇ ਹਨ ਅਤੇ ਰੋਂਦੇ ਹਨ। ਆਪ ਜੀ ਨੇ ਸਿਖ ਜਗਤ ਦੀ ਹਾਲਤ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਅਸੀਂ ਇਸ ਅਵਸਰ ਤੇ ਇਕ ਦੂਜੇ ਦੀ ਨਿੰਦਾ ਕਰਦੇ ਹਾਂ। ਆਪ ਜੀ ਨੇ ਸੰਗਤ ਨੂੰ ਆਗ੍ਰਹਿ ਕੀਤਾ ਕਿ ਸਿਖੀ ਅਤੇ ਧਰਮ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਤਗੜੇ ਹੋ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ ਖਾਸ ਕਰਕੇ ਬਚਿਆਂ ਨੂੰ ਪ੍ਰੇਰੋ ਕਿ ਉਹ ਧਰਮ ਵਾਲੇ ਪਾਸੇ, ਗੁਰਸਿਖੀ ਵਾਲੇ ਪਾਸੇ ਦ੍ਰਿੜਤਾ ਨਾਲ ਲਗਣ।

ਰਾਤ ਨੂੰ ਸਫਲ ਕਵੀ ਦਰਬਾਰ ਵਿਚ ਸੰਗਤਾਂ ਦਾ ਅਪਾਰ ਜਨ ਸਮੂਹ ਹਾਜ਼ਰ ਸੀ। ਸਾਰਾ ਦਿਨ ਸਟੇਜ ਦਾ ਸੰਚਾਲਨ ਕਰਨ ਵਾਲੇ ਸ. ਦਲੀਪ ਸਿੰਘ ਲੁਧਿਆਣਾ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ, ਕਵੀ ਦਰਬਾਰ ਦੇ ਵੀ ਪ੍ਰਧਾਨ ਬਣੇ। ਕਵੀ ਦਰਬਾਰ ਦੀ ਵਿਉਂਤਬੰਦੀ ਅਤੇ ਮੰਚ ਸੰਚਾਲਨ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਜੀ ਨੇ ਕੀਤਾ। ਚੀਮਾ ਜੀ ਤੋਂ ਇਲਾਵਾ ਪ੍ਰੋ: ਰਾਬਿੰਦਰ ਸਿੰਘ ਮਸਰੂਰ, ਫਕੀਰ ਚੰਦ ਤੁਲੀ, ਗੁਰਦੇਵ ਸਿੰਘ ਕੋਇਲ, ਜੁਗਿੰਦਰ ਸਿੰਘ ਮੁਕਤਾ ਸਵਰਨ ਸਿੰਘ, ਸੂਬਾ ਸੁਰਿੰਦਰ ਕੌਰ ਖਰਲ ਆਦਿ ਕਾਵਿ ਸਿਰਜਕਾਂ ਨੇ ਸ਼ਹੀਦ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾਂਜਲੀ ਅਰਪਿਤ ਕੀਤੀ।

੨੭ ਦਸੰਬਰ ਅਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਅਤੇ ਪਾਠਾਂ ਦੇ ਭੋਗ ਨਾਲ ਮੇਲੇ ਦੀ ਸਮਾਪਤੀ ਹੋਈ।

ਲੰਗਰ ਗੁਰੂ ਕਾ ਪਰਸ਼ਾਦੇ ਦਾਲਾ ਭਾਜ਼ਾ ਚਾਹਟਾ ਅਤੇ ਕੜਾਹ ਪਰਸ਼ਾਦ ਸਹਿਤ ਸਾਰਾ ਦਿਨ ਚਲਦਾ ਰਿਹਾ।

—×—

## ਸੁਖਦੇਵ ਸਿੰਘ ਜੀ ਦੀ ਵਰਕਸ਼ਾਪ ਵਿਚ ਸਮਾਗਮ

ਪਿਛਲੇ ਦਿਨੀਂ ਸ. ਸੁਖਦੇਵ ਸਿੰਘ (ਤਬਲਾ ਵਾਦਕ) ਸਪੁਤਰ ਸੰਤ ਤੇਜਾ ਸਿੰਘ ਹੋਰਾਂ ਜਲੰਧਰ ਅਪਣੀ ਵਰਕਸ਼ਾਪ ਵਿਚ ਸਾਧ ਸੰਗਤ ਦੇ ਚਰਨ ਪੁਆਏ। ਹਵਨ ਹੋਇਆ, ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ ਦੇ ਜੱਥੇ ਨੇ ਕੀਤਾ। ਲੰਗਰ ਛਕਾਇਆ ਗਿਆ। ਇਸ ਅਵਸਰ ਤੇ ਧਰਮ ਕਾਰਜਾਂ ਵਾਸਤੇ ਅਰਦਾਸ ਕਰਵਾਈ ਗਈ ਮਾਇਆ ਦੇ ਨਾਲ ਹੀ ਵਰਿਆਮ ਵਾਸਤੇ ੧੦੧/- ਰੁਪਏ ਭੇਟ ਕੀਤੇ ਗਏ।

—×—

## ਸ਼ਹੀਦੀ ਮੇਲਾ ਫਤਹਿਗੜ੍ਹ ਸਾਹਿਬ

ਸੰਤ ਸੁਦਾਗਰ ਸਿੰਘ ਜੀ ਬਹਾਦਰਗੜ੍ਹ ਵਾਲਿਆਂ ਦੇ ਪਰਿਵਾਰ ਵਲੋਂ ਸ੍ਰੀ ਫਤਹਿਗੜ੍ਹ ਦੇ ਜੋੜ ਮੇਲੇ ਸਮੇਂ ਨਾਮਧਾਰੀ ਦੀਵਾਨ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਵਰਿਆਮ ਨੂੰ ੫੦੦/- ਰੁਪਏ ਸਹਾਇਤਾ ਵੀ ਦਿਤੀ ਗਈ।



Sri Satguru Jagjit Singh Ji eLibrary NamdhariElibrary@gmail.com

## ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਮੁਕਾਬਲਾ

ਨਾਮਧਾਰੀ ਕਲਾ ਕੇਂਦਰ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਦੁਆਰਾ ੧ ਅਤੇ ੨ ਅਕਤੂਬਰ ਨੂੰ ਸੰਗੀਤ ਮੁਕਾਬਲਾ ਕੀਤਾ ਗਿਆ ਜਿਸ ਵਿਚ ਸ੍ਰੀ ਭੈਣੀ ਸਾਹਿਬ ਵਿਚ ਸਿਖਿਆ ਲੈ ਰਹੇ ਬਚਿਆਂ ਨੇ ਹਿਸਾ ਲਿਆ। ਸ੍ਰੀ ਸਤਿਗੁਰੂ ਜੀ ਨੇ ਆਪਣਾ ਬਹੁਤ ਹੀ ਕੀਮਤੀ ਵਕਤ ਕਢ ਕੇ ਬਚਿਆਂ ਨੂੰ ਸੁਣਿਆ ਅਤੇ ਆਸ਼ੀਰਵਾਦ ਦਿਤਾ। ਆਪ ਜੀ ਦੇ ਕਹਿਣ ਅਨੁਸਾਰ ਸਾਰੇ ਬਚਿਆਂ ਨੇ ਉਮੀਦ ਨਾਲੋਂ ਵਧ ਚੰਗਾ ਪ੍ਰਦਰਸ਼ਨ ਕੀਤਾ ਹੈ। ਆਪ ਜੀ ਨੇ ਹੁਕਮ ਕੀਤਾ ਹੈ ਕਿ ਇਹ ਸੰਗੀਤ ਮੁਕਾਬਲੇ ਹਰ ਤਿੰਨ ਮਹੀਨੇ ਬਾਅਦ ਕਰਾਏ ਜਾਣ ਤਾਂ ਕਿ ਬੱਚੇ ਵਧ ਤੋਂ ਵਧ ਮਿਹਨਤ ਕਰਕੇ ਅਗੇ ਆਉਣ।

ਨਾਮਧਾਰੀ ਕਲਾ ਕੇਂਦਰ ਵਿਚ ਸ੍ਰੀ ਵਿਰੇਂਦਰ ਕੁਮਾਰ ਜੀ ਅਤੇ ਉਸਤਾਦ ਹਰਭਜਨ ਸਿੰਘ ਜੀ ਬਹੁਤ ਹੀ ਸੁਚੱਜੇ ਢੰਗ ਨਾਲ ਸਿਤਾਰ ਅਤੇ ਗਾਇਨ ਦੀ ਸਿਖਿਆ ਦੇ ਰਹੇ ਹਨ। ਸ੍ਰੀ ਹਰਜਿੰਦਰਪਾਲ ਸਿੰਘ ਸੰਤੂਰ ਅਤੇ ਤਬਲਾ ਸ੍ਰੀ ਸੁਖਦੇਵ ਸਿੰਘ ਅਤੇ ਸ੍ਰੀ ਮੋਹਨ ਸਿੰਘ ਜੀ ਗਾਇਨ, ਸ੍ਰੀ ਰਾਜੇਸ਼ ਮਾਲਵੀਆ ਤਬਲਾ ਅਤੇ ਸ੍ਰੀ ਸੁਰਜੀਤ ਸਿੰਘ ਜੀ ਸਾਰੰਗੀ ਅਤੇ ਦਿਲਰੁਬਾ ਦੀ ਸਿਖਿਆ ਦੇ ਰਹੇ ਹਨ। ਬੀਬੀ ਨਰਿੰਦਰ ਕੌਰ ਜੀ ਲੜਕੀਆਂ ਨੂੰ ਗਾਇਨ ਦੀ ਸਿਖਿਆ ਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਆਪ ਵੀ ਕ੍ਰਿਪਾ ਕਰਦੇ ਹਨ ਅਤੇ ਆਪਣੇ ਉਸਤਾਦਾਂ ਕੋਲੋਂ ਸਿਖੀਆਂ ਹੋਈਆਂ ਪੁਰਾਣੀਆਂ ਰੀਤਾਂ ਅਤੇ ਸ਼ਬਦ ਗਾਇਨ ਦੀ ਪੁਰਾਣੀ ਸ਼ੈਲੀ ਬੱਚਿਆਂ ਨੂੰ ਸਿਖਾਉਂਦੇ ਹਨ।

## ਭਾਰੀ ਦੀਵਾਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਦੁਆਰਾ ਕਪੂਰਥਲਾ ਦੇ ਪਿੰਡ ਨਿਹਾਲਗੜ੍ਹ ਦੇ ਗੁਰਦੁਆਰਾ ਸਾਹਿਬ ਵਿਖੇ ੧੧-੯-੯੪ ਰਾਤ ਨੂੰ ਭਾਰੀ ਨਾਮਧਾਰੀ ਦੀਵਾਨ ਸਜਾਏ ਗਏ। ਸਰਵ ਸ੍ਰੀ ਜਥੇਦਾਰ (ਸੂਬਾ ਜੀ) ਸੇਵਾ ਸਿੰਘ ਜੀ ਜਗਾਧਰੀ ਵਾਲਿਆਂ ਨੇ ਲਗਾਤਾਰ ਸਾਢੇ ਤਿੰਨ ਘੰਟੇ ਆਪਣੇ ਮਨੋਹਰ ਵਿਖਿਆਨ ਅਤੇ ਹੋਲੇ ਦੇ ਦੀਵਾਨ ਰਾਹੀ ਸੰਗਤਾਂ ਨੂੰ ਬਹੁਤ ਪ੍ਰਭਾਵਤ ਕੀਤਾ, ਜਿਸਦੇ ਸਿਟੇ ਵਜੋਂ ੨੦ ਸਰੀਰਾਂ ਨੇ ਮਾਸ ਸ਼ਰਾਬ ਦਾ ਤਿਆਗ ਕਰਕੇ ਭਜਨ ਪੁਛਿਆ। ਸੂਬਾ ਸੁਖਵਿੰਦਰ ਸਿੰਘ ਸਮੇਤ ਸੰਗਤਾਂ ਲਿਟਾਂ ਭੁਲੱਥ, ਕਰਤਾਰ ਪੁਰ ਅਤੇ ਨਡਾਲੇ ਤੋਂ ਭਾਰੀ ਗਿਣਤੀ ਵਿਚ ਸ਼ਾਮਲ ਹੋਈਆਂ। ਪ੍ਰਧਾਨ ਸੁਖਵੰਤ ਸਿੰਘ 'ਕੰਗ' ਨੇ ਜਥੇਦਾਰ ਜੀ ਦਾ ਅਤੇ ਬਾਹਰੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਨਿਹਾਲਗੜ੍ਹ ਦੀ ਸੰਗਤ ਨੇ ਸੇਵਾ ਤਨਮਨ ਨਾਲ ਕੀਤੀ।

### ਪੁਸਤਕ ਸਮੀਖਿਆ

## ਸੰਗੀਤ ਕੀ ਉਤਪਤੀ ਏਵਮ ਵਿਕਾਸ (ਹਿੰਦੀ)

| | |
|---|---|
| ਲੇਖਕ : | ਏ. ਬੀ. ਐਸ. ਪਬਲੀਕੇਸ਼ਨ, |
| ਡਾ: ਜੋਗਿੰਦਰ ਬਾਵਰਾ | 27, ਮਾਡਰਨ ਮਾਰਕੀਟ, |
| | ਨਹਿਰੂ ਗਾਰਡਨ ਰੋਡ, ਜਲੰਧਰ |
| ਮੁੱਲ 450/-ਰੁਪੈ | ਪੰਨੇ 304 (ਸਜਿਲਦ) |

ਭਾਰਤੀ ਸੰਗੀਤ ਦੇ ਵਿਕਾਸ ਦੇ ਵਿਸ਼ੇ ਉਤੇ ਇਹ ਪੁਸਤਕ ਇਕ ਨਵਾਂ ਤਜਰਬਾ ਹੈ, ਜਿਹੜਾ ਸੰਗੀਤ ਦੀ ਇਤਿਹਾਸਕ ਪਿੱਠ-ਭੂਮੀ ਉਤੇ ਬੜੀ ਸੂਖਮ-ਦ੍ਰਿਸ਼ਟੀ ਨਾਲ ਸੰਕੇਤ ਕਰਦਾ ਹੈ। ਪੰਜਾਬ ਦੇ ਇਕ ਜਾਣੇ-ਮਾਨੇ ਸੰਗੀਤਕਾਰ ਡਾ: ਜੋਗਿੰਦਰ ਬਾਵਰਾ ਨੇ ਇਸ ਪੁਸਤਕ ਵਿਚ ਸੰਗੀਤ ਦੀ ਉਤਪਤੀ ਦੇ ਸੰਬੰਧ ਵਿਚ ਆਪਣੇ ਮੌਲਿਕ ਵਿਚਾਰ ਪ੍ਰਗਟ ਕਰਨ ਦੇ ਨਾਲ ਨਾਲ ਸਿੱਖ ਗੁਰੂਆਂ, ਸੰਤਾਂ, ਸੂਫੀਆਂ, ਰਜਵਾੜਿਆਂ, ਘਰਾਣੇਦਾਰ ਸੰਗੀਤਕਾਰਾਂ ਤੇ ਉਹਨਾਂ ਦੇ ਸ਼ਾਗਿਰਦਾਂ, ਰਬਾਬੀਆਂ, ਕੀਰਤਨਕਾਰਾਂ ਦੇ ਵਿਸ਼ੇ ਦੀ ਵਿਸਥਾਰ-ਪੂਰਬਕ ਜਾਣਕਾਰੀ ਸਪ੍ਰਮਾਣ ਉਪਲਭਧ ਕਰਵਾਈ ਹੈ।

ਸੰਗੀਤ ਦੀ ਉਤਪਤੀ, ਸੰਗੀਤ ਦੇ ਵਿਕਾਸ ਦੇ ਸਾਧਨ, ਪ੍ਰਾਚੀਨ ਕਾਲ ਤੋਂ ਅੱਜ ਤਕ ਦਾ ਇਤਿਹਾਸ, ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ, ਗੁਰੂ ਗਰੰਥ ਸਾਹਿਬ ਦੇ ਰਾਗ ਅਤੇ ਰਾਗਮਾਲਾ ਦਾ ਵਿਸਤਾਰ-ਪੂਰਬਕ ਵਿਵੇਚਨ। ਗਵਾਲੀਅਰ, ਪਟਿਆਲਾ, ਆਗਰਾ, ਕਿਰਾਨਾ, ਤਲਵੰਡੀ, ਸ਼ਾਮ ਚੌਰਾਸੀ ਆਦਿ ਘਰਾਣੇ ਤੇ ਉਹਨਾਂ ਦੇ ਕਲਾਕਾਰ, ਵਖ ਵਖ ਸਾਜ਼ਾਂ ਤੇ ਤਾਲਾਂ ਦੇ ਪ੍ਰਚਲਿਤ ਤੇ ਅਪ੍ਰਚਲਿਤ ਪ੍ਰਕਾਰ, ਅਨੇਕ ਗੁਣੀਜਨਾਂ ਬਾਰੇ ਜਾਣਕਾਰੀ, ਨਾਮਧਾਰੀ ਪਰੰਪਰਾ ਦਾ ਸੰਗੀਤ ਖੇਤਰ ਵਿਚ ਯੋਗਦਾਨ, ਸੁਆਮੀ ਹਰੀ ਦਾਸ, ਦਿਵਾਕਰ ਸੁਧਾਕਰ, ਸਦਾਰੰਗ, ਅਦਾਰੰਗ ਆਦਿ ਅਨੇਕ ਸੰਗੀਤਕਾਰਾਂ ਦੀ ਖੋਜ-ਪੂਰਣ ਜਾਣਕਾਰੀ ਇਸ ਗਰੰਥ ਵਿਚ ਉਪਲਭਧ ਹੈ।

ਇਹ ਪੁਸਤਕ ਸੰਗੀਤ ਵਿਚ ਰੁਚੀ ਰਖਣ ਵਾਲਿਆਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਗਿਆਨ-ਵਰਧਕ ਅਤੇ ਲਾਭਕਾਰੀ ਸਿਧ ਹੋਵੇਗੀ।



Sri Satguru Jagjit Singh Ji eLibrary NamdhariElibrary@gmail.com

# ਪ੍ਰਤਿਕ੍ਰਿਆ

ਦਲਿਤ ਚੇਤਨਾ ਬਨਾਮ ਸਾਹਿਤ ਦੇ ਵਿਚ ਚਾਨਾ ਹੋਰਾਂ ਨੇ ਇਕ ਗੰਭੀਰ ਗੱਲ ਨੂੰ ਜਿਸ ਸਾਦਗੀ ਨਾਲ ਪੇਸ਼ ਕੀਤਾ ਹੈ, ਇੰਝ ਘਟੋ ਘਟ ਮੈਂ ਤੇ ਨਹੀਂ ਸੀ ਕਰ ਸਕਦਾ ਭਾਵੇਂ ਕਿ ਇਹ ਸਭ ਕੁਝ ਮੈਂ ਵੀ ਜਾਣਦਾ ਹੀ ਹਾਂ। ਏਸ ਬੰਦੇ ਰੱਬ ਦੇ ਪਾਸੋਂ ਕੁਝ ਨਾ ਕੁਝ ਪ੍ਰਾਪਤ ਕਰਦੇ ਰਹਿਣ ਦੀ ਕੋਸ਼ਿਸ਼ ਕਰੋ। ਧੀਰ ਜੀ ਦੀ ਕਹਾਣੀ ਭਾਵੇਂ ਕਿ ਕਈ ਵਾਰ ਪੜ੍ਹੀ ਹੋਈ ਹੈ, ਪਰ ੪੦ ਕੁ ਸਾਲ ਪੁਰਾਣੇ ਪੇਂਡੂ ਜੀਵਨ ਨੂੰ ਸਾਕਾਰ ਕਰਕੇ ਤ੍ਰਿਪਤੀ ਪ੍ਰਦਾਨ ਕਰਦੀ ਹੈ। ਤੁਸੀਂ ਖਿਲਰੇ ਪਤਰੇ ਜਾਰੀ ਰਖੋ ਬਹੁਤ ਰੌਚਕਤਾ ਹੈ।

**ਸੁਰ ੀਤ ਖ਼ੁਰਸ਼ੀਦੀ**
ਸ੍ਰੀ ਭੈਣੀ ਸਾਹਿਬ (ਲੁਧਿਆਣਾ)

—×—

ਵਰਿਆਮ ਅਕਤੂਬਰ ੧੯੯੪ ਦੀਆਂ ਰਚਨਾਵਾਂ ਮਨਮੋਹਕ ਹਨ, ਪਰ "ਬਿਰਹਾ ਤੂ ਸੁਲਤਾਨ" ਲੇਖਕ ਸ੍ਰੀ ਗੁਰੂਬਚਨ ਸਿੰਘ ਚੰਡੀਗੜ੍ਹ ਵਧੀਆ ਤੇ ਪ੍ਰਸੰਸਾਯੋਗ ਹੈ। ਇਹ ਲੇਖ ਲੇਖਕ ਦੇ ਦਿਲ ਦੀਆਂ ਡੂੰਘਾਈਆਂ ਤੋਂ ਉਪਜਿਆ ਪ੍ਰਤੀਤ ਹੁੰਦਾ ਹੈ। ਇਸ ਵਿਚ ਵਿਯੋਗੀਆਂ ਲਈ ਹੂਕ, ਵਿਦਵਾਨਾਂ ਲਈ ਵਿਦਿਅਕ ਫੁੱਲ ਤੇ ਭਗਤਾਂ ਵਾਸਤੇ ਭਗਤੀ ਦਾ ਗੁਲਦਸਤਾ ਹੈ। ਇਸ ਬਾਰੇ ਕੁਝ ਲਿਖਣਾ ਸਾਧਾਰਨ ਵਿਅਕਤੀ ਦੀ ਸ਼ਕਤੀ ਤੋਂ ਬਾਹਰ ਹੈ। ਸਾਦਕਾਂ ਲਈ ਸਿਦਕ ਦਾ ਚਿੱਤਰ ਹੈ ਤੇ ਬੁੱਧੀਮਾਨਾਂ ਲਈ ਬੁੱਧੀ ਦੀ ਤਸਵੀਰ। ਇਸ ਅੰਕ ਵਿਚ ਗੁਰੂ ਅਰਜਨ ਦੇਵ ਜੀ ਦੇ ਵਿਚਾਰ, ਭਾਈ ਗੁਰਦਾਸ, ਫਰੀਦ, ਗੁਰੂ ਹਰੀ ਸਿੰਘ ਜੀ ਬਿਰਹਾ ਦੀਆਂ ਤਸਵੀਰਾਂ ਉਭਰ ਰਹੀਆਂ ਹਨ। ਮਾਈ ਮੀਰਾ ਤੇ ਸੂਰਦਾਸ ਦੇ ਵਲਵਲੇ ਸੁਣਾਈ ਦੇਂਦੇ ਹਨ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਨਾਮਧਾਰੀ ਨੌਜਵਾਨਾਂ ਵਿਚ ਇਕ ਨੌਜਵਾਨ ਲੇਖਕ ਦਾ ਵਾਧਾ ਹੋਇਆ ਹੈ। ਮੇਰੀ ਗੁਰਚਰਨਾਂ ਵਿਚ ਅਰਦਾਸ ਹੈ ਕਿ ਉਹ ਨੌਜਵਾਨਾਂ ਨੂੰ ਸ਼ਕਤੀ ਬਖਸ਼ਣ ਤਾਂ ਕਿ ਕੌਮ ਦੀ ਉਹ ਕਲਮ ਨਾਲ ਵਧ ਤੋਂ ਵਧ ਸੇਵਾ ਕਰ ਸਕਣ। ਬਹੁਤ ਬਹੁਤ ਵਧਾਈ !

**(ਮਾਸਟਰ) ਨਿਹਾਲ ਸਿੰਘ**
ਮੁਖ ਸੇਵਾਦਾਰ
ਆਲ ਇੰਡੀਆ ਨਾਮਧਾਰੀ ਦਰਬਾਰ ਦਿੱਲੀ।

ਆਪ ਜੀ ਦੀ ਜੀਵਨੀ ਬੜੀ ਦਿਲਚਸਪ ਲਗੀ ਹੈ। ਇਹ ਜਾਰੀ ਰਹਿਣੀ ਚਾਹੀਦੀ ਹੈ। ਆਪਣੀ ਵਾਰਤਾ ਵਿਚ ਪਾਠਕਾਂ ਲਈ ਕਾਫੀ ਕਸ਼ਿਸ਼ ਹੈ। ਲਿਖਣ ਸ਼ੈਲੀ ਵੀ ਬੜੀ ਪਿਆਰੀ ਹੈ। ਆਪ ਦੀ ਲੇਖਣੀ ਦੀ ਦਾਦ ਦੇਂਦਾ ਹਾਂ।

**ਪਿ ਾਰਾ ਸਿੰਘ ਦਾਤਾ**
੮੦/੧੪ ਬੀ ਮਾਲਵੀਆ ਨਗਰ ਨਵੀਂ ਦਿੱਲੀ

—×—

ਤੁਸੀਂ ਵਰਿਆਮ ਨੂੰ ਨਾਮਧਾਰੀ ਸੰਸਥਾ ਦਾ ਪਰਚਾ ਹੋਣ ਦੇ ਬਾਵਜਦ ਸਾਰਿਆਂ ਦਾ ਪਰਚਾ ਬਣਾ ਰਹੇ ਹੋ। ਇਹ ਤੁਹਾਡਾ ਕਮਾਲ ਹੈ। ਮੈਂ ਉਮਰ ਅਨੁਸਾਰ ਸਾਰਾ ਪੜ੍ਹਦਾ ਹਾਂ।......

**ਜਸਵੰਤ ਸਿੰਘ ਰਾਹੀ**
ਡੇਰਾ ਬਾਬਾ ਨਾਨਕ

—×—

ਸਤੰਬਰ ਅੰਕ ਨੂੰ ਬਹੁਤ ਸਲਾਹਿਆ ਗਿਆ ਹੈ। ਅਕਤੂਬਰ ਅੰਕ ਦੇ ਟਾਈਟਲ ਪੇਜ ਤੇ ਛਪਿਆ ਮੈਟਰ ਬਹੁਤ ਵਧੀਆ ਤੇ ਜਾਣਕਾਰੀ ਭਰਪੂਰ ਹੈ ਤੇ ਸਿਖਿਆ ਦਾਇਕ ਹੈ।

**ਗਿਆਨੀ ਅਜੀਤ ਸਿੰਘ ਵੈਦਰਾਜ**
ਗੁਰਮਤ ਸਾਹਿਤ ਲਾਇਬਰੇਰੀ ਮੁਹੱਲਾ ਪੰਡੋਰੀ
ਸੁਲਤਾਨਪੁਰ ਲੋਧੀ

—×—

ਮੈਂ ਬੜੇ ਚਿਰਾਂ ਬਾਅਦ 'ਵਰਿਆਮ' ਨੂੰ ਮਿਲਿਆ। ਕਾਫੀ ਮਚਿਓਰ ਹੋ ਗਿਆ ਏ। ਕਾਫੀ ਵਾਕਫੀ ਹੋ ਗਈ ਏ ਇਸਦੀ। ਮੇਰੀ ਸੱਧਰਾਂ ਭਰੀ ਕਾਮਨਾ ਹੈ ਕਿ ਅਕਾਲ-ਪੁਰਖ ਇਸ ਨੂੰ ਲੰਮੀ ਉਮਰ ਬਖਸ਼ੇ, ਜੁਆਨੀਆਂ ਮਾਣੇ ਤੇ ਸੁਲਝੇ ਦਿਲਦਾਰਾਂ ਨਾਲ ਇਸ ਦਾ ਵਾਸਤਾ ਪਵੇ ਤੇ ਰਵ੍ਹੇ। ਇਹ ਹੁਣ ਪਹਾੜੀਆਂ ਦੇ ਮੋੜ ਲੰਘ ਜ਼ਿੰਦਗੀ ਦੀ ਸਰਸਬਜ਼ ਵਾਦੀ ਵਿਚ ਦਾਖਲ ਹੋ ਰਿਹਾ ਹੈ। ਸਤੰਬਰ ਅੰਕ ਵਿਚ ਸੀਤਲ ਜੀ ਦਾ ਫਤਹਿ ਸਿੰਘ ਮਾਂਗਾ ਬਾਰੇ ਲੇਖ ਬਹੁਤ ਹੀ ਵਧੀਆ ਹੈ। ਉਹਨਾਂ ਦੀ ਦੀਵਾਨਗੀ ਪੇਸ਼ ਕਰਦਾ ਹੈ। ਗੁਰਬਚਨ ਸਿੰਘ ਭੁੱਲਰ ਤੇ ਕਵੀ ਜੀ ਦੀਆਂ ਯਾਦਾਂ, ਵਿਰਕ ਦੀ ਕਹਾਣੀ ਉਜਾੜ, ਤੀਸਰਾ ਹੰਗਾਮਾ-ਪੰਛੀ, ਤੇ ਖਿਲਰੇ ਪੱਤਰੇ-ਜਗਦੀਸ਼ ਜੀ ਕਮਾਲ ਹੈ ਪਿੰਡੀ ਤੋਂ ਪਿੰਡ ਨੂੰ।

**ਕੇਹਰ ਸਿੰਘ ਹਮਰਾਹੀ**
ਰਾਣੀਆਂ ਸਰਸਾ



Sri Satguru Jagjit Singh Ji eLibrary NamdhariElibrary@gmail.com

# Opening Shortly

**at**

## S. C. O. 4, Sector 20-D

## CHANDIGARH

# S. R. TRADERS

**Wholesale School Uniform Cloth Merchants**

*Best Wishes From :*

AMAR SONS—New Cloth Market, S.C.O. 847-848, Sector 22-A, Chandigarh
AMAN HANDLOOMS—S. C. O. 847-848, 22-A, Chandigarh
G. G. ENTERPRISES—S. C. O. 847-848, Sector 22-A, Chandigarh
YOUR CLOTH HOUSE —S. C. F. 1/6, Sector 20-C, Chandigarh
SALUJA MOTORS—Saluja Automobiles, Industrial Area, Chandigarh



Sri Satguru Jagjit Singh Ji eLibrary NamdhariElibrary@gmail.com

GRAMS : MATHARU P.O. Box 64 Ph. 32527
Mfg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.

Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ।
ਫੋਨ : 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
Makhan Singh Saggu
Narinder Singh Saggu

**TECHNO INDUSTRIES**
**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144 001.

Manufacturers of :
ALL KINDS OF WOODEN FURNITURE

**PARTAP**
**Furnishers & Packers**

Phone : 5441481
Showroom : B-204, Mansrover Garden,
NEW DELHI-110015.
Works : A-3, Sudershan Park,
NEW DELHI-15.



Sri Satguru Jagjit Singh Ji eLibrary NamdhariElibrary@gmail.com

GOLD MEDAL WINNER (1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼

ਡਾਲਟਨ ਗੰਜ (ਬਿਹਾਰ)

## Namdhari Brothers

**DALTON GANJ**
**(Bihar)**

Prop. :
S. AJIT SINGH NAMDHARI

*With best compliments from :*

# OsteR PARtNER

**CARDIGANS • PULLOVERS**

*Ante-date Knitters*

A quality product of
**UDEY Knitwears**
Manufacturers & Exporters
Street No.3, Jammu Colony, Nr. Preet Palace, Opp Atam Park, LUDHIANA-141 003
Phones: 405338, 36349, Fax: 26070 ATTN., 24349



Sri Satguru Jagjit Singh Ji eLibrary NamdhariElibrary@gmail.com

Wishing You

## *Health, Happiness*
## *&*
## *Prosperity*

# Saluja's

## SALUJA MOTORS

(MARUTI Authorised Service Station)

140 & 143, Industrial Area—II
**Ramdarbar, CHANDIGARH.**

Phone : 603832, 604754

## SALUJA AUTOMOBILES

(DCM TYOTA Dealers)

Workshop : C–43, Industrial Area,
**Phase—III, MOHALI (Punjab)**

Phone : 575231

H.O. : 140, Industrial Area,
Phase II, Chandigarh



Sri Satguru Jagjit Singh Ji eLibrary NamdhariElibrary@gmail.com

With Best Compliments From :

# narain's®

SUITINGS & SHIRTINGS

Wholesale Dealers :

**G. G.**

***Enterprises***

**GEE FAB**

Wholsale

DUPATTA & TURBAN

Dealer

**S C O 847-848, Sector 22-A,**

**CHANDIGARH**

Shop—24221
Resi.—573746



Sri Satguru Jagjit Singh Ji eLibrary NamdhariElibrary@gmail.com

*With best compliments from*

# YOUR
# CLOTH HOUSE

**Wholeseller & Retailor**

**Gents Wing :**
**S.C.F. 1, Sector 20-C, Chandigarh.**
Phone : 23363, 31199

**Ladies Wing :**
**S.C.O. 6, Sector 20-C, Chandigarh.**
Phone : 29849

**Rumal Sahib Wing :**
**Booth No. 36, Sector 34-C, Chandigarh.**

**Your Saree Centre :**
**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

**PROP. : DAYA SINGH BHUI**

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

**Specialists in : 'A' Class Decoration for Marriages Parties & Govt. Functions**

## Namdhari Tent House

**53, Hamidia Road Near Alpana Talkies, BHOPAL (M.P.)**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU IRON INDUSTRIES

ਸੱਗੂ ਆਇਰਨ ਇੰਡਸਟਰੀਜ਼

**Sugar Mill Spares, Paper & Beards Mill Spares, Textile Mill Spares, Distillery Spares & Solvent Plant Spares**
**All Type of Gear & Chain Sprockets & Industrial Chain**

**Partner : S. Puran Singh Saggu**
**Old Railway Road, JALANDHAR.**





Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM NOVEMBER-DECEMBER 1994
Ladowali Raod, Jalandhar-144001
Registered with the Registrar of News Papers for India No. 26453/75




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ






## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
" : 2510345
Resi. : 6845441

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਫੋਨ 222543—ਰਿਹਾਇਸ਼ 56289

Sri Satguru Jagjit Singh Ji eLibrary NamdhariElibrary@gmail.com